# ਯੋਜਨਾ

**ਸਾਲ 34 • ਅੰਕ 5 • ਮਈ 2017 • ਕੁੱਲ ਪੰਨੇ 56**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ , ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


| | | |
|---|---|---|
| • ਸੰਪਾਦਕੀ | - | 4 |
| • ਨਵੇਂ ਭਾਰਤ ਦੀ ਕਹਾਣੀ | - ਐੱਮ. ਵੈਂਕਈਆ ਨਾਇਡੂ | 5 |
| • ਸਵੱਛ ਭਾਰਤ ਮਿਸ਼ਨ : ਸਾਰਿਆਂ ਦਾ ਫਰਜ਼ | - ਪ੍ਰਮੇਸ਼ਵਰਨ ਅਈਅਰ | 9 |
| • ਖੇਤੀਬਾੜੀ ਵਿਕਾਸ ਵਿੱਚ ਖੇਤੀ-ਨਿਵੇਸ਼ ਦਾ ਅਹਿਮ ਯੋਗਦਾਨ | - ਵਸੰਤ ਪੀ. ਗਾਂਧੀ | 11 |
| • ਭਾਰਤ : ਮੰਦੇ ਵਿਸ਼ਵ ਆਰਥਿਕ ਹਾਲਾਤ ਵਿੱਚ ਆਸ ਦੀ ਕਿਰਨ | - ਡੀ ਐੱਸ ਮਲਿਕ | 19 |
| • ਸਵੱਛ ਅਤੇ ਪਾਰਦਰਸ਼ੀ ਆਰਥਿਕਤਾ ਵੱਲ | - ਐੱਮ ਵੀ ਭਾਨੂਮਤੀ<br>- ਰੋਹਿਤ ਦਿਓ ਝਾ | 22 |
| • ਡਿਜੀਟਲ ਇੰਡੀਆ ਪ੍ਰੋਗਰਾਮ | - ਓਮਕਾਰ ਰਾਏ | 27 |
| • ਜਨਤਕ ਵਿੱਤ ਵਿੱਚ ਡਿਜੀਟਲ ਨਵੀਨਤਾ | - ਲੇਖਾ ਚੱਕਰਵਰਤੀ<br>- ਸਮੀਕਸ਼ਾ ਅਗਰਵਾਲ | 30 |
| • ਮਜਬੂਤ ਵਿੱਤ ਪ੍ਰਬੰਧਨ ਲਈ 7 ਕਦਮ | - ਸ਼ਿਸ਼ਿਰ ਸਿਨਹਾ | 33 |
| • ਮੁਹਾਰਤ ਵਿਕਾਸ ਅਤੇ ਨੌਜਵਾਨਾਂ ਦਾ ਸ਼ਕਤੀਕਰਨ | - ਜਤਿੰਦਰ ਸਿੰਘ | 37 |
| • ਵਪਾਰ ਕਰਨ ਦੀ ਸੌਖ | - ਦਾਨਿਸ਼ ਏ. ਹਾਸ਼ਿਮ<br>- ਐਸ਼ਵਰਿਆ ਨਾਹਟਾ | 40 |
| • ਸਮਾਜਿਕ ਤਰੱਕੀ - ਆਰਥਿਕ ਵਾਧੇ ਤੋਂ ਅਗਾਂਹ ਵਧ ਕੇ ਵਿਕਾਸ | - ਨਤਾਸ਼ਾ ਝਾਅ ਭਾਸਕਰ | 48 |
| • ਕੀ ਤੁਸੀਂ ਜਾਣਦੇ ਹੋ? | - | 53 |
| • ਵਿਕਾਸ ਖਾਕਾ | | 54 |



***ਯੋਜਨਾ*** **ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓੜੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੰਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ - 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 - ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730.** ***ਯੋਜਨਾ*** **ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਭਾਰਤ ਦੀ ਤਰੱਕੀ ਦੀ ਕਹਾਣੀ

ਵੱਖ-ਵੱਖ ਭਾਰਤੀ ਕਿਤਾਬਾਂ ਵਿੱਚ ਚੰਗੇ ਪ੍ਰਸ਼ਾਸਨ ਦੇ ਮਿਆਰਾਂ ਨੂੰ ਦਰਸਾਇਆ ਗਿਆ ਹੈ, ਭਾਵੇਂ ਇਹ ਵੈਦਿਕ ਸਮੇਂ ਦੀਆਂ ਕਿਤਾਬਾਂ ਹੋਣ ਜਾਂ ਕੌਟਿਲਯ ਅਰਥਸ਼ਾਸਤਰ ਦੀਆਂ ਕਿਤਾਬਾਂ ਹੋਣ। ਸਾਡੀਆਂ ਪੁਰਾਤਨ ਕਿਤਾਬਾਂ ਵਿੱਚ ਹਮੇਸ਼ਾ ਸਰਕਾਰ ਵਲੋਂ ਦੇਸ਼ ਦੇ ਵਿਕਾਸ ਲਈ ਚੁੱਕੇ ਜਾਣ ਵਾਲੇ ਭਲਾਈ ਕਦਮਾਂ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ ਗਿਆ ਹੈ। ਪਿਛਲੇ ਸਾਲਾਂ ਵਿੱਚ ਭਾਰਤ ਦੀ ਤਰੱਕੀ ਦੀ ਕਹਾਣੀ ਵੱਖ-ਵੱਖ ਖੇਤਰਾਂ ਵਿੱਚ ਇਸ ਦੀਆਂ ਪ੍ਰਾਪਤੀਆਂ ਨੂੰ ਬਿਆਨ ਕਰਦੀ ਹੈ, ਭਾਵੇਂ ਉਹ ਮਾਲੀ ਮਜ਼ਬੂਤੀ ਦਾ ਖੇਤਰ ਹੋਵੇ ਜਾਂ ਵਿੱਤੀ ਸ਼ਮੂਲੀਅਤ ਦਾ, ਢਾਂਚੇ ਦਾ ਖੇਤਰ ਹੋਵੇ, ਖੇਤੀ ਦਾ ਖੇਤਰ ਹੋਵੇ ਆਦਿ। ਸਰਕਾਰ ਦੇ ਸਰਬਪੱਖੀ ਵਿਕਾਸ ਉਤੇ ਜ਼ੋਰ ਨੇ ਵਿਕਾਸ ਦੇ ਹਰ ਪਹਿਲੂ ਨੂੰ ਸਾਹਮਣੇ ਲਿਆਂਦਾ ਹੈ। ਮਜ਼ਬੂਤ ਆਰਥਿਕ ਨੀਤੀਆਂ ਅਤੇ ਵਿੱਤੀ ਮਜ਼ਬੂਤੀ ਵਰਗੇ ਕਦਮਾਂ, ਜਿਵੇਂ ਕਿ ਜੀ ਐੱਸ ਟੀ ਨੇ ਇਹ ਯਕੀਨੀ ਬਣਾਇਆ ਹੈ ਕਿ ਆਰਥਿਕ ਸਥਿਤੀ ਪ੍ਰਗਤੀ ਵੱਲ ਵਧੇ। 'ਇਕ ਟੈਕਸ, ਇਕ ਦੇਸ਼' ਦੇ ਸਿਧਾਂਤ ਨੇ ਜ਼ੋਰ ਫੜਿਆ ਹੈ ਤਾਂ ਕਿ ਟੈਕਸ ਢਾਂਚਾ ਸੁਖਾਲਾ ਬਣੇ, ਵਸਤਾਂ ਅਤੇ ਸੇਵਾਵਾਂ ਦੀ ਇਕ ਦੇਸ਼ ਪੱਧਰੀ ਮਾਰਕੀਟ ਹੋਂਦ ਵਿੱਚ ਆਵੇ ਅਤੇ ਨਿਰਮਾਣ ਵਧੇਰੇ ਮੁਕਾਬਲੇਬਾਜ਼ੀ ਵਾਲਾ ਹੋਵੇ।

ਨੋਟਬੰਦੀ ਦੀ ਇਕ ਜ਼ਬਰਦਸਤ ਮੁਹਿੰਮ ਅਤੇ ਹੋਰ ਭ੍ਰਿਸ਼ਟਾਚਾਰ ਵਿਰੋਧੀ ਕਦਮਾਂ, ਜਿਵੇਂ ਕਿ ਆਮਦਨ ਐਲਾਨਣ ਦੀ ਸਕੀਮ, ਐੱਸ ਆਈ ਟੀ ਦੀ ਸਥਾਪਨਾ ਆਦਿ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੇ ਖਾਤਮੇ ਵੱਲ ਵੱਡੇ ਕਦਮ ਹਨ। ਇਨ੍ਹਾਂ ਦਾ ਉਦੇਸ਼ ਆਰਥਿਕਤਾ ਨੂੰ ਕਾਲੇ ਧਨ ਅਤੇ ਭ੍ਰਿਸ਼ਟਾਚਾਰ ਦੇ ਸਰਾਪ ਤੋਂ ਮੁਕਤ ਕਰਨਾ ਸੀ ਅਤੇ ਇਸ ਤਰ੍ਹਾਂ ਵਿਸ਼ੇ ਵਿੱਚ ਵਾਧਾ ਕਰਨਾ ਅਤੇ ਆਰਥਿਕਤਾ ਨੂੰ ਮੁੜ ਲੀਹ ਉਤੇ ਲਿਆਉਣਾ ਸੀ। ਨੋਟਬੰਦੀ ਦਾ ਉਦੇਸ਼ ਡਿਜੀਟਲ ਭੁਗਤਾਨ ਸਿਸਟਮ ਅਤੇ ਈਕੋ-ਪ੍ਰਣਾਲੀ ਨੂੰ ਉਤਸ਼ਾਹਿਤ ਕਰਨਾ ਅਤੇ ਨਕਦੀ ਰਹਿਤ ਆਰਥਿਕਤਾ ਤਿਆਰ ਕਰਨਾ ਅਤੇ ਵਿੱਤੀ ਲੈਣ-ਦੇਣ ਵਿੱਚ ਪਾਰਦਰਸ਼ਤਾ ਲਿਆਉਣਾ ਸੀ। ਡਿਜੀਟਲ ਭੁਗਤਾਨ ਦੇ ਵੱਖ-ਵੱਖ ਢੰਗਾਂ, ਜਿਵੇਂ ਕਿ ਭੀਮ ਐਪ, ਰੁਪਏ ਡੈਬਿਟ ਕਾਰਡਾਂ ਦੀ ਸ਼ੁਰੂਆਤ ਕੀਤੀ ਗਈ ਤਾਂ ਕਿ ਲੋਕਾਂ ਨੂੰ ਘੱਟ ਨਕਦੀ ਦੀ ਆਰਥਿਕਤਾ ਵੱਲ ਪ੍ਰੇਰਿਤ ਕੀਤਾ ਜਾ ਸਕੇ।

ਸਾਰੇ ਪਰਿਵਾਰਾਂ ਦੀ ਭਲਾਈ ਨੂੰ ਸਭ ਤੋਂ ਵੱਧ ਪਹਿਲ ਦੇਣਾ, ਸਾਰੇ ਸ਼ਹਿਰੀਆਂ ਦੀਆਂ ਘੱਟੋ-ਘੱਟ ਲੋੜਾਂ ਨੂੰ ਪੂਰਾ ਕਰਨਾ ਕਿਸੇ ਵੀ ਲਾਗੂ ਹੋਣ ਵਾਲੀ ਨੀਤੀ ਦਾ ਅਧਾਰ ਹੋਣਾ ਚਾਹੀਦਾ ਹੈ। ਵਿੱਤੀ ਸ਼ਮੂਲੀਅਤ ਵਾਲੇ ਕਦਮਾਂ ਵਿੱਚ ਜਨ ਧਨ ਯੋਜਨਾ, ਸਿੱਧੀ ਤਬਾਦਲਾ ਸਕੀਮ, ਉੱਜਵਲਾ, ਪਹਿਲ ਆਦਿ ਸ਼ਾਮਲ ਹਨ। ਇਨ੍ਹਾਂ ਨੇ ਵਿਕਾਸ ਦੇ ਲਾਭ ਆਖਰੀ ਕਦਮ ਤੱਕ ਪਹੁੰਚਾਏ ਹਨ।

'ਮੇਕ ਇਨ ਇੰਡੀਆ' ਪ੍ਰੋਗਰਾਮ ਅਧੀਨ ਭਾਰਤ ਨੂੰ ਨਿਰਮਾਣ ਦਾ ਧੁਰਾ ਬਣਾਉਣ ਲਈ ਕਈ ਕਦਮ ਚੁੱਕੇ ਗਏ ਅਤੇ ਇਨ੍ਹਾਂ ਦਾ ਉਦੇਸ਼ ਭਾਰਤ ਦੀ ਵਿਸ਼ਾਲ ਆਬਾਦੀ ਨੂੰ ਤਾਕਤ ਪ੍ਰਦਾਨ ਕਰਨਾ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਸੀ। ਇਸ ਸੁਪਨੇ ਦੀ ਪੂਰਤੀ ਲਈ ਸਰਕਾਰ ਨੇ ਕੌਸ਼ਲ ਭਾਰਤ, ਕੁਸ਼ਲ ਭਾਰਤ ਦਾ ਨਾਅਰਾ ਦਿੱਤਾ। ਸਟਾਰਟ ਅੱਪ ਇੰਡੀਆ ਪ੍ਰੋਗਰਾਮ ਅਤੇ ਸਟੈਂਡ ਅੱਪ ਇੰਡੀਆ ਪ੍ਰੋਗਰਾਮ ਨੇ ਭਾਰਤੀ ਨੌਜਵਾਨਾਂ ਨੂੰ ਭਾਰਤ ਵਿੱਚ ਰਹਿ ਕੇ ਵੀ ਵੱਡੇ ਹੋਣ ਉਤੇ ਉਤਸ਼ਾਹਿਤ ਕੀਤਾ ਹੈ। ਡਿਜੀਟਲ ਪ੍ਰਬੰਧਨ ਅਤੇ ਵਪਾਰ ਨੂੰ ਸੁਖਾਲਾ ਬਣਾਉਣ ਦੀਆਂ ਸਰਕਾਰ ਦੀਆਂ ਨੀਤੀਆਂ ਨੇ ਭਾਰਤ ਵਿੱਚ ਨਿਵੇਸ਼ ਯਕੀਨੀ ਬਣਾਇਆ ਹੈ।

ਸਰਕਾਰ ਦੇ ਇਕ ਹੋਰ ਵੱਡੇ ਪ੍ਰੋਗਰਾਮ ਸਵੱਛ ਭਾਰਤ ਮਿਸ਼ਨ ਨੇ ਵਿਰੋਧੀ ਧਿਰ ਤੋਂ ਵੀ ਭਾਰੀ ਪ੍ਰਸ਼ੰਸਾ ਹਾਸਲ ਕੀਤੀ ਹੈ। ਸਵੱਛ ਭਾਰਤ ਅਭਿਆਨ ਨੇ ਲੋਕਾਂ ਨੂੰ ਸਫਾਈ ਵੱਲ ਅਤੇ ਚੰਗੀਆਂ ਪਖਾਨਾ ਆਦਤਾਂ, ਖ਼ਾਸ ਤੌਰ ਤੇ ਦਿਹਾਤੀ ਖੇਤਰ ਵਿੱਚ, ਲਈ ਪ੍ਰੇਰਿਆ ਹੈ।

ਕਿਸਾਨਾਂ ਦੀ ਭਲਾਈ, ਖੇਤੀ ਅਤੇ ਦਿਹਾਤੀ ਵਿਕਾਸ ਪ੍ਰਾਥਮਿਕਤਾਵਾਂ ਦੀ ਸੂਚੀ ਵਿੱਚ ਸਭ ਤੋਂ ਉਪਰ ਹਨ। ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਕ੍ਰਿਸ਼ੀ ਸਿੰਜਾਈ ਯੋਜਨਾ ਨੇ ਕਿਸਾਨਾਂ ਦੇ ਜੀਵਨ ਪੱਧਰ ਵਿੱਚ ਤਬਦੀਲੀ ਲਿਆਉਣ ਵਿੱਚ ਮਦਦ ਕੀਤੀ ਹੈ। ਸੁਕੰਨਿਆ ਸਮ੍ਰਿਧੀ ਅਤੇ ਬੇਟੀ ਬਚਾਓ, ਬੇਟੀ ਪੜ੍ਹਾਓ ਦੇ ਬਹੁਤ ਹੀ ਨਾਜ਼ੁਕ ਪ੍ਰੋਗਰਾਮ ਲੜਕੀਆਂ ਦੀ ਭਲਾਈ ਲਈ ਹਨ, ਜੋ ਕਿ ਇਸ ਵੇਲੇ ਵਿਕਾਸ ਦੇ ਸਿਰੇ ਉਤੇ ਹਨ। ਸਮਾਜਿਕ ਸੁਰੱਖਿਆ ਸਕੀਮਾਂ, ਜਿਵੇਂ ਕਿ ਅਟੱਲ ਪੈਨਸ਼ਨ ਯੋਜਨਾ ਅਤੇ ਜੀਵਨ ਜਯੋਤੀ ਯੋਜਨਾ ਨੇ ਬਜ਼ੁਰਗਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਿੱਚ ਮਦਦ ਕੀਤੀ ਹੈ।

ਸਾਰੇ ਬਜਟਾਂ ਵਿੱਚ ਢਾਂਚੇ ਲਈ ਬੇਮਿਸਾਲ ਪ੍ਰਬੰਧ ਕੀਤੇ ਗਏ ਹਨ ਤਾਂ ਕਿ ਇਕ ਵਿਸ਼ਵ ਪੱਧਰ ਦਾ ਢਾਂਚਾ ਯਕੀਨੀ ਬਣ ਸਕੇ ਅਤੇ ਭਾਰਤ ਨੂੰ ਨਿਰਮਾਣ ਦਾ ਵਿਸ਼ਵ ਪੱਧਰੀ ਧੁਰਾ ਬਣਾਇਆ ਜਾ ਸਕੇ। ਸਮਾਰਟ ਸਿਟੀਜ਼ ਪ੍ਰਾਜੈਕਟ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਇਹ ਸਭ ਢਾਂਚਾ ਖੇਤਰ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨਗੀਆਂ।

ਵਿਸ਼ਵ ਇਸ ਵੇਲੇ ਪ੍ਰਸ਼ੰਸਾ ਦੀ ਨਜ਼ਰ ਨਾਲ ਭਾਰਤ ਵੱਲ ਵੇਖ ਰਿਹਾ ਹੈ। ਬਿਨਾਂ ਸ਼ੱਕ ਸਾਡਾ ਫਲਸਫਾ, ਸਾਹਿਤ ਅਤੇ ਕਲਾ ਦੀ ਪਹਿਲਾਂ ਵੀ ਪ੍ਰਸ਼ੰਸਾ ਹੁੰਦੀ ਰਹੀ ਹੈ। ਪਰ ਹੁਣ ਭਾਰਤ ਦੀ ਪ੍ਰਸ਼ੰਸਾ ਨਿਪੁੰਨ ਬੈਂਕ ਕਲਾ, ਨਿਵੇਸ਼ ਦੇ ਮੌਕਿਆਂ, ਅੰਤਰਰਾਸ਼ਟਰੀ ਸੰਬੰਧਾਂ, ਸ਼ਾਂਤੀ ਕਾਇਮ ਕਰਨ ਵਾਲੀਆਂ ਨੀਤੀਆਂ ਅਤੇ ਇਸ ਦੀਆਂ ਆਮ ਨੀਤੀਆਂ ਵੱਡੇ ਪੱਧਰ ਉੱਤੇ ਪ੍ਰਵਾਨ ਹੋਣ ਕਾਰਨ ਹੋ ਰਹੀ ਹੈ। ਕਿਸੇ ਵੇਲੇ 'ਸਪੇਰਿਆਂ ਦੀ ਧਰਤੀ' ਕਹਾਉਣ ਵਾਲਾ ਭਾਰਤ ਅੱਜ ਚੀਨ ਅਤੇ ਅਮਰੀਕਾ ਤੋਂ ਬਾਅਦ ਦੁਨੀਆਂ ਦੀ ਤੀਜੀ ਵੱਡੀ ਆਰਥਿਕਤਾ ਬਣ ਚੁੱਕਾ ਹੈ। ਭਾਰਤ ਦੀ ਤਰੱਕੀ ਦੀ ਕਹਾਣੀ ਅਗਾਂਹ ਵੀ ਵਧ ਰਹੀ ਹੈ।

# ਨਵੇਂ ਭਾਰਤ ਦੀ ਕਹਾਣੀ

✍ ਐੱਮ. ਵੈਂਕਈਆ ਨਾਇਡੂ

ਵਿਸ਼ਵ ਦੇ ਭੂਗੋਲਿਕ ਰਾਜਨੀਤਕ ਆਰਥਿਕ ਧਰਾਤਲ ਉਤੇ ਭਾਰਤ ਆਪਣੇ ਵਿਕਾਸ ਦੀ ਕਹਾਣੀ ਨੂੰ ਮੁੜ ਤੋਂ ਲਿਖ ਰਿਹਾ ਹੈ, ਸ਼ਾਸਨ ਦੇ ਖੇਤਰ ਵਿੱਚ ਨਵੇਂ ਰਾਹਾਂ ਦੀ ਪੈੜ ਪਾ ਰਿਹਾ ਹੈ ਅਤੇ ਇਕ ਨਵੇਂ ਭਾਰਤ ਦੇ ਜਨਮ ਲਈ ਪੁਰਾਣੀਆਂ ਧਾਰਨਾਵਾਂ ਅਤੇ ਮਾਨਤਾਵਾਂ ਨੂੰ ਖਤਮ ਕਰ ਰਿਹਾ ਹੈ ਜਿਸ ਨੂੰ ਬਹੁਤ ਸਾਰੇ ਦੇਸ਼ਾਂ ਵਲੋਂ ਰੰਗੀਨ ਸ਼ੀਸ਼ਿਆਂ ਵਿੱਚੋਂ ਵੇਖਿਆ ਜਾਂਦਾ ਹੈ।

## ਨਵਾਂ ਭਾਰਤ

ਦੁਨੀਆਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਅੱਜ ਅਮਰੀਕਾ ਅਤੇ ਚੀਨ ਤੋਂ ਬਾਅਦ ਭਾਰਤ ਤੀਜਾ ਸਭ ਤੋਂ ਵੱਡਾ ਅਰਥਚਾਰਾ ਹੈ ਜਿਥੇ ਵਸਤਾਂ ਅਤੇ ਸੇਵਾਵਾਂ ਲਈ ਤੇਜ਼ੀ ਨਾਲ ਵਿਕਸਤ ਹੋ ਰਿਹਾ ਵਿਸ਼ਾਲ ਬਾਜ਼ਾਰ ਹੈ। ਭਾਰਤ ਦਾ ਬਦਲ ਰਿਹਾ ਮੁਹਾਂਦਰਾ, ਜੋ ਯਥਾ ਸਥਿਤੀ ਨੂੰ ਲਗਾਤਾਰ ਵੰਗਾਰ ਰਿਹਾ ਹੈ, ਇਸ ਦੀ ਅਗਵਾਈ ਕਰਨ ਵਾਲਿਆਂ ਵਲੋਂ, ਪਿਛਲੇ ਤਿੰਨ ਸਾਲਾਂ ਵਿੱਚ ਵੱਖ-ਵੱਖ ਖੇਤਰਾਂ ਅੰਦਰ ਅੱਗੇ ਹੋ ਕੇ ਅਗਵਾਈ ਕਰਨ ਦੀਆਂ ਉਦਾਹਰਣਾਂ ਨਾਲ ਡਲਕਾਂ ਮਾਰ ਰਿਹਾ ਹੈ। ਸਰਕਾਰ ਵਲੋਂ ਕੀਤੀਆਂ ਪਹਿਲਕਦਮੀਆਂ ਨੇ ਲੋਕਾਂ ਦੀ ਸੋਚ ਅਤੇ ਵਿਵਹਾਰ ਨੂੰ ਬਦਲ ਕੇ ਰੱਖ ਦਿੱਤਾ ਹੈ। ਵੇਲਾ ਆ ਗਿਆ ਹੈ ਕਿ ਭਾਰਤ ਦੀਆਂ ਦਕੀਆਨੂਸੀ ਪ੍ਰਤਿਨਿਧਤਾਵਾਂ ਨੂੰ ਤਿਲਾਂਜਲੀ ਦੇ ਕੇ 'ਨਵੇਂ ਭਾਰਤ' ਦੀ ਕਹਾਣੀ ਲਿਖੀ ਜਾਵੇ ਜੋ ਪੁਨਰ ਉਸਾਰੀ, ਲਚਕੀਲੀ ਅਤੇ ਚਮਕਦਾਰ ਹੈ ਜਿਸ ਨੂੰ ਸੰਕਟ ਅਤੇ ਵਿਸ਼ਵ ਖ਼ਤਰਿਆਂ ਦੇ ਮੱਦੇਨਜ਼ਰ ਅਪਣਾਉਣ ਦੀ ਲੋੜ ਹੈ। ਆਪਣੀ ਗੱਲ ਹਾਲ ਹੀ ਵਿੱਚ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦੇ ਐਲਾਨ ਨਾਲ ਸ਼ੁਰੂ ਕਰਦੇ ਹਾਂ ਜੋ ਕਾਲਾ ਧਨ, ਨਕਲੀ ਮੁਦਰਾ ਅਤੇ ਭ੍ਰਿਸ਼ਟਾਚਾਰ ਦੀ ਤਿੰਨ ਦਿਸ਼ਾਵੀ ਬੁਰਾਈ ਉਤੇ ਕਾਬੂ ਪਾਉਣ ਲਈ ਸਭ ਤੋਂ ਅਹਿਮ ਕਦਮਾਂ ਵਿੱਚੋਂ ਇਕ ਸੀ। ਇਸ ਨੇ ਸਰਕਾਰ ਦੇ ਕਾਰਜਕਾਲ ਦੇ ਪਹਿਲੇ ਢਾਈ ਸਾਲਾਂ ਵਿੱਚ ਇਸ ਪਾਸੇ ਕੀਤੀਆਂ ਪਹਿਲਕਦਮੀਆਂ ਨੂੰ ਇਕ ਤਰਕਸੰਗਤ ਸੰਪੂਰਨਤਾ ਪ੍ਰਦਾਨ ਕੀਤੀ ਜਿਸ ਵਿੱਚ ਸਵਿੱਸ ਬੈਂਕ ਅਧਿਕਾਰੀਆਂ ਨਾਲ ਡੂੰਘੀ ਭਾਈਵਾਲੀ, ਟੈਕਸ ਚੋਰੀ ਅਤੇ ਆਮਦਨ ਐਲਾਨ ਸਕੀਮ ਜਿਹੇ ਵਿਅਕਤੀ ਮਾਮਲਿਆਂ ਦੀ ਜਾਂਚ ਕਰਨ ਲਈ ਵਿਸ਼ੇਸ਼ ਜਾਂਚ ਦਲ (ਐੱਸ ਆਈ ਟੀ) ਦਾ ਗਠਨ ਕਰਨਾ ਸ਼ਾਮਲ ਹੈ ਜਿਸ ਕਰਕੇ 65,000 ਕਰੋੜ ਰੁਪਏ ਦਾ ਕਰ ਮਾਲੀਆ ਇਕੱਤਰ ਹੋ ਸਕਿਆ।

**ਆਰਥਿਕਤਾ ਵਿੱਚੋਂ ਜ਼ਹਿਰੀਲੇ ਕਾਲੇ ਧਨ ਨੂੰ ਬਾਹਰ ਕੱਢਣ ਦੇ ਕਦਮ ਨਾਲ ਨਾ ਕੇਵਲ ਕੁਸ਼ਲਤਾ ਵਿੱਚ ਵਾਧਾ ਹੋਵੇਗਾ ਅਤੇ ਭ੍ਰਿਸ਼ਟਾਚਾਰ ਵਿੱਚ ਕਮੀ ਆਵੇਗੀ ਸਗੋਂ ਸਰਕਾਰ ਅਤੇ ਕੇਂਦਰੀ ਬੈਂਕ ਨੂੰ ਕਰ ਦਰਾਂ ਅਤੇ ਵਿਆਜ ਦਰਾਂ ਵਿੱਚ ਕਟੌਤੀ ਕਰਨ ਦੀ ਵੀ ਗੁੰਜਾਇਸ਼ ਮਿਲਦੀ ਹੈ ਜੋ ਨਿਵੇਸ਼ ਨੂੰ ਹੁਲਾਰਾ ਦਿੰਦਾ ਹੈ ਅਤੇ ਵਿੱਤੀ ਘਾਟੇ ਅਤੇ ਵਿਕਾਸ ਦੇ ਟੀਚੇ ਹਾਸਲ ਕਰਨ ਲਈ ਗੱਡੀ ਨੂੰ ਲੀਹ ਉਤੇ ਲਿਆਉਂਦਾ ਹੈ। ਇਹ ਪੁਨਰ ਉਸਾਰੀ ਵਾਲੇ ਭਾਰਤ ਦੀ ਗਾਥਾ ਹੈ।**

ਨੋਟਬੰਦੀ ਤੋਂ ਬਾਅਦ ਭਾਰਤ ਦੀ ਡਿਜੀਟਲ ਅਗਵਾਈ ਸਪੱਸ਼ਟ ਨਜ਼ਰ ਆ ਰਹੀ ਸੀ ਜਦੋਂ ਡਿਜੀਟਲ ਭੁਗਤਾਨ ਦੇ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਨੂੰ ਭਰਪੂਰ ਹੁਲਾਰਾ ਪ੍ਰਾਪਤ ਹੋਇਆ। ਉਦੇਸ਼ ਨਕਦ-ਰਹਿਤ ਲੈਣ ਦੇਣ ਨੂੰ ਉੱਤਸ਼ਾਹਿਤ ਕਰਨ ਅਤੇ ਭਾਰਤ ਨੂੰ ਨਕਦ ਰਹਿਤ ਸਮਾਜ ਵਿੱਚ ਬਦਲਣ ਲਈ ਵਿਵਹਾਰਕ ਤਬਦੀਲੀ ਦਾ ਸੰਚਾਰ ਕਰਨਾ ਸੀ ਜਿਸ ਨਾਲ ਪਾਰਦਰਸ਼ਤਾ ਅਤੇ ਜਵਾਬਦੇਹੀ ਵਿੱਚ ਵਾਧਾ ਹੋਵੇਗਾ। ਬਹੁਤ ਖ਼ੁਸ਼ੀ ਵਾਲੀ ਗੱਲ ਹੈ ਕਿ ਜਾਰੀ ਹੋਣ ਦੇ ਦੋ ਮਹੀਨਿਆਂ ਦੇ ਅੰਦਰ ਹੀ 1.5 ਕਰੋੜ ਲੋਕਾਂ ਵਲੋਂ 'ਭੀਮ (ਬੀ ਐੱਚ ਆਈ ਐੱਮ) ਐਪ' ਨੂੰ ਅਪਨਾਇਆ ਗਿਆ। ਡਿਜੀਟਲ ਲੈਣ-ਦੇਣ ਦੀ ਸਹੂਲਤ ਲਈ ਸਰਕਾਰ ਵਲੋਂ 30 ਕਰੋੜ ਰੁਪਏ ਡੈਬਿਟ ਕਾਰਡ ਜਾਰੀ ਕੀਤੇ ਗਏ ਹਨ। ਇਸ ਵਿੱਚ ਜਨ ਧਨ ਖਾਤਾ ਧਾਰਕਾਂ ਨੂੰ ਜਾਰੀ ਕੀਤੇ ਡੈਬਿਟ ਕਾਰਡ ਵੀ ਸ਼ਾਮਲ ਹਨ। ਲੱਕੀ ਗਾਹਕ ਯੋਜਨਾ ਤਹਿਤ 12.5 ਲੱਖ ਵਿਅਕਤੀਆਂ ਅਤੇ 70,000 ਵਪਾਰੀਆਂ ਵਲੋਂ ਡਿਜੀਧਨ ਵਪਾਰ ਯੋਜਨਾ ਤਹਿਤ ਇਨਾਮ ਪ੍ਰਾਪਤ ਕੀਤੇ ਗਏ ਹਨ। ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਨੇ ਟੈਕਸ ਚੋਰੀ ਕਰਨ ਵਾਲਿਆਂ ਨੂੰ ਆਖਰੀ ਮੌਕਾ ਪ੍ਰਦਾਨ ਕੀਤਾ। ਇਹ ਪੈਸਾ ਗਰੀਬਾਂ ਦੇ ਕਲਿਆਣ ਲਈ ਵਰਤਿਆ ਜਾਵੇਗਾ। ਨੋਟਬੰਦੀ ਸਾਨੂੰ ਡਿਜੀਟਲ ਇਨਕਲਾਬ ਦਾ ਲਾਹਾ ਲੈਣ ਦਾ ਇਕ ਵਿਲੱਖਣ ਮੌਕਾ ਪ੍ਰਦਾਨ ਕਰਦੀ ਹੈ ਜੋ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਉਤੇ ਕਰਾਰੀ ਚੋਟ ਕਰੇਗੀ। ਆਨਲਾਈਨ ਚੈਨਲਾਂ ਰਾਹੀ ਭੁਗਤਾਨ ਨਕਦੀ ਦੀ ਲੋੜ ਨੂੰ ਕਾਫੀ ਹੱਦ ਤੱਕ ਘੱਟ ਕਰ ਦਿੰਦਾ ਹੈ ਅਤੇ ਵਿੱਤੀ ਲੈਣ-ਦੇਣ ਵਿੱਚ ਪਾਰਦਰਸ਼ਤਾ ਲਿਆਉਂਦਾ ਹੈ। ਇਹ ਉਨ੍ਹਾਂ ਲੋਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਜੋ ਭੁਗਤਾਨ ਵਾਸਤੇ ਡਿਜੀਟਲ ਚੈਨਲਾਂ ਦੀ ਵਰਤੋਂ ਤੋਂ ਭਲੀਭਾਂਤ ਜਾਣੂੰ ਹਨ ਕਿ ਉਹ ਨਵਿਆਂ ਨੂੰ ਇਹ ਤਕਨੀਕ ਸਿਖਾਉਣ, ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ, ਭ੍ਰਿਸ਼ਟਾਚਾਰ ਤੇ ਕਾਲੇ ਧਨ ਨੂੰ ਖਤਮ ਕਰਨ ਦੀ ਲੜਾਈ ਸਮੂਹਿਕ ਅਤੇ ਸਮਾਜ ਦੀ ਹੋਣੀ ਚਾਹੀਦੀ ਹੈ। ਇਹ ਡਿਜੀਟਲ ਇੰਡੀਆ ਦੀ ਕਹਾਣੀ ਹੈ।

ਪੀ ਐੱਮ ਜੇ ਡੀ ਵਾਈ ਤਹਿਤ ਖਾਤਿਆਂ ਦੇ ਖੁੱਲ੍ਹਣ ਨਾਲ ਰਸੋਈ ਗੈਸ (ਐੱਲ ਪੀ ਜੀ) ਦੀ

ਸਬਸਿਡੀ, ਸਿੱਧੇ ਬੈਂਕ ਭੁਗਤਾਨ (ਡੀ ਬੀ ਟੀ) ਜਾਂ ਪਹਿਲ ਸਕੀਮ ਤਹਿਤ ਯੋਗ ਲਾਭਪਾਤਰੀਆਂ ਤੱਕ ਪਹੁੰਚਾਈ ਜਾਣੀ ਸੰਭਵ ਹੋ ਸਕੀ ਹੈ। ਇਹ ਸੁਧਾਰ ਦੀ ਪਹਿਲਕਦਮੀ ਹੈ ਜਿਸ ਦੇ ਗਰੀਬ ਪਰਿਵਾਰਾਂ ਨੂੰ ਲਾਭ ਤਬਦੀਲ ਕਰਨ ਦੇ ਮਾਮਲੇ ਵਿੱਚ ਦੁਨੀਆਂ ਦੇ ਸਭ ਤੋਂ ਬੇਹਤਰੀਨ ਪ੍ਰਥਾ ਵਜੋਂ ਉੱਭਰਨ ਦੀਆਂ ਕਾਫੀ ਸੰਭਾਵਨਾਵਾਂ ਹਨ। 160 ਮਿਲੀਅਨ ਤੋਂ ਵੱਧ ਪੰਜੀਕ੍ਰਿਤ ਲਾਭਪਾਤਰੀਆਂ ਨਾਲ, ਇਹ ਦੁਨੀਆਂ ਦਾ ਸਭ ਤੋਂ ਵੱਡਾ ਡੀ ਬੀ ਟੀ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਦਾ ਮੁੱਖ ਮੰਤਵ ਸਬਸਿਡੀ ਸੁਧਾਰ ਹੈ, ਜਿਸ ਦਾ ਮਤਲਬ ਸਬਸਿਡੀ ਨੂੰ ਖਤਮ ਕਰਨਾ ਨਹੀਂ ਸਗੋਂ ਉਨ੍ਹਾਂ ਨੂੰ ਪ੍ਰਭਾਵੀ ਤਰੀਕੇ ਨਾਲ ਅਮਲ ਵਿੱਚ ਲਿਆਉਣਾ ਹੈ ਤਾਂ ਕਿ ਉਹ ਸਿਰਫ ਇੱਛਤ ਲਾਭਪਾਤਰੀਆਂ ਤੱਕ ਪਹੁੰਚ ਜਾਣ। ਇਸ ਨਾਲ ਵਧੇਰੇ ਪਾਰਦਰਸ਼ਤਾ ਆਵੇਗੀ ਅਤੇ ਇਸ ਪੂਰੀ ਲੜੀ ਵਿੱਚ ਚੋਰੀ ਅਤੇ ਭ੍ਰਿਸ਼ਟਾਚਾਰ ਦਾ ਖਾਤਮਾ ਹੋ ਜਾਵੇਗਾ। ਇਸ ਸਕੀਮ ਦੇ ਅਰੰਭ ਹੋਣ ਤੋਂ ਲੈ ਕੇ ਹੁਣ ਤੱਕ ਸਰਕਾਰ ਦੇ ਰਸੋਈ ਗੈਸ ਸਬਸਿਡੀ ਉਤੇ 22,000 ਕਰੋੜ ਰੁਪਏ ਬਚ ਚੁੱਕੇ ਹਨ।

ਨੋਟਬੰਦੀ ਅਤੇ ਆਰਥਿਕ ਖੇਤਰ ਵਿੱਚ ਲਏ ਦੂਜੇ ਫੈਸਲੇ ਸਭਨਾਂ ਲਈ ਵਿੱਤੀ ਸ਼ਮੂਲੀਅਤ ਅਤੇ ਹਰੇਕ ਨਾਗਰਿਕ ਨੂੰ ਰਸਮੀ ਬੈਂਕਿੰਗ ਪ੍ਰਣਾਲੀ ਦੇ ਦਾਇਰੇ ਹੇਠ ਲਿਆਉਣ ਵਾਲੀ ਮੁਹਿੰਮ ਦੇ ਕਦਮ ਨਾਲ ਕਦਮ ਮਿਲਾ ਕੇ ਚੱਲੇ ਹਨ। ਪ੍ਰਧਾਨ ਮੰਤਰੀ ਜਨ ਧਨ ਯੋਜਨਾ ਤਹਿਤ ਹੁਣ ਤੱਕ ਲਗਭਗ 28.13 ਕਰੋੜ ਖਾਤੇ ਖੋਲ੍ਹੇ ਜਾ ਚੁੱਕੇ ਹਨ ਜੋ ਨਕਦ ਰਹਿਤ ਆਰਥਿਕਤਾ ਵੱਲ ਮੋੜਾ ਕੱਟਣ ਅਤੇ 'ਵਿੱਤੀ ਅਛੂਤਤਾ' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇਕ ਬਹੁਤ ਲੋੜੀਂਦਾ ਹੁਲਾਰਾ ਦੇਣਗੇ। ਇਸ ਸਕੀਮ ਤਹਿਤ ਪਿਛਲੇ ਦੋ ਸਾਲਾਂ ਵਿੱਚ ਜ਼ਿਆਦਾ ਖਾਤੇ ਖੋਲ੍ਹੇ ਗਏ ਹਨ। ਇਨੇ ਖਾਤੇ ਭਾਰਤ ਦੀ ਆਜ਼ਾਦੀ ਤੋਂ ਲੈ ਕੇ 2014 ਤੱਕ ਦੇ ਸਾਲਾਂ ਨੂੰ ਮਿਲਾਕੇ ਵੇਖੀਏ ਤਾਂ ਵੀ ਨਹੀਂ ਖੋਲ੍ਹੇ ਗਏ। ਇਹ ਸਮਾਵੇਸ਼ੀ ਭਾਰਤ ਦੀ ਕਹਾਣੀ ਹੈ।

ਪਹਿਲ ਸਕੀਮ ਦੇ ਦੂਸਰੇ ਪਾਸੇ 'ਗਿਵ ਇਟ ਅੱਪ' ਮੁਹਿੰਮ ਹੈ। ਇਸ ਸਕੀਮ ਤਹਿਤ ਉਨ੍ਹਾਂ ਰਸੋਈ ਗੈਸ ਗਾਹਕਾਂ ਨੂੰ ਸਵੈ-ਇੱਛਾ ਨਾਲ ਸਬਸਿਡੀ ਦਾ ਤਿਆਗ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਆਮਦਨ ਸਾਲਾਨਾ 10 ਲੱਖ ਰੁਪਏ ਤੋਂ ਜ਼ਿਆਦਾ ਹੈ। ਬਚਾਈ ਗਈ ਇਹ ਰਕਮ ਉਨ੍ਹਾਂ ਲੋਕਾਂ ਨੂੰ 65 ਲੱਖ ਨਵੇਂ ਰਸੋਈ ਗੈਸ ਕੁਨੈਕਸ਼ਨ ਦੇਣ ਲਈ ਵਰਤੀ ਗਈ ਜੋ ਖਾਣਾ ਬਣਾਉਣ ਲਈ ਹਾਲੇ ਵੀ ਲੱਕੜੀ ਜਾਂ ਮਿੱਟੀ ਦੇ ਤੇਲ ਵਾਲੇ ਸਟੋਵ ਦੀ ਵਰਤੋਂ ਕਰਦੇ ਸਨ। 1 ਕਰੋੜ ਤੋਂ ਵੱਧ ਵਰਤੋਂਕਾਰਾਂ ਵਲੋਂ ਸਵੈ-ਇੱਛਾ ਨਾਲ ਸਬਸਿਡੀ ਲਾਭ ਨੂੰ ਛੱਡ ਦਿੱਤਾ ਗਿਆ ਅਤੇ ਸਰਕਾਰ ਦੇ ਖ਼ਜ਼ਾਨੇ ਦੇ ਲਗਭਗ 500 ਕਰੋੜ ਰੁਪਏ ਬਚਾਏ ਗਏ। ਇਹ ਇਮਾਨਦਾਰ ਭਾਰਤ ਦੀ ਕਹਾਣੀ ਹੈ।

**ਮੇਕ ਇਨ ਇੰਡੀਆ ਸਕੀਮ ਸਰਕਾਰ ਦੀਆਂ ਮੋਹਰੀ ਸਕੀਮਾਂ ਵਿੱਚੋਂ ਇਕ ਹੈ ਜਿਸ ਦਾ ਨਿਸ਼ਾਨਾ ਭਾਰਤ ਨੂੰ ਵਿਸ਼ਵ ਨਿਰਮਾਣ ਦਾ ਕੇਂਦਰ ਬਣਾਉਣਾ ਅਤੇ ਬੇਹਤਰ ਬੁਨਿਆਦੀ ਢਾਂਚੇ, ਰੋਜ਼ਗਾਰ ਦੇ ਬੇਹਤਰ ਮੌਕੇ ਅਤੇ ਭਾਰਤ ਦੇ ਜਨਸੰਖਿਅਕ ਲਾਭਾਂਸ਼ ਦਾ ਪੂਰਾ ਲਾਹਾ ਲੈਣ ਦੇ ਮਾਮਲਿਆਂ ਵਿੱਚ ਆਰਥਿਕ ਲਾਭਾਂ ਤੋਂ ਫਾਇਦਾ ਚੁੱਕਣਾ ਹੈ। 2017 ਦੀ ਸ਼ੁਰੂਆਤ ਤੱਕ ਸ਼ੁੱਧ ਸਿੱਧਾ ਵਿਦੇਸ਼ੀ ਨਿਵੇਸ਼ 3.35 ਬਿਲੀਅਨ ਡਾਲਰ ਹੋ ਗਿਆ ਹੈ ਜੋ ਹੁਣ ਤੱਕ ਸਭ ਤੋਂ ਵੱਧ ਹੈ। ਇਸ ਨੇ ਚਾਲੂ ਖਾਤਾ ਘਾਟੇ ਦੀ ਜ਼ਿਆਦਾਤਰ ਪੂਰਤੀ ਕਰ ਦਿੱਤੀ ਹੈ। 'ਮੇਕ ਇਨ ਇੰਡੀਆ' ਮੁਹਿੰਮ ਸ਼ੁਰੂ ਹੋਣ ਤੋਂ ਲੈ ਕੇ ਸਿੱਧਾ ਵਿਦੇਸ਼ੀ ਨਿਵੇਸ਼ ਲਗਭਗ 46 ਪ੍ਰਤਿਸ਼ਤ ਵਧ ਗਿਆ ਹੈ। ਇਹ ਨਿਵੇਸ਼ਕ ਪੱਖੀ ਭਾਰਤ ਦੀ ਕਹਾਣੀ ਹੈ।**

ਇਤਿਹਾਸਕ ਜੀ ਐੱਸ ਟੀ ਕਾਨੂੰਨ ਦੇ ਪਾਸ ਹੋਣ ਨਾਲ ਕਰ ਨਿਜ਼ਾਮ ਸਰਲ ਹੋ ਜਾਵੇਗਾ ਅਤੇ ਵਸਤਾਂ ਤੇ ਸੇਵਾਵਾਂ ਦਾ ਇਕ ਦੇਸ਼ ਪੱਧਰੀ ਬਾਜ਼ਾਰ ਬਣ ਜਾਵੇਗਾ ਜੋ ਟੈਕਸ ਦੇ ਦਾਇਰੇ ਵਿੱਚ ਵਾਧਾ ਕਰੇਗਾ। ਇਸ ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਸਰਕਾਰ ਦਾ ਮਾਲੀਆ ਵਧੇਗਾ, ਮਾਲ ਅਸਬਾਬ, ਸੂਚੀ ਲਾਗਤਾਂ, ਟੈਕਸ ਚੋਰੀ ਘਟੇਗੀ ਅਤੇ ਨਿਰਮਾਣ ਕੀਤੀਆਂ ਵਸਤਾਂ ਸਸਤੀਆਂ ਹੋ ਜਾਣਗੀਆਂ। ਇਕ ਦੇਸ਼ ਇਕ ਟੈਕਸ ਦਾ ਸੁਪਨਾ ਹੁਣ ਸਾਕਾਰ ਹੈ। ਬੇਸ਼ੱਕ ਇਹ ਸਰਕਾਰ ਦੀ ਫੈਸਲਾ ਲੈਣ ਦੀ ਤਾਕਤ ਨੂੰ ਸਿੱਧ ਕਰਦਾ ਹੈ। ਨਿਰਮਾਣ ਹੋਰ ਮੁਕਾਬਲੇ ਵਾਲਾ ਹੋ ਜਾਵੇਗਾ ਕਿਉਂਕਿ ਜੀ ਐੱਸ ਟੀ ਟੈਕਸਾਂ ਦੇ ਵਾਧੇ, ਅੰਤਰਰਾਜੀ ਟੈਕਸ, ਮਾਲ ਅਸਬਾਬ ਦੀ ਉੱਚ ਲਾਗਤ ਅਤੇ ਖੰਡਿਤ ਬਾਜ਼ਾਰ ਦੇ ਮੁੱਦਿਆਂ ਦਾ ਹੱਲ ਕਰਦਾ ਹੈ। ਆਯਾਤ ਤੋਂ ਜ਼ਿਆਦਾ ਸੁਰੱਖਿਆ ਮਿਲੇਗੀ ਕਿਉਂਕਿ ਜੀ ਐੱਸ ਟੀ ਢੁੱਕਵਾਂ ਪ੍ਰਤਿਕਾਰੀ ਸ਼ੁਲਕ ਪ੍ਰਦਾਨ ਕਰਦਾ ਹੈ। ਇਹ ਬਦਲਾਅ ਵਾਲੇ ਭਾਰਤ ਦੀ ਕਹਾਣੀ ਹੈ।

ਜ਼ਿਆਦਾ ਕੁਸ਼ਲ ਆਰਥਿਕਤਾ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲਣ ਲਈ, ਡਿਜੀਟਲ ਇੰਡੀਆ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਤਾਂ ਕਿ ਡਿਜੀਟਲ ਬੁਨਿਆਦੀ ਢਾਂਚੇ ਵਿੱਚ ਵਾਧਾ ਕੀਤਾ ਜਾ ਸਕੇ ਅਤੇ ਡਿਜੀਟਲ ਸਾਖਰਤਾ ਨੂੰ ਪ੍ਰੋਤਸਾਹਨ ਦਿੱਤਾ ਜਾ ਸਕੇ। ਈ-ਸ਼ਾਸਨ ਆਉਣ ਨਾਲ ਕੁਸ਼ਲਤਾ ਅਤੇ ਪਾਰਦਰਸ਼ਤਾ ਯਕੀਨੀ ਬਣੇਗੀ ਜਦ ਕਿ ਪ੍ਰਕਿਰਿਆਤਮਕ ਮਸਲਿਆਂ ਉਤੇ ਜ਼ਾਇਆ ਹੁੰਦਾ ਕਾਫੀ ਸਮਾਂ ਬਚ ਜਾਵੇਗਾ। ਭਾਵੇਂ ਕਿ ਹਾਲੇ ਇਹ ਸ਼ੁਰੂਆਤੀ ਪੜਾਅ ਵਿੱਚ ਹੈ, ਬਹੁ-ਭਾਸ਼ਾਈ ਮੰਚਾਂ ਉਤੇ ਇਸ ਸਕੀਮ ਦਾ ਪਸਾਰ ਅਤੇ ਪੇਂਡੂ ਖੇਤਰਾਂ ਵਿੱਚ ਬੇਹਤਰ ਇੰਟਰਨੈੱਟ ਸੰਚਾਰ ਇਸ ਪਹਿਲਕਦਮੀ ਨੂੰ ਗਤੀ ਦੇਣ ਵਿੱਚ ਮਦਦਗਾਰ ਸਾਬਤ ਹੋ ਸਕਦੇ ਹਨ। ਸਰਕਾਰ ਢੁੱਕਵੇਂ ਬੁਨਿਆਦੀ ਢਾਂਚੇ ਦੇ ਮਹੱਤਵ ਨੂੰ ਸਮਝਦੀ ਹੈ। ਇਸੇ ਕਰਕੇ ਹੀ ਅਸੀਂ ਭਾਰਤ ਬ੍ਰਾਡਬੈਂਡ ਦੀ ਸਥਾਪਨਾ ਲਈ ਪ੍ਰਤਿਬੱਧ ਹਾਂ ਜੋ 2.5 ਲੱਖ ਪੰਚਾਇਤਾਂ ਨੂੰ ਇੰਟਰਨੈੱਟ ਨਾਲ ਜੋੜੇਗਾ। 29 ਜਨਵਰੀ, 2017 ਤੱਕ 76,089 ਪਿੰਡਾ ਪੰਚਾਇਤਾਂ ਤੱਕ ਆਪਟੀਕਲ ਫਾਈਬਰ ਕੇਬਲ ਵਿਛਾਈ ਜਾ ਚੁੱਕੀ ਹੈ ਜਿਸ ਦੀ ਕੁੱਲ ਲੰਬਾਈ 1,72,257 ਕਿਲੋਮੀਟਰ ਬਣਦੀ ਹੈ। 16,355 ਪਿੰਡਾ ਪੰਚਾਇਤਾਂ ਨੂੰ ਇੰਟਰਨੈੱਟ ਕੁਨੈਕਸ਼ਨ ਦਿੱਤੇ ਗਏ ਹਨ। ਇਹ ਡਿਜੀਟਲ ਭਾਰਤ ਦੀ ਕਹਾਣੀ ਹੈ।

ਇਕ ਪਹਿਲਕਦਮੀ, ਜੋ ਇਸ ਸਰਕਾਰ ਦੇ ਸਮਾਨਾਰਥਕ ਹੈ, ਉਹ ਹੈ ਸਵੱਛ ਭਾਰਤ ਅਭਿਆਨ ਜਿਸ ਨੂੰ ਬਦਲਾਅਕਾਰੀ ਕਦਮ ਆਖਿਆ ਜਾ ਸਕਦਾ ਹੈ। ਇਸ ਤਹਿਤ 2019 ਤੱਕ ਭਾਰਤ ਨੂੰ ਖੁੱਲ੍ਹੇ ਵਿੱਚ ਮਲ ਤਿਆਗ ਤੋਂ ਮੁਕਤ ਕਰਨ ਦਾ ਵਿਸ਼ਾਲ ਟੀਚਾ ਮਿਥਿਆ ਗਿਆ ਹੈ। ਇਸ ਸਕੀਮ ਤਹਿਤ ਉਸਾਰੇ ਗਏ ਪਖ਼ਾਨਿਆਂ ਦੇ ਮਾਮਲੇ ਵਿੱਚ ਬੁਨਿਆਦੀ ਢਾਂਚੇ ਵਿੱਚ ਕਈ ਗੁਣਾ

ਵਾਧਾ ਕੀਤਾ ਗਿਆ ਹੈ। ਸਰਕਾਰ ਦੇ ਧਿਆਨ ਦਾ ਅਗਲਾ ਕੇਂਦਰ ਯੁੱਗਾਂ ਪੁਰਾਣੇ ਸਭਿਆਚਾਰਕ, ਸਮਾਜਕ ਅਤੇ ਧਾਰਮਕ ਨੇਮਾਂ ਨੂੰ ਤੋੜ ਕੇ ਵਿਵਹਾਰਕ ਤਬਦੀਲੀ ਦੇ ਮੁੱਦੇ ਦਾ ਹੱਲ ਕਰਨਾ ਹੈ ਜੋ ਲੋਕਾਂ ਨੂੰ ਪਖ਼ਾਨਿਆਂ ਦੀ ਵਰਤੋਂ ਕਰਨ ਤੋਂ ਰੋਕਦੇ ਹਨ। ਇਸ ਸਕੀਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 4 ਕਰੋੜ ਤੋਂ ਵੱਧ ਪਖ਼ਾਨੇ ਉਸਾਰੇ ਜਾ ਚੁੱਕੇ ਹਨ ਅਤੇ 573 ਸ਼ਹਿਰਾਂ, 1,88,008 ਪਿੰਡਾਂ ਅਤੇ 130 ਜ਼ਿਲ੍ਹਿਆਂ ਨੂੰ ਖੁੱਲ੍ਹੇ ਵਿੱਚ ਮਲ ਤਿਆਗ ਤੋਂ ਮੁਕਤ (ਓ ਡੀ ਐੱਫ) ਕਰਾਰ ਦਿੱਤਾ ਗਿਆ ਹੈ। ਇਹ ਸਵੱਛ ਭਾਰਤ ਦੀ ਕਹਾਣੀ ਹੈ।

ਹੁਨਰ ਦੇ ਵਿਕਾਸ ਦੇ ਮੋਰਚੇ ਉਤੇ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀ ਐੱਮ ਕੇ ਵੀ ਵਾਈ) ਸਰਕਾਰ ਦੀ ਮੋਹਰੀ ਸਕੀਮ ਹੈ ਜਿਸ ਨੂੰ ਭਾਰਤ ਦੇ ਵੱਡੀ ਗਿਣਤੀ ਨੌਜਵਾਨਾਂ ਵਲੋਂ ਉਦਯੋਗ ਪ੍ਰਸੰਗਿਕ ਹੁਨਰ ਦੀ ਸਿਖਲਾਈ ਪ੍ਰਾਪਤ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ ਜੋ ਉਨ੍ਹਾਂ ਨੂੰ ਬੇਹਤਰ ਰੋਜ਼ਗਾਰ ਪ੍ਰਾਪਤ ਕਰਨ ਵਿੱਚ ਮਦਦ ਕਰੇਗੀ। "ਕੌਸ਼ਲ ਭਾਰਤ ਕੁਸ਼ਲ ਭਾਰਤ" ਦੇ ਨਾਅਰੇ ਅਧੀਨ ਕੁੱਲ 19.85 ਲੱਖ ਨੌਜਵਾਨਾਂ ਨੂੰ ਸਿਖਿਅਤ ਕੀਤਾ ਗਿਆ ਅਤੇ 2.49 ਲੱਖ ਨੂੰ ਵਿੱਤ ਵਰ੍ਹੇ 2016 ਦੌਰਾਨ ਨੌਕਰੀ ਪ੍ਰਾਪਤ ਹੋਈ। 596 ਜ਼ਿਲ੍ਹਿਆਂ ਵਿੱਚ 8479 ਸਿਖਲਾਈ ਕੇਂਦਰ ਖੋਲ੍ਹੇ ਗਏ। ਇਹ ਹੁਨਰਮੰਦ ਭਾਰਤ ਦੀ ਕਹਾਣੀ ਹੈ।

ਸਰਕਾਰ 'ਘੱਟੋ-ਘੱਟ ਸਰਕਾਰ ਵੱਧ ਤੋਂ ਵੱਧ ਸ਼ਾਸਨ' ਦੇ ਸਿਧਾਂਤ ਉਤੇ ਯਕੀਨ ਰੱਖਦੀ ਹੈ ਅਤੇ ਅਜਿਹਾ ਸਰਕਾਰ ਦੇ ਬਦਲੇ ਹੋਏ ਕੰਮ ਸੱਭਿਆਚਾਰ ਵਿੱਚ ਵੇਖਿਆ ਜਾ ਸਕਦਾ ਹੈ। ਮੌਜੂਦਾ ਆਗੂਆਂ ਦਾ ਕੰਮ ਕਰਨ ਦਾ ਤਰੀਕਾ ਪੇਸ਼ੇਵਰ ਹੈ ਜਿਸ ਨੇ ਸ਼ਾਸਨ ਨੂੰ ਕਾਰਪੋਰੇਟ ਰੂਪ ਪ੍ਰਦਾਨ ਕਰਕੇ ਸਰਕਾਰ ਵਿੱਚ ਇਕ ਨਵੇਂ ਕੰਮ ਸੱਭਿਆਚਾਰ ਦਾ ਸੰਚਾਰ ਕੀਤਾ ਹੈ। ਮੰਤਰੀਆਂ ਅਤੇ ਨੌਕਰਸ਼ਾਹਾਂ ਦੀਆਂ ਨਿਯਮਤ ਸਮੀਖਿਆ ਬੈਠਕਾਂ ਅਤੇ ਸਾਰੇ ਦੇਸ਼ ਵਿੱਚ ਵੀਡੀਓ ਕਾਨਫਰੰਸ ਜ਼ਰੀਏ ਅਧਿਕਾਰੀਆਂ ਨਾਲ ਸਮੇਂ-ਸਮੇਂ ਸੰਵਾਦ ਨਵੇਂ ਆਯਾਮ ਸਥਾਪਤ ਕਰਦੇ ਹਨ। ਇਸ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਵਿਵਸਥਾ ਵਿੱਚ ਚਾਰੇ ਪਾਸੇ ਫੈਲੇ ਭ੍ਰਿਸ਼ਟਾਚਾਰ ਉਤੇ ਲਗਾਮ ਕੱਸਣਾ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਦੇਰੀ ਅਤੇ ਪ੍ਰਸ਼ਾਸਨਿਕ ਅੜਿੱਕਿਆਂ ਨੂੰ ਖਤਮ ਕਰਨਾ ਹੈ ਜਿਵੇਂ ਕਿ ਕੋਲਾ ਬਲਾਕਾਂ ਦੀ ਵੰਡ ਤੋਂ ਸਪੱਸ਼ਟ ਨਜ਼ਰ ਆਉਂਦਾ ਹੈ। ਇਹ ਪਾਰਦਰਸ਼ੀ ਭਾਰਤ ਦੀ ਕਹਾਣੀ ਹੈ।

ਖੇਤੀਬਾੜੀ ਖੇਤਰ ਦੀਆਂ ਸਕੀਮਾਂ ਜਿਵੇਂ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ, ਮਿੱਟੀ ਸਿਹਤ ਕਾਰਡ ਸਕੀਮ, ਨਿੰਮ ਦੀ ਪਰਤ ਚੜ੍ਹਿਆ ਯੂਰੀਆ ਅਤੇ ਦੂਜੀਆਂ ਪਹਿਲਕਦਮੀਆਂ ਵਿੱਚ ਘੱਟੋ-ਘੱਟ ਸਹਾਇਕ ਕੀਮਤਾਂ ਵਿੱਚ ਵਾਧਾ ਕਰਨ ਆਦਿ ਨੇ ਸਾਡੇ ਦੇਸ਼ ਦੇ ਕਿਸਾਨਾਂ ਦੀ ਮਾਨਸੂਨ ਵਿੱਚ ਕਮੀ ਦੇ ਬਾਵਜੂਦ ਵੀ ਵਧੀਆ ਸਹਾਇਤਾ ਕੀਤੀ ਹੈ। ਲਗਭਗ 15.86 ਲੱਖ ਹੈਕਟੇਅਰ ਰਕਬੇ ਨੂੰ 'ਪ੍ਰਤਿ ਬੂੰਦ ਹੋਰ ਫ਼ਸਲ' ਤਹਿਤ 2014-17 ਤੋਂ ਸੂਖਮ ਸਿੰਜਾਈ ਯੋਜਨਾ ਤਹਿਤ ਲਿਆਂਦਾ ਗਿਆ ਹੈ। ਹੁਣ ਤੱਕ 6.20 ਕਰੋੜ ਮਿੱਟੀ ਸਿਹਤ ਕਾਰਡ ਵੰਡੇ ਗਏ ਹਨ। ਬੀਮੇ ਦੇ ਦਾਇਰੇ ਦੇ ਮੰਚ ਉਤੇ ਖਰੀਫ 2016 ਦੌਰਾਨ 23 ਰਾਜਾਂ ਵਲੋਂ 390 ਲੱਖ ਕਿਸਾਨਾਂ ਨੂੰ ਇਸ ਦੇ ਦਾਇਰੇ ਹੇਠ ਲਿਆਂਦਾ ਗਿਆ ਅਤੇ 386.75 ਲੱਖ ਹੈਕਟੇਅਰ ਰਕਬੇ ਦਾ 1,41,883.30 ਕਰੋੜ ਦਾ ਬੀਮਾ ਕੀਤਾ ਗਿਆ ਹੈ। ਰਬੀ ਦੇ ਮੌਸਮ ਵਿੱਚ 2016-17 ਅੰਦਰ ਹੁਣ ਤੱਕ 167 ਲੱਖ ਕਿਸਾਨਾਂ ਨੂੰ ਇਸ ਦੇ ਦਾਇਰੇ ਹੇਠ ਲਿਆਂਦਾ ਗਿਆ ਹੈ ਅਤੇ ਲਗਭਗ 193.35 ਲੱਖ ਹੈਕਟੇਅਰ ਰਕਬੇ ਦਾ 71,728.59 ਕਰੋੜ ਰੁਪਏ ਦਾ ਬੀਮਾ ਕੀਤਾ ਗਿਆ ਹੈ। ਇਹ ਅੰਕੜੇ ਸਰਕਾਰ ਦੀ 'ਦੇਸ਼ ਦੇ ਅੰਨਦਾਤਾ' ਪ੍ਰਤਿ ਪ੍ਰਤਿਬੱਧਤਾ ਦੀ ਮੂੰਹੋਂ ਬੋਲਦੀ ਤਸਵੀਰ ਹਨ।

**ਬੁਨਿਆਦੀ ਢਾਂਚੇ ਦੇ ਮੋਰਚੇ ਉਤੇ ਸਮਾਰਟ ਸਿਟੀ ਪ੍ਰਜੈਕਟ, ਏ ਐੱਮ ਆਰ ਯੂ ਟੀ ਪ੍ਰਜੈਕਟ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਕਰਜ਼ੇ ਨਾਲ ਸੰਬੰਧਿਤ ਸਬਸਿਡੀ ਸਕੀਮ, ਪ੍ਰਧਾਨ ਮੰਤਰੀ ਸਾਂਸਦ ਆਦਰਸ਼ ਗ੍ਰਾਮ ਯੋਜਨਾ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਤੇ ਆਰ ਈ ਆਰ ਏ ਦਾ ਪਾਸ ਹੋਣਾ ਆਦਿ ਪਹਿਲਕਦਮੀਆਂ ਨੇ ਇਸ ਖੇਤਰ ਦੀ ਕਾਰਗੁਜ਼ਾਰੀ ਵਿੱਚ ਵਾਧਾ ਕੀਤਾ ਹੈ।**

ਬੇਟੀ ਬਚਾਓ ਬੇਟੀ ਪੜ੍ਹਾਓ, ਅਟੱਲ ਪੈਨਸ਼ਨ ਯੋਜਨਾ, ਜੀਵਨ ਜੋਤੀ ਬੀਮਾ ਯੋਜਨਾ, ਕ੍ਰਿਸ਼ੀ ਸਿੰਜਾਈ ਯੋਜਨਾ, ਮੁਦਰਾ ਬੈਂਕ ਯੋਜਨਾ, ਸੁਕੰਨਿਆ ਸਮਰਿਧੀ ਯੋਜਨਾ, ਨਈ ਮੰਜ਼ਲ ਯੋਜਨਾ ਆਦਿ ਸਮਾਜ ਦੇ ਸਾਰੇ ਵਰਗਾਂ ਦਾ ਸੰਤੁਲਿਤ ਵਿਕਾਸ ਯਕੀਨੀ ਬਣਾਉਂਦੀਆਂ ਹਨ ਭਾਵੇਂ ਉਹ ਲੜਕੀਆਂ ਹੋਣ, ਬਿਰਧ ਨਾਗਰਿਕ, ਕਿਸਾਨ, ਘੱਟ ਗਿਣਤੀਆਂ, ਸ਼ਹਿਰੀ ਘਰਾਂ ਵਿੱਚ ਜਾਂ ਫਿਰ ਪਿੰਡਾਂ ਵਿੱਚ ਰਹਿਣ ਵਾਲੇ ਵਿਅਕਤੀ ਹੋਣ। ਸਰਕਾਰ ਦੀਆਂ ਸਕੀਮਾਂ ਸਮਾਜ ਦੇ ਸਾਰੇ ਵਰਗਾਂ ਲਈ ਹਨ ਜਿਨ੍ਹਾਂ ਨੇ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਸੌਖਾ ਕੀਤਾ ਹੈ। ਇਹ ਗਰੀਬ, ਕਿਸਾਨ ਅਤੇ ਔਰਤਾਂ ਦੀ ਕਹਾਣੀ ਹੈ ਜੋ ਭਾਰਤ ਦੇ ਬਦਲਾਅ ਦਾ ਫਲ ਚੱਖ ਰਹੇ ਹਨ।

ਜੇ ਭਾਰਤ ਦੀ ਵਿਦੇਸ਼ ਨੀਤੀ ਉਤੇ ਨਜ਼ਰ ਮਾਰੀਏ ਤਾਂ ਸਰਕਾਰ ਦੀਆਂ ਕੋਸ਼ਿਸ਼ਾਂ ਬਹੁਤ ਸਰਗਰਮੀ ਵਾਲੀਆਂ ਨਜ਼ਰ ਆਉਂਦੀਆਂ ਹਨ। ਪ੍ਰਧਾਨ ਮੰਤਰੀ ਵਲੋਂ 2 ਸਾਲਾਂ ਤੋਂ ਥੋੜ੍ਹਾ ਵੱਧ ਸਮੇਂ ਦੌਰਾਨ 6 ਮਹਾਂਦੀਪਾਂ ਦੇ 50 ਤੋਂ ਵੱਧ ਦੇਸ਼ਾਂ ਦਾ ਦੌਰਾ ਕੀਤਾ ਜਾ ਚੁੱਕਾ ਹੈ। ਸਹੁੰ ਚੁੱਕ ਸਮਾਗਮ ਲਈ ਸਾਰੇ ਸਾਰਕ ਦੇਸ਼ਾਂ ਦੇ ਆਗੂਆਂ ਨੂੰ ਸੱਦਾ ਦੇਣ ਦੇ ਪਹਿਲੇ ਹੀ ਫੈਸਲੇ ਨੂੰ ਕਮਾਲ ਦਾ ਕਦਮ ਆਖਿਆ ਜਾ ਸਕਦਾ ਹੈ ਜਿਸ ਨੇ ਕੂਟਨੀਤਕ ਹਲਕਿਆਂ ਵਿੱਚ ਮੌਜੂਦਾ ਰਾਜਨੀਤਕ ਵਿਵਸਥਾ ਵਲੋਂ ਆਪਣੇ ਗੁਆਂਢੀਆਂ ਨਾਲ ਨੇੜਲੇ ਸੰਬੰਧ ਸਥਾਪਤ ਕਰਨ ਦੀ ਦਿੱਲੀ ਦੀ ਇੱਛਾ ਬਾਰੇ ਇਕ ਮਜਬੂਤ ਸੁਨੇਹਾ ਦਿੱਤਾ। ਇਸ ਦੀ ਇਸ ਤੱਥ ਤੋਂ ਹੋਰ ਵੀ ਪੁਸ਼ਟੀ ਹੋ ਜਾਂਦੀ ਹੈ ਕਿ ਦੁਵੱਲੀ ਯਾਤਰਾ ਲਈ ਚੁਣਿਆ ਜਾਣ ਵਾਲਾ ਭੂਟਾਨ ਪਹਿਲਾ ਦੇਸ਼ ਸੀ ਪ੍ਰਧਾਨ ਮੰਤਰੀ ਵਲੋਂ ਹੁਣ ਤੱਕ ਭਾਰਤ ਦੇ ਸਾਰੇ ਗੁਆਂਢੀ ਦੇਸ਼ਾਂ ਦਾ ਘੱਟੋ-ਘੱਟ ਇਕ ਵਾਰ ਦੌਰਾ ਕੀਤਾ ਜਾ ਚੁੱਕਾ ਹੈ। ਪਾਕਿਸਤਾਨ ਵਲੋਂ ਫੈਲਾਏ ਜਾ ਰਹੇ ਅੱਤਵਾਦ ਬਾਰੇ ਭਾਰਤ ਦਾ ਸਟੈਂਡ ਰਣਨੀਤਕ ਸੰਜਮ ਤੋਂ ਬਦਲ ਕੇ ਵਧੇਰੇ ਦਾਅਵੇ ਵਾਲਾ ਹੋ ਗਿਆ ਹੈ। ਇਹ ਕਾਫੀ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਭਾਰਤ ਸ਼ੁੱਧ ਰੂਪ ਵਿੱਚ ਦੁਵੱਲਾਪਨ ਚਾਹੁੰਦਾ ਹੈ ਅਤੇ ਇਸਲਾਮਾਬਾਦ ਵਲੋਂ ਵੱਖਵਾਦੀਆਂ ਨਾਲ ਗੱਲਬਾਤ ਕਰਨ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦਾ ਮੁਜ਼ਾਹਰਾ ਵਿਦੇਸ਼ ਸਕੱਤਰ ਦੇ ਪੱਧਰ ਦੀ ਗੱਲਬਾਤ ਰੱਦ ਕਰਨ ਅਤੇ ਖੇਤਰੀ ਸਿਖਰ ਸੰਮੇਲਨਾਂ (ਪਾਕਿਸਤਾਨ ਵਿੱਚ ਸਾਰਕ ਸਿਖਰ ਸੰਮੇਲਨ) ਦੇ ਬਾਈਕਾਟ ਨਾਲ ਕੀਤਾ ਗਿਆ ਹੈ।

ਭਾਰਤੀ ਫੌਜ ਉਤੇ ਹਮਲਿਆਂ ਦਾ ਜਵਾਬ ਸਰਜੀਕਲ ਸਟ੍ਰਾਈਕ ਰਾਹੀਂ ਦੇਣ ਨਾਲ ਇਸ ਸਟੈਂਡ ਨੂੰ ਹੋਰ ਬਲ ਮਿਲਿਆ ਹੈ। ਸਾਰਕ ਸਿਖਰ ਸੰਮੇਲਨ ਦਾ ਬਾਈਕਾਟ ਕਰਕੇ ਭਾਰਤ ਨੇ ਵਿਸ਼ਵ ਸ਼ਕਤੀਆਂ ਨੂੰ ਪਾਕਿਸਤਾਨ ਨੂੰ ਇਕ ਅੱਤਵਾਦੀ ਦੇਸ਼ ਐਲਾਨਣ ਦੇ ਮਤੇ ਲਈ ਇਕ ਸਖਤ ਸੰਦੇਸ਼ ਦਿੱਤਾ ਹੈ।

ਆਪਣੇ ਬਹੁ-ਧਿਰੀ ਪ੍ਰੋਗਰਾਮਾਂ ਵਿੱਚ, ਭਾਰਤ ਵਲੋਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਸਥਾਈ ਮੈਂਬਰ ਬਣਨ ਦੇ ਯਤਨ ਨੂੰ ਬਹੁਤ ਸਾਰੀਆਂ ਧਿਰਾਂ ਦੀ ਹਮਾਇਤ ਪ੍ਰਾਪਤ ਹੋਈ ਅਤੇ ਨਿਊਕਲੀਅਰ ਸਪਲਾਇਰਜ਼ ਗਰੁੱਪ ਵਿੱਚ ਦਾਖਲੇ ਬਾਰੇ ਕਾਫੀ ਪ੍ਰਗਤੀ ਹੋ ਚੁੱਕੀ ਹੈ। ਖੇਤਰੀ ਸਮੂਹਾਂ ਜਿਵੇਂ ਬ੍ਰਿਕਸ, ਸਾਰਕ, ਬੀ ਆਈ ਐੱਮ ਐੱਸ ਟੀ ਈ ਸੀ ਨਾਲ ਭਾਰਤ ਦੀ ਗੱਲਬਾਤ ਲਾਹੇਵੰਦੀ ਰਹੀ ਹੈ। ਭਾਰਤ ਵਿਕਾਸਸ਼ੀਲ ਦੇਸ਼ਾਂ ਦੀ ਵਾਤਾਵਰਣ ਬਦਲਾਅ ਬਾਰੇ ਬਹੁਧਿਰੀ ਗੱਲਬਾਤ ਵਿੱਚ ਅਗਵਾਈ ਕਰ ਸਕਿਆ ਹੈ (ਪੈਰਿਸ ਸਿਖਰ ਸੰਮੇਲਨ ਵਿੱਚ) ਅਤੇ ਵਿਸ਼ਵ ਵਪਾਰ ਸੰਸਥਾ ਨਾਲ ਗੱਲਬਾਤ ਲਈ ਭਾਰਤ ਵਲੋਂ ਅਗਵਾਈ ਕੀਤੀ ਜਾ ਰਹੀ ਹੈ।

ਮੌਜੂਦਾ ਲੀਡਰਸ਼ਿਪ ਅਧੀਨ ਭਾਰਤ-ਅਮਰੀਕਾ ਸੰਬੰਧਾਂ ਵਿੱਚ ਮਿਸਾਲੀ ਬਦਲਾਅ ਵੇਖਣ ਨੂੰ ਮਿਲਿਆ। ਅਮਰੀਕਾ ਦੇ ਅਹਿਮ ਰਾਜਸੀ ਨੇਤਾਵਾਂ ਨਾਲ ਨਿੱਘੇ ਸੰਬੰਧ ਸਥਾਪਤ ਕਰਨ ਲਈ ਪ੍ਰਧਾਨ ਮੰਤਰੀ ਵਲੋਂ ਅਗਾਊਂ ਤੌਰ ਤੇ ਕਦਮ ਪੁੱਟੇ ਗਏ ਹਨ। ਕਾਰਜ ਭਾਰ ਸੰਭਾਲਣ ਦੇ ਪਹਿਲੇ 24 ਮਹੀਨਿਆਂ ਦੌਰਾਨ ਰਾਸ਼ਟਰਪਤੀ ਓਬਾਮਾ ਨਾਲ ਛੇ ਵਾਰ ਮੁਲਾਕਾਤ ਕੀਤੀ ਅਤੇ ਸੰਯੁਕਤ ਰਾਸ਼ਟਰ ਦਾ ਤਿੰਨ ਵਾਰ ਦੌਰਾ ਕੀਤਾ। ਦੋਵਾਂ ਦੇਸ਼ਾਂ ਦਰਮਿਆਨ ਰੱਖਿਆ ਸੰਬੰਧ ਫੈਸਲਾਕੁਨ ਤੌਰ ਤੇ ਵਿਕਾਸ ਤੇ ਆਧੁਨਿਕਤਾ ਦੇ ਮਾਰਗ ਉੱਪਰ ਵੱਲ ਜਾ ਰਹੇ ਹਨ। ਭਾਰਤ ਨੇ ਰਵਾਇਤੀ ਸਾਥੀਆਂ ਜਿਵੇਂ ਕਿ ਜਾਪਾਨ ਅਤੇ ਰੂਸ ਨਾਲ ਵੀ ਸਰਗਰਮ ਸੰਬੰਧ ਸਥਾਪਤ ਕੀਤੇ ਹਨ ਜਿਸ ਨਾਲ ਦੱਖਣ ਏਸ਼ੀਆਈ ਖਿੱਤੇ ਅੰਦਰ ਚੀਨ ਦੀ ਵਧ ਰਹੀ ਮਹੱਤਵਕਾਂਕਸ਼ਾ ਨੂੰ ਪ੍ਰਭਾਵੀ ਤੌਰ ਤੇ ਰੋਕਣ ਵਿੱਚ ਸਹਾਇਤਾ ਮਿਲੀ ਹੈ। ਟੀ ਏ ਪੀ ਆਈ ਅਤੇ ਚਾਹਬਹਾਰ ਬੰਦਰਗਾਹ ਸਮਝੌਤੇ ਚੀਨ ਦੀ ਧੌਂਸ ਖਿਲਾਫ ਇਕ ਪ੍ਰਭਾਵੀ ਬੰਨ੍ਹ ਸਾਬਤ ਹੋਵੇਗਾ। ਰਵਾਇਤੀ ਸਹਿਯੋਗੀਆਂ ਤੋਂ ਇਲਾਵਾ ਇਸ ਸਰਕਾਰ ਨੇ ਕੇਂਦਰੀ ਏਸ਼ੀਆ ਅਤੇ ਅਫਰੀਕਾ ਦੇ ਨਵੇਂ ਉੱਭਰ ਰਹੇ ਦੇਸ਼ਾਂ ਨਾਲ ਰਣਨੀਤਕ ਸਾਂਝ ਵਿਕਸਤ ਕਰਨ ਵੱਲ ਵੀ ਧਿਆਨ ਕੇਂਦਰਿਤ ਕੀਤਾ ਹੈ। ਇਹ ਦੇਸ਼ ਕੁਦਰਤੀ ਸਰੋਤਾਂ ਨਾਲ ਮਾਲਾਮਾਲ ਹਨ ਅਤੇ ਰਣਨੀਤਕ ਪੱਖੋਂ ਵੀ ਅਹਿਮ ਹਨ। ਭਾਰਤ ਨੇ ਕੁਦਰਤੀ ਆਗੂ ਬਣਨ ਦੀ ਦਿਸ਼ਾ ਵੱਲ ਕਦਮ ਪੁੱਟ ਲਏ ਹਨ। ਇਹ ਉੱਭਰਦੇ ਹੋਏ ਭਾਰਤ ਦੀ ਕਹਾਣੀ ਹੈ।

ਭਾਵੇਂ ਨੇਪਾਲ ਵਿੱਚ ਭੁਚਾਲ ਆਇਆ ਹੋਵੇ ਜਾਂ ਯਮਨ ਵਿੱਚ ਭਾਰਤੀ ਨਾਗਰਿਕ ਫਸੇ ਹੋਣ, ਕਸ਼ਮੀਰ ਵਿੱਚ ਹੜ੍ਹ ਆਏ ਹੋਣ ਜਾਂ ਕੇਰਲ ਦੇ ਮੰਦਰ ਵਿੱਚ ਅੱਗ ਲੱਗੀ ਹੋਵੇ, ਸਰਕਾਰ ਵਲੋਂ ਰਾਹਤ ਅਤੇ ਬਚਾਅ ਕਾਰਵਾਈਆਂ ਨਾਲ ਹਮੇਸ਼ਾ ਲੋਕਾਂ ਤੱਕ ਪਹੁੰਚ ਕੀਤੀ ਗਈ ਹੈ। ਅੰਤਰਰਾਸ਼ਟਰੀ ਯੋਗ ਦਿਵਸ ਵਰਗੇ ਆਯੋਜਨ ਕਰਕੇ ਭਾਰਤ ਦੀ ਨਰਮ ਤਾਕਤ ਦਾ ਭਰਪੂਰ ਮੁਜ਼ਾਹਰਾ ਕੀਤਾ ਗਿਆ ਹੈ। ਇਹ ਦੇਖਭਾਲ ਵਾਲੇ ਭਾਰਤ ਦੀ ਕਹਾਣੀ ਹੈ।

ਪਿਛਲੇ 3 ਸਾਲਾਂ ਨੇ ਦੇਸ਼ ਦੀ ਅਗਲੀ ਤਰੱਕੀ ਦੀ ਨੀਂਹ ਰੱਖ ਦਿੱਤੀ ਹੈ ਜਿਸ ਨੂੰ ਆਉਣ ਵਾਲੇ ਸਾਲਾਂ ਵਿੱਚ ਸ਼ੁਰੂ ਕੀਤਾ ਜਾਵੇਗਾ। ਇਹ ਜ਼ਿਆਦਾਤਰ ਯਤਨ ਸੰਚਾਰ ਦੇ ਵੱਖ-ਵੱਖ ਸਾਧਨਾਂ-ਪ੍ਰੈੱਸ ਕਾਨਫਰੰਸ, ਟੈਲੀਵੀਜ਼ਨ, ਰੇਡੀਓ, ਪ੍ਰਿੰਟ ਅਤੇ ਸੋਸ਼ਲ ਮੀਡੀਆ ਰਾਹੀਂ ਸਰਗਰਮ ਮੁਹਿੰਮ ਚਲਾ ਕੇ ਫਲੀਭੂਤ ਹੋਏ ਹਨ। ਪ੍ਰਧਾਨ ਮੰਤਰੀ ਆਪਣੇ 'ਮਨ ਕੀ ਬਾਤ' ਪ੍ਰੋਗਰਾਮ ਰਾਹੀਂ ਲੋਕਾਂ ਤੱਕ ਸਿੱਧੀ ਪਹੁੰਚ ਕਰਦੇ ਹਨ ਜੋ ਆਲ ਇੰਡੀਆ ਰੇਡੀਓ ਉਤੇ ਮਹੀਨੇ ਵਿੱਚ ਇਕ ਵਾਰ ਪੇਸ਼ ਕੀਤਾ ਜਾਣ ਵਾਲਾ ਪ੍ਰੋਗਰਾਮ ਹੈ। ਸਰਕਾਰ, ਵਿਰੋਧੀ ਧਿਰ, ਪ੍ਰਸ਼ਾਸਨ, ਕਾਰਪੋਰੇਟ ਅਤੇ ਨਾਗਰਿਕਾਂ ਦੇ ਸੁਹਿਰਦ ਯਤਨ ਭਾਰਤ ਦੇ ਵਿਕਸਤ ਦੇਸ਼ ਬਣਨ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਸਕਦੇ ਹਨ ਜਿਸ ਨਾਲ ਭਾਰਤ ਵਿਸ਼ਵ ਮਹਾਂਸ਼ਕਤੀ ਬਣ ਕੇ ਉੱਭਰੇਗਾ। ਇਹ ਸੰਚਾਰ ਵਾਲੇ ਭਾਰਤ ਦੀ ਕਹਾਣੀ ਹੈ।

ਸਾਡੀ ਕਹਾਣੀ ਦੁਬਾਰਾ ਸੁਣਾਏ ਜਾਣ ਦੀ ਲੋੜ ਹੈ ਅਤੇ ਪੱਛਮ ਨੂੰ ਰੰਗਦਾਰ ਸ਼ੀਸ਼ਿਆਂ ਵਿੱਚੋਂ ਅਤੇ ਕੀੜਿਆਂ ਦੇ ਖਾਧੇ ਢਾਂਚਿਆਂ ਰਾਹੀਂ ਵੇਖਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਜੋ ਸਮਾਜਵਾਦ ਦੇ ਦਿਨਾਂ ਤੋਂ ਬਚਿਆ ਚਲਿਆ ਆ ਰਿਹਾ ਹੈ, ਜਦੋਂ ਕਈ ਚਿਰ ਬਾਅਦ ਇਸ 'ਵਾਦ' ਨੂੰ ਦੁਨੀਆਂ ਭਰ ਵਿੱਚ ਮਨੁੱਖਤਾ ਵਲੋਂ ਦਫਨਾਅ ਦਿੱਤਾ ਗਿਆ ਸੀ। ਉਪਰੋਕਤ ਸਿਰਫ ਕੁੱਝ ਇਕ ਕਹਾਣੀਆਂ ਹਨ ਜੋ ਨਵੇਂ ਭਾਰਤ ਦੀ ਨਵੀਂ ਊਰਜਾ ਅਤੇ ਪ੍ਰਤਿਬੱਧਤਾ ਨਾਲ ਤਸਵੀਰ ਪੇਸ਼ ਕਰਦੀਆਂ ਹਨ ਜਿਸ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਸਾਰ ਰਹੇ ਹਨ। ਇਹ ਮਿਸ਼ਨ ਮੋਦੀ (ਐੱਮ ਓ ਡੀ ਆਈ) ਦੀ ਕਹਾਣੀ ਹੈ। ਮੇਕਿੰਗ ਆਫ ਡਿਵੈਲਪਿੰਗ ਇੰਡੀਆ - ਵਿਕਾਸਸ਼ੀਲ ਭਾਰਤ ਦਾ ਨਿਰਮਾਣ।

*(ਲੇਖਕ ਮਕਾਨ ਉਸਾਰੀ ਅਤੇ ਸ਼ਹਿਰੀ ਗਰੀਬੀ ਨਿਵਾਰਨ ਬਾਰੇ ਕੇਂਦਰੀ ਮੰਤਰੀ ਅਤੇ ਕੇਂਦਰੀ ਸ਼ਹਿਰੀ ਵਿਕਾਸ ਅਤੇ ਸੂਚਨਾ ਤੇ ਪ੍ਰਸਾਰਨ ਮੰਤਰੀ ਹਨ)*



# ਸਵੱਛ ਭਾਰਤ ਮਿਸ਼ਨ : ਸਭਨਾਂ ਦਾ ਫ਼ਰਜ਼

ਪ੍ਰਮੇਸ਼ਵਰਨ ਅਈਯਰ

ਸਵੱਛ ਭਾਰਤ ਮਿਸ਼ਨ ਤੇ ਅਮਲ ਦਾ ਅੱਧਾ ਸਫਰ ਤੈਅ ਹੋਣ ਤੱਕ ਕਾਫੀ ਰਫ਼ਤਾਰ ਬਣ ਚੁੱਕੀ ਹੈ ਅਤੇ ਇਸ ਦਿਸ਼ਾ ਵੱਲ ਕਾਫੀ ਤਰੱਕੀ ਕੀਤੀ ਜਾ ਚੁੱਕੀ ਹੈ। ਇਹ ਮਿਸ਼ਨ ਹੌਲੀ-ਹੌਲੀ ਜਨ-ਅੰਦੋਲਨ ਵਿੱਚ ਬਦਲ ਰਿਹਾ ਹੈ, ਜਿਵੇਂ ਕਿ ਮਾਣਯੋਗ ਪ੍ਰਧਾਨ ਮੰਤਰੀ ਵਲੋਂ ਪਹਿਲੀ ਵਾਰ ਲਾਲ ਕਿਲੇ ਦੀ ਫਸੀਲ ਤੋਂ ਇਸ ਬਾਰੇ ਗੱਲ ਕਰਦਿਆਂ ਕਲਪਨਾ ਕੀਤੀ ਗਈ ਸੀ। ਅਕਤੂਬਰ 2014 ਵਿੱਚ ਇਸ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਲੈ ਕੇ, ਪੇਂਡੂ ਭਾਰਤ ਵਿੱਚ ਸਾਫ-ਸਫਾਈ ਦਾ ਦਾਇਰਾ 42 ਪ੍ਰਤਿਸ਼ਤ ਤੋਂ ਵਧ ਕੇ 63 ਪ੍ਰਤਿਸ਼ਤ ਹੋ ਗਿਆ ਹੈ, ਦਿਹਾਤੀ ਭਾਰਤ ਵਿੱਚ ਖੁੱਲ੍ਹੇ ਵਿੱਚ ਮਲ ਤਿਆਗ ਕਰਨ ਵਾਲੇ ਲੋਕਾਂ ਦੀ ਗਿਣਤੀ 550 ਮਿਲੀਅਨ ਤੋਂ ਘਟ ਕੇ 350 ਮਿਲੀਅਨ ਰਹਿ ਗਈ ਹੈ, 190,000 ਪਿੰਡ, 130 ਜ਼ਿਲ੍ਹੇ ਅਤੇ ਤਿੰਨ ਰਾਜ ਖੁੱਲ੍ਹੇ ਵਿੱਚ ਮਲ ਤਿਆਗ ਕਰਨ ਦੀ ਪ੍ਰਥਾ ਤੋਂ ਮੁਕਤੀ ਪਾ ਚੁੱਕੇ ਹਨ। ਇਹ ਪ੍ਰੋਗਰਾਮ ਹੁਣ 2 ਅਕਤੂਬਰ, 2019 ਤੱਕ ਖੁੱਲ੍ਹੇ ਵਿੱਚ ਮਲ ਤਿਆਗ ਕਰਨ ਦੀ ਪ੍ਰਥਾ ਤੋਂ ਪੂਰਨ ਤੌਰ ਤੇ ਮੁਕਤੀ ਪਾਉਣ ਦੇ ਰਸਤੇ ਉਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

ਸਾਫ-ਸਫਾਈ ਦਾ ਤਰਜੀਹੀਕਰਨ ਬਹੁਤ ਸਾਰੇ ਕਾਰਨਾਂ ਕਰਕੇ ਅਹਿਮ ਹੈ। ਸਾਫ-ਸਫਾਈ ਦੀ ਕਮੀ, ਪੰਜ ਸਾਲ ਦੀ ਉਮਰ ਤੋਂ ਘੱਟ ਦੇ ਬੱਚਿਆਂ ਵਿੱਚ ਦਸਤ ਲੱਗਣ ਦਾ ਮੁੱਖ ਕਾਰਨ ਹੈ ਜਿਸ ਕਰਕੇ ਬੱਚਿਆਂ ਦਾ ਸਰੀਰਕ ਵਿਕਾਸ ਰੁਕ ਜਾਂਦਾ ਹੈ ਅਤੇ ਕਈ ਮਾਮਲਿਆਂ ਵਿੱਚ ਮੌਤ ਵੀ ਹੋ ਜਾਂਦੀ ਹੈ, ਜਿਸ ਨੂੰ ਰੋਕਣਾ ਸੰਭਵ ਸੀ। ਸਾਫ-ਸਫਾਈ ਔਰਤਾਂ ਦੀ ਸੁਰੱਖਿਆ ਅਤੇ ਆਤਮ-ਸਨਮਾਨ ਲਈ ਵੀ ਮਹੱਤਵਪੂਰਨ ਹੈ। ਹੁਣ ਜਦ ਕਿ ਭਾਰਤ ਇਕ ਆਰਥਿਕ ਮਹਾਂਸ਼ਕਤੀ ਬਣਨ ਲਈ ਵੱਡੀਆਂ ਪੁਲਾਂਘਾਂ ਭਰ ਰਿਹਾ ਹੈ, ਤਾਂ ਖੁੱਲ੍ਹੇ ਵਿੱਚ ਮਲ ਤਿਆਗ ਕਰਨ ਦੀ ਪ੍ਰਥਾ ਦਾ ਖਾਤਮਾ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ। ਪਹਿਲੇ ਸਮਿਆਂ ਦੇ ਸਾਫ-ਸਫਾਈ ਪ੍ਰਗੋਰਾਮਾਂ ਤੋਂ ਉਲਟ, ਸਵੱਛ ਭਾਰਤ ਮਿਸ਼ਨ ਕੋਈ ਪਖਾਨਿਆਂ ਦੀ ਉਸਾਰੀ ਕਰਨ ਦਾ ਪ੍ਰੋਗਰਾਮ ਨਹੀਂ ਹੈ, ਪਰ ਵਿਵਹਾਰ ਬਦਲਣ ਵਾਲਾ ਜਨ-ਅੰਦੋਲਨ ਹੈ।

**ਕਿਸੇ ਸੜਕ, ਪੁਲ ਜਾਂ ਹਵਾਈ ਅੱਡੇ ਦੀ ਉਸਾਰੀ ਕਰਨਾ ਮੁਕਾਬਲਤਨ ਅਸਾਨ ਹੈ ਪਰ ਮਨੁੱਖੀ ਵਿਵਹਾਰ ਵਿੱਚ ਬਦਲਾਅ ਲਿਆਉਣਾ ਜਟਿਲ ਕੰਮ ਹੈ। ਜੇ ਤੁਸੀਂ ਅੱਧਾ ਬਿਲੀਅਨ ਲੋਕਾਂ ਦਾ ਵਿਵਹਾਰ ਬਦਲਣ ਲਈ ਉਨ੍ਹਾਂ ਨੂੰ ਅਜਿਹਾ ਕੁੱਝ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹੋ ਜੋ ਉਹ ਆਪਣੀ ਪੂਰੀ ਜ਼ਿੰਦਗੀ ਕਰਦੇ ਆਏ ਹਨ - ਮਤਲਬ ਖੁੱਲ੍ਹੇ ਵਿੱਚ ਮਲ ਤਿਆਗ ਕਰਨਾ ਅਤੇ ਉਨ੍ਹਾਂ ਨੂੰ ਪਖਾਨਿਆਂ ਦੀ ਵਰਤੋਂ ਕਰਨ ਲਈ ਆਖ ਰਹੇ ਹੋ, ਤਾਂ ਇਸ ਕਾਰਜ ਦੀ ਵਿਆਪਕਤਾ ਇਸ ਨੂੰ ਬਹੁਤ ਵਿਸ਼ਾਲ ਕੰਮ ਬਣਾ ਦਿੰਦੀ ਹੈ।**

ਭਾਵੇਂ ਕਿ ਜਨਤਕ ਮੀਡੀਆ ਦੀਆਂ ਮੁਹਿੰਮਾਂ ਲਾਭਦਾਇਕ ਹਨ, ਪਰ ਜ਼ਮੀਨੀ ਪੱਧਰ ਉਤੇ ਵਿਵਹਾਰ ਵਿੱਚ ਤਬਦੀਲੀ ਲਿਆਉਣ ਦੀ ਕੁੰਜੀ ਜ਼ਮੀਨੀ ਪੱਧਰ ਉਤੇ ਸਿੱਖਿਅਤ ਅਤੇ ਪ੍ਰੋਤਸਾਹਨ ਪ੍ਰਾਪਤ ਪ੍ਰੇਰਕਾਂ ਦੀ ਵਰਤੋਂ ਕਰਨਾ ਹੈ ਜੋ ਪਿੰਡ ਵਾਸੀਆਂ ਅਤੇ ਪਰਿਵਾਰਾਂ ਨਾਲ ਸੰਵਾਦ ਰਚਾ ਕੇ ਪਖਾਨਿਆਂ ਅਤੇ ਸਾਫ-ਸਫਾਈ ਦੀ ਮੰਗ ਨੂੰ ਚਿੰਗਾਰੀ ਦਿਖਾ ਸਕਦੇ ਹਨ। ਦੇਸ਼ ਭਰ ਦੇ ਰਾਜ ਅਤੇ ਰਾਜ ਪ੍ਰੇਰਕਾਂ ਦੀ ਗਿਣਤੀ ਵਧਾ ਰਹੇ ਹਨ ਪਰ ਇਸ ਨੂੰ ਹੋਰ ਜ਼ਿਆਦਾ ਗਤੀ ਪ੍ਰਦਾਨ ਕਰਨੀ ਹੋਵੇਗੀ। ਯੋਜਨਾ ਅੱਧਾ ਮਿਲੀਅਨ ਪ੍ਰੇਰਕਾਂ ਦੀ ਹੈ ਜੋ ਦੇਸ਼ ਭਰ ਵਿੱਚ ਇਕ ਪਿੰਡ ਅੰਦਰ ਔਸਤਨ ਇਕ ਪ੍ਰੇਰਕ ਮੌਜੂਦ ਹੋਵੇਗਾ। ਪੀਣ ਵਾਲੇ ਪਾਣੀ ਅਤੇ ਸਾਫ-ਸਫਾਈ ਬਾਰੇ ਮੰਤਰਾਲਾ ਸਮਰੱਥਾ ਦੇ ਵਿਕਾਸ, ਮਨੁੱਖੀ ਸਰੋਤਾਂ, ਵਿਵਹਾਰਕ ਬਦਲਾਅ ਸੰਚਾਰ, ਜਾਣਕਾਰੀ ਦਾ ਆਦਾਨ-ਪ੍ਰਦਾਨ ਅਤੇ ਨਿਗਰਾਨੀ ਤੇ ਮੁਲਾਂਕਣ ਜਿਹੀਆਂ ਪਹਿਲਕਦਮੀਆਂ ਰਾਹੀਂ ਸਵੱਛ ਭਾਰਤ ਮਿਸ਼ਨ ਉਤੇ ਬੇਹਤਰ ਅਮਲ ਲਈ ਰਾਜਾਂ ਦੀ ਸਹਾਇਤਾ ਕਰ ਰਿਹਾ ਹੈ। ਸਵੱਛ ਸੰਗ੍ਰਹਿ, ਬੇਹਤਰੀਨ ਪ੍ਰਥਾਵਾਂ ਸਾਂਝੀਆਂ ਕਰਨ ਲਈ ਸਵੱਛ ਭਾਰਤ ਮਿਸ਼ਨ ਹੇਠਲੇ ਜ਼ਿਲ੍ਹਿਆਂ ਅਤੇ ਰਾਜਾਂ ਲਈ ਜਾਣਕਾਰੀ ਪੋਰਟਲ ਅਤੇ ਵੱਖ-ਵੱਖ ਥਾਵਾਂ ਉਤੇ ਸੈਂਕੜੇ ਪ੍ਰੇਰਕਾਂ ਨੂੰ ਸਿੱਖਿਅਤ ਕਰਨ ਲਈ ਕਲਾਸਰੂਮ ਇਸ ਪ੍ਰੋਗਰਾਮ ਵਿੱਚ ਤਕਨਾਲੋਜੀ ਨੂੰ ਯੋਜਨਾਬਧ ਤਰੀਕੇ ਨਾਲ ਏਕੀਕ੍ਰਿਤ ਕਰਨ ਦੀਆਂ ਉਦਾਹਰਣਾਂ ਹਨ।ਨਾਲ ਹੀ ਨਾਲ, ਵੱਖ-ਵੱਖ ਰਾਸ਼ਟਰੀ ਅਤੇ ਰਾਜ ਪੱਧਰੀ ਕਾਰਜਸ਼ਾਲਾਵਾਂ ਅਤੇ ਪ੍ਰੋਗਰਾਮ ਸਾਰੀਆਂ ਧਿਰਾਂ ਨੂੰ ਇਕੱਠੇ ਕਰਨ, ਇਕ ਦੂਜੇ ਤੋਂ ਸਿੱਖਣ ਅਤੇ ਪ੍ਰੇਰਿਤ ਹੋਣ ਲਈ ਆਯੋਜਿਤ ਕੀਤੀਆਂ ਜਾਂਦੀਆਂ ਹਨ। ਜ਼ਮੀਨੀ ਪੱਧਰ ਦੇ ਨੇਤਾ ਜਿਵੇਂ ਸਰਪੰਚ, ਖ਼ਾਸ ਕਰਕੇ ਔਰਤਾਂ ਇਸ ਤਰੱਕੀ ਨੂੰ ਰਫ਼ਤਾਰ ਦੇਣ ਵਿੱਚ ਮੋਢੀ ਭੂਮਿਕਾ ਨਿਭਾਅ ਰਹੇ ਹਨ। ਮਾਰਚ 8 ਨੂੰ ਔਰਤ ਦਿਵਸ ਉਤੇ ਹਾਲ ਹੀ ਵਿੱਚ ਸੰਪੰਨ ਸਵੱਛ ਸ਼ਕਤੀ ਪ੍ਰੋਗਰਾਮ ਤਹਿਤ ਭਾਰਤ ਭਰ ਤੋਂ 6000 ਔਰਤ ਸਰਪੰਚਾਂ ਨੂੰ ਇਕੱਠੇ ਕੀਤਾ ਗਿਆ ਤਾਂ ਕਿ ਸਵੱਛ ਭਾਰਤ ਮਿਸ਼ਨ ਵਿੱਚ ਉਨ੍ਹਾਂ ਦੀ ਸਫਲਤਾ ਦਾ ਜਸ਼ਨ ਮਨਾਇਆ ਜਾ ਸਕੇ। ਗਾਂਧੀਨਗਰ ਵਿਖੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਵਲੋਂ ਸਵੱਛ ਭਾਰਤ ਮਿਸ਼ਨ ਅਤੇ

ਬੇਟੀ ਬਚਾਉ, ਬੇਟੀ ਪੜ੍ਹਾਉ ਵਰਗੇ ਪ੍ਰੋਗਰਾਮਾਂ ਵਿੱਚ ਔਰਤਾਂ ਦੀ ਅਗਵਾਈ ਵਾਲੀ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਵਲੋਂ ਔਰਤ ਸਵੱਛਤਾ ਜੇਤੂਆਂ ਨੂੰ ਇਨਾਮ ਵੀ ਵੰਡੇ ਗਏ ਜੋ ਆਪਣੇ ਸਮਾਜ ਦੇ ਮੈਂਬਰਾਂ ਲਈ ਪ੍ਰੇਰਨਾ ਦਾ ਸਰੋਤ ਹਨ।

**ਸਵੱਛ ਭਾਰਤ ਮਿਸ਼ਨ ਨੂੰ ਲੋਕਾਂ ਦਾ ਅੰਦੋਲਨ ਬਣਾਉਣ ਦੇ ਨਾਲ-ਨਾਲ ਪਖਾਨਿਆਂ ਦੀ ਤਕਨਾਲੋਜੀ ਅਤੇ ਪ੍ਰਥਾਵਾਂ ਦਾ ਭੇਦ ਖੋਲ੍ਹਣਾ ਵੀ ਬਹੁਤ ਅਹਿਮ ਹੈ। ਪੇਂਡੂ ਖੇਤਰਾਂ ਲਈ ਲਾਗਤ, ਸਥਿਰਤਾ ਅਤੇ ਪੁਨਰ ਵਰਤੋਂ ਦੇ ਮਾਮਲੇ ਵਿੱਚ ਸਭ ਤੋਂ ਢੁੱਕਵੀ ਤਕਨਾਲੋਜੀ ਦੋ ਖੱਡਿਆਂ ਵਾਲੇ ਮਾਡਲ ਦੀ ਹੈ। ਭਾਵੇਂ ਕਿ ਇਹ ਮਾਡਲ ਪੇਂਡੂ ਭਾਰਤ ਵਿੱਚ ਸਭ ਤੋਂ ਵੱਧ ਵਰਤਿਆ ਜਾਂਦਾ ਹੈ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ ਇਹ ਬਹੁਤ ਪ੍ਰਭਾਵੀ ਹੈ, ਪੇਂਡੂ ਪਰਿਵਾਰਾਂ ਵਲੋਂ ਇਸ ਨੂੰ ਅਪਣਾਉਣ ਲਈ ਮਨਾਉਣ ਵਾਸਤੇ ਹੋਰ ਯਤਨ ਅਤੇ ਇਸ ਦਾ ਬਾਜ਼ਾਰੀਕਰਨ ਕਰਨ ਦੀ ਲੋੜ ਹੈ। ਜਦੋਂ ਇਹ ਬੰਦ ਹੋਵੇ ਤਾਂ ਇਕ ਖੱਡੇ ਨੂੰ ਪਰਿਵਾਰ ਵਲੋਂ ਆਪਣੇ ਆਪ ਖਾਲੀ ਕਰਨਾ ਵੀ ਬਹੁਤ ਅਸਾਨ, ਸੁਰੱਖਿਅਤ ਅਤੇ ਵਾਤਾਵਰਨਿਕ ਤੌਰ ਤੇ ਢੁੱਕਵਾਂ ਕਾਰਜ ਹੈ। ਇਸ ਤੋਂ ਬਣਿਆ ਜੈਵਿਕ ਖਾਦ ਖੇਤੀਬਾੜੀ ਲਈ ਬਹੁਤ ਢੁੱਕਵਾਂ ਹੈ। ਜਿੰਨਾ ਵੱਧ ਸੀਨੀਅਰ ਅਧਿਕਾਰੀ ਅਤੇ ਉੱਘੇ ਵਿਅਕਤੀ ਪਖਾਨੇ ਦੇ ਖੱਡੇ ਆਪ ਖਾਲੀ ਕਰਨਗੇ ਤਾਂ ਮਿਸਾਲ ਵਜੋਂ ਦੂਜੇ ਪੇਂਡੂ ਪਰਿਵਾਰਾਂ ਨੂੰ ਵੀ ਇਹ ਆਪਣੇ ਆਪ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇਗਾ। ਇਸ ਨਾਲ ਦੋ ਖੱਡਿਆਂ ਦੀ ਤਕਨਾਲੋਜੀ ਅਪਣਾਉਣ ਵਿੱਚ ਵੀ ਤੇਜ਼ੀ ਆਵੇਗੀ।**

ਵਿਵਹਾਰਕ ਤਬਦੀਲੀ ਅਤੇ ਢੁੱਕਵੀਆਂ ਤਕਨਾਲੋਜੀ ਪ੍ਰਥਾਵਾਂ ਤੋਂ ਇਲਾਵਾ ਇਹ ਵੀ ਅਹਿਮ ਹੈ ਕਿ ਸਵੱਛਤਾ ਸਾਰਿਆਂ ਦਾ ਕੰਮ ਬਣ ਜਾਵੇ। ਇਸ ਪਾਸੇ ਸਾਰੇ ਖੇਤਰ, ਜਿਸ ਵਿੱਚ ਨਿੱਜੀ ਖੇਤਰ ਵੀ ਸ਼ਾਮਲ ਹੈ, ਸਾਫ-ਸਫਾਈ ਦੇ ਕੰਮ ਨੂੰ ਮੁੱਖ ਕੰਮ ਵਿੱਚ ਸ਼ਾਮਲ ਕਰਨ ਲਈ ਲਗਾਤਾਰ ਇਸ ਵਿੱਚ ਸ਼ਮੂਲੀਅਤ ਕਰ ਰਹੇ ਹਨ। ਨਿੱਜੀ ਖੇਤਰ ਇਸ ਪਾਸੇ ਵੱਲ ਵੱਡੇ ਯਤਨ ਕਰ ਰਿਹਾ ਹੈ, ਇਸ ਦੀ ਮਿਸਾਲ ਟਾਟਾ ਟ੍ਰਸਟ ਹੈ ਜਿਸ ਵਲੋਂ ਭਾਰਤ ਦੇ 600 ਜ਼ਿਲ੍ਹਿਆਂ ਲਈ ਨੌਜਵਾਨ ਪੇਸ਼ੇਵਰਾਂ ਦੀ ਭਰਤੀ ਕਰਕੇ ਉਨ੍ਹਾਂ ਨੂੰ ਸਿਖਲਾਈ ਅਤੇ ਵਿੱਤੀ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ। ਇਨ੍ਹਾਂ ਵਿੱਚੋਂ ਹਰੇਕ ਸਵੈ-ਸੇਵੀ ਕਾਰਜ ਕਰਤਾ ਨੂੰ ਇਕ ਜ਼ਿਲ੍ਹੇ ਵਿੱਚ ਤਾਇਨਾਤ ਕੀਤਾ ਜਾਵੇਗਾ ਜੋ ਸਵੱਛ ਭਾਰਤ ਮਿਸ਼ਨ ਨੂੰ ਗਤੀ ਦੇਣ ਲਈ ਜ਼ਿਲ੍ਹਾ ਅਧਿਕਾਰੀ ਦੀ ਮਦਦ ਕਰਨਗੇ। ਜਨਤਕ ਖੇਤਰ ਵਿੱਚ, ਪ੍ਰਧਾਨ ਮੰਤਰੀ ਦੀ ਪਹਿਲਕਦਮੀ ਤੇ ਹਰੇਕ ਪੰਦਰ੍ਹਵਾੜੇ 'ਸਵੱਛਤਾ ਪਖਵਾੜਾ' ਮਨਾਉਣ ਦੇ ਨਾਲ-ਨਾਲ ਹਰੇਕ ਕੇਂਦਰੀ ਮੰਤਰਾਲੇ ਵਲੋਂ ਇਕ ਸਵੱਛਤਾ ਕਾਰਜ ਯੋਜਨਾ (ਐੱਸ ਏ ਪੀ) ਤਿਆਰ ਕੀਤੀ ਗਈ ਹੈ, ਜਿਸ ਵਿੱਚ ਬਜਟ ਵੀ ਸ਼ਾਮਲ ਹੈ ਜੋ ਸਾਫ-ਸਫਾਈ ਨੂੰ ਵਪਾਰ ਦੀ ਮੁੱਖ ਲੜੀ ਨਾਲ ਏਕੀਕ੍ਰਿਤ ਕਰ ਦੇਵੇਗਾ। 2017-18 ਵਿੱਚ ਸਾਰੇ ਮੰਤਰਾਲਿਆਂ ਵਲੋਂ ਸਵੱਛਤਾ ਸੰਬੰਧਿਤ ਸਰਗਰਮੀਆਂ ਲਈ ਅੰਦਾਜਨ 5000 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਪ੍ਰਸਿੱਧ ਸਥਾਨਾਂ ਨੂੰ ਸਾਫ ਕਰਨਾ ਜਿਵੇਂ ਕਿ ਹਰਿਮੰਦਰ ਸਾਹਿਬ ਅਤੇ ਤਿਰੂਪਤੀ ਮੰਦਰ, ਉਨ੍ਹਾਂ ਨੂੰ ਵਿਸ਼ਵੀ ਮਿਆਰਾਂ ਤੱਕ ਅਤੇ ਗੰਗਾ ਕਿਨਾਰੇ ਵਸੇ ਪਿੰਡਾਂ ਦਾ ਮੁਹਾਂਦਰਾ ਬਦਲਣਾ, ਦੂਜੇ ਖੇਤਰਾਂ ਅਤੇ ਥਾਵਾਂ ਵਿੱਚ ਸਵੱਛਤਾ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੀਆਂ ਹੋਰ ਮਿਸਾਲਾਂ ਹਨ।

ਸਵੱਛ ਭਾਰਤ ਮਿਸ਼ਨ ਦਾ ਇਕ ਸਭ ਤੋਂ ਅਹਿਮ ਤੱਤ ਨਤੀਜਿਆਂ ਦੀ ਤਸਦੀਕ ਅਤੇ ਉਨ੍ਹਾਂ ਨੂੰ ਬਣਾਏ ਰੱਖਣਾ ਹੈ। ਇਹ ਪ੍ਰੋਗਰਾਮ ਦੀ ਭਰੋਸੇ ਯੋਗਤਾ ਲਈ ਖ਼ਾਸ ਤੌਰ ਤੇ ਅਹਿਮ ਹੈ। ਮੌਜੂਦਾ ਸਮੇਂ ਇਕ ਬਹੁ-ਪੜਾਵੀ ਪ੍ਰਕਿਰਿਆ ਅਪਣਾਈ ਜਾ ਰਹੀ ਹੈ। ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ ਉਤੇ ਤੀਜੀ ਧਿਰ ਵਲੋਂ ਤਸਦੀਕ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ, ਖੁੱਲ੍ਹੇ ਵਿੱਚ ਮਲ ਤਿਆਗ ਤੋਂ ਮੁਕਤੀ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਦੀ ਪ੍ਰਾਪਤੀ ਸਿਰਫ ਇਕ ਵਾਰ ਕੀਤਾ ਜਾਣ ਵਾਲਾ ਕੰਮ ਨਹੀਂ, ਪਿਛਲੀ ਸਰਕਾਰ ਦੇ ਪ੍ਰੋਗਰਾਮਾਂ ਦੀ ਤਰ੍ਹਾਂ। ਖੁੱਲ੍ਹੇ ਵਿੱਚ ਮਲ ਤਿਆਗ ਕਰਨ ਤੋਂ ਮੁਕਤੀ ਪਾਉਣਾ ਇਕ ਗੱਲ ਹੈ ਪਰ ਇਸ ਨੂੰ ਸਥਾਨਕ ਤੰਤਰ ਅਤੇ ਪ੍ਰੋਤਸਾਹਨਾਂ ਰਾਹੀਂ ਬਣਾਈ ਰੱਖਣਾ ਦੂਸਰੀ ਗੱਲ ਹੈ। ਰਾਜਾਂ ਨਾਲ ਮਿਲ ਕੇ ਐੱਮ ਡੀ ਡਬਲਯੂ ਐੱਸ ਵਲੋਂ ਇਕ ਸਥਿਰਤਾ ਪ੍ਰੋਟੋਕਾਲ ਵਿਕਸਤ ਕੀਤਾ ਗਿਆ ਹੈ ਅਤੇ ਇਸ ਤੇ ਪ੍ਰਭਾਵੀ ਤਰੀਕੇ ਨਾਲ ਅਮਲ ਕਰਨ ਦੀ ਲੋੜ ਹੈ। ਮੰਤਰਾਲੇ ਕੋਲ ਵਿਸ਼ਾਲ ਐੱਮ ਆਈ ਐੱਸ ਹੈ ਜੋ ਹਰੇਕ ਘਰ ਪੱਧਰ ਤੱਕ ਤਰੱਕੀ ਉਤੇ ਨਜ਼ਰ ਰੱਖਦਾ ਹੈ। ਐੱਮ ਆਈ ਐੱਸ ਅਤੇ ਸਵੱਛਤਾ ਐਪ ਜਨਤਾ ਲਈ ਉਪਲਬਧ ਹਨ। ਠੋਸ ਅਤੇ ਤਰਲ ਕਚਰਾ ਪ੍ਰਬੰਧਨ (ਐੱਸ ਐੱਲ ਡਬਲਯੂ ਐੱਮ) ਵੀ ਇਸ ਮਿਸ਼ਨ ਦਾ ਇਕ ਅਹਿਮ ਭਾਗ ਹਨ। ਦੇਸ਼ ਦੇ ਸੈਂਕੜੇ ਪਿੰਡਾਂ ਵਿੱਚ ਐੱਸ ਐੱਲ ਡਬਲਯੂ ਐੱਮ ਉਤੇ ਕੰਮ ਸ਼ੁਰੂ ਹੋ ਚੁੱਕਾ ਹੈ ਜਿਸ ਦਾ ਕੇਂਦਰ ਬਿੰਦੂ ਉਹ ਪਿੰਡ ਹਨ ਜਿੱਥੇ ਖੁੱਲ੍ਹੇ ਵਿੱਚ ਮਲ ਤਿਆਗ ਕਰਨ ਤੋਂ ਪਹਿਲਾਂ ਹੀ ਮੁਕਤੀ ਪਾਈ ਜਾ ਚੁੱਕੀ ਹੈ। ਐੱਮ ਡੀ ਡਬਲਯੂ ਐੱਸ ਵਲੋਂ ਪਿੰਡ ਸਵੱਛਤਾ ਸੂਚਕ ਵਿਕਸਤ ਕੀਤਾ ਗਿਆ ਹੈ, ਜਿਸ ਵਿੱਚ ਕੁੱਲ ਸਾਫ-ਸਫਾਈ ਲਈ ਪਿੰਡ ਆਪਣੇ ਆਪ ਨੂੰ ਨੰਬਰ ਦਿੰਦੇ ਹਨ ਅਤੇ ਅੰਕਾਂ ਦੇ ਅੱਗੇ ਜਾਣ ਉਤੇ ਆਪਣੀ ਤਰੱਕੀ ਨੂੰ ਮਾਪਦੇ ਹਨ। ਇਹ ਸੂਚਕ, ਜਿਸ ਵਿੱਚ ਓ ਡੀ ਐੱਫ ਰੁਤਬਾ, ਐੱਸ ਐੱਲ ਡਬਲਯੂ ਐੱਮ ਰੁਤਬਾ ਅਤੇ ਆਮ ਨਜ਼ਰ ਆਉਣ ਵਾਲੀ ਸਾਫ-ਸਫਾਈ ਇਕ ਪਿੰਡ ਨੂੰ ਓ ਡੀ ਐੱਫ ਤੱਕ ਜਾਣ ਵਿੱਚ ਮਦਦ ਕਰਦੇ ਹਨ ਜੋ ਓ ਡੀ ਐੱਫ ਹਾਸਲ ਕਰਨ ਤੋਂ ਬਾਅਦ ਕੁਦਰਤੀ ਤੌਰ ਤੇ ਦੂਜਾ ਪੜਾਅ ਹੁੰਦਾ ਹੈ।

ਅੱਧ ਤੱਕ ਪਹੁੰਚ ਕੇ ਸਵੱਛ ਭਾਰਤ ਮਿਸ਼ਨ ਵਧੀਆ ਤਰੱਕੀ ਕਰ ਰਿਹਾ ਹੈ ਪਰ ਕੇਂਦਰ ਅਤੇ ਰਾਜਾਂ ਵਿਚਲੇ ਟਕ ਪੂਰੀ ਤਰ੍ਹਾਂ ਸੁਚੇਤ ਹਨ ਅਗਲਾ ਰਸਤਾ ਬਹੁਤ ਲੰਮਾ ਅਤੇ ਵੰਗਾਰਾਂ ਭਰਪੂਰ ਹੈ। ਪ੍ਰਧਾਨ ਮੰਤਰੀ ਦੀ ਅਗਵਾਈ ਹੇਠ, ਸਾਰੇ ਰਾਜਾਂ ਦੇ ਰਾਜਸੀ ਆਗੂਆਂ, ਨੌਕਰਸ਼ਾਹਾਂ ਅਤੇ ਸਭ ਤੋਂ ਮਹੱਤਵਪੂਰਨ ਸਰਪੰਚਾਂ ਖ਼ਾਸ ਕਰਕੇ ਔਰਤਾਂ ਵਰਗੇ ਜ਼ਮੀਨੀ ਆਗੂਆਂ ਦੀ ਅਗਵਾਈ ਹੇਠ ਦੇਸ਼ ਭਰ ਵਿੱਚ ਇਹ ਸਪੱਸ਼ਟ ਸੋਚ ਹੈ ਕਿ ਇਹ ਜਨ-ਅੰਦੋਲਨ ਸਫਲ ਹੋਵੇਗਾ।

*(ਲੇਖਕ 1981 ਬੈਚ ਦੇ ਆਈ ਏ ਐੱਸ ਅਧਿਕਾਰੀ ਹਨ ਅਤੇ ਮੌਜੂਦਾ ਭਾਰਤ ਸਰਕਾਰ ਦੇ ਪੀਣ ਵਾਲੇ ਪਾਣੀ ਅਤੇ ਸਵੱਛਤਾ ਮੰਤਰਾਲਾ ਵਿੱਚ ਸਕੱਤਰ ਹਨ)*

*e-mail :param.iyer@gov.in*

# ਖੇਤੀਬਾੜੀ ਵਿਕਾਸ ਵਿੱਚ ਖੇਤੀ-ਨਿਵੇਸ਼ ਦਾ ਅਹਿਮ ਯੋਗਦਾਨ

ਵਸੰਤ ਪੀ. ਗਾਂਧੀ

ਜਾਣ ਪਛਾਣ

ਭਾਰਤ ਦੇ ਖੇਤੀਬਾੜੀ ਖੇਤਰ ਵਿੱਚ ਉਤਪਾਦਨ ਅਤੇ ਉਤਪਾਦਕਤਾ ਦੇ ਵਿਕਾਸ ਲਈ ਨਿਵੇਸ਼ ਨੇ ਵੱਡਾ ਯੋਗਦਾਨ ਪਾਇਆ ਹੈ ਅਤੇ ਨਿਵੇਸ਼ ਭਾਰਤ ਦੀ ਖੇਤੀਬਾੜੀ ਦੀ ਰੀੜ੍ਹ ਦੀ ਹੱਡੀ ਹੈ।

**ਇਹ ਨਿਵੇਸ਼ ਹੀ ਸੀ ਜੋ ਭਾਰਤ ਵਿੱਚ ਹਰਾ ਇਨਕਲਾਬ ਆਉਣ ਦਾ ਕਾਰਨ ਬਣਿਆ ਅਤੇ ਅਧਿਐਨ ਦਰਸਾਉਂਦੇ ਹਨ ਕਿ ਨਿਵੇਸ਼, ਖ਼ਾਸ ਕਰਕੇ ਜ਼ਿਆਦਾ ਝਾੜ ਵਾਲੀਆਂ ਕਿਸਮਾਂ (ਐੱਚ ਵਾਈ ਵੀ) ਦੇ ਬੀਜਾਂ, ਖਾਦਾਂ ਅਤੇ ਸਿੰਜਾਈ ਨੇ ਉਤਪਾਦਨ ਵਧਾਉਣ ਅਤੇ ਦੇਸ਼ ਦੇ ਅਨਾਜ ਉਤਪਾਦਨ ਵਿੱਚ ਵੱਡਾ ਵਾਧਾ ਕਰਨ ਲਈ ਬਹੁਤ ਅਹਿਮ ਭੂਮਿਕਾ ਨਿਭਾਈ। ਇਸ ਪ੍ਰਕਿਰਿਆ ਦੌਰਾਨ ਨਿਵੇਸ਼ ਦੀ ਵਰਤੋਂ ਬਹੁਤ ਜ਼ਿਆਦਾ ਵਧ ਗਈ ਹੈ। ਮਿਸਾਲ ਦੇ ਲਈ, ਕਣਕ ਦੀ ਫ਼ਸਲ ਲਈ ਖਾਦ ਦੀ ਵਰਤੋਂ 1950-51 ਦੇ 2 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਤੋਂ ਵਧ ਕੇ 1998-99 ਵਿੱਚ 137 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਹੋ ਗਈ, ਉੱਚ ਝਾੜ ਵਾਲੇ ਬੀਜ ਦੀ ਵਰਤੋਂ 1950-51 ਵਿੱਚ ਨਾ ਦੇ ਬਰਾਬਰ ਸੀ ਜੋ 1960-61 ਵਿੱਚ 88 ਪ੍ਰਤਿਸ਼ਤ ਖੇਤਰ ਵਿੱਚ ਫੈਲ ਗਈ ਅਤੇ ਕਣਕ ਦੀ ਸਿੰਜਾਈ ਵਾਲਾ ਖੇਤਰ 34 ਪ੍ਰਤਿਸ਼ਤ ਤੋਂ ਵਧ ਕੇ 89 ਪ੍ਰਤਿਸ਼ਤ ਹੋ ਗਿਆ।**

ਵਧਦੀ ਹੋਈ ਵਸੋਂ ਅਤੇ ਆਮਦਨ ਜ਼ਮੀਨ ਅਤੇ ਪਾਣੀ ਵਰਗੇ ਮੁੱਢਲੇ ਕੁਦਰਤੀ ਸਰੋਤਾਂ ਦੀ ਕਮੀ ਭਾਰਤ ਵਿੱਚ ਖੇਤੀ ਦੇ ਆਧੁਨਿਕੀਕਰਨ ਅਤੇ ਨਿਵੇਸ਼ ਵਿੱਚ ਵਾਧੇ ਦੇ ਪ੍ਰਮੁੱਖ ਕਾਰਨ ਬਣੇ ਹਨ (ਗਾਂਧੀ, 2014)। ਉਤਪਾਦਨ ਦੇ ਸਰੋਤ ਵਜੋਂ ਵਾਹੀਯੋਗ ਜ਼ਮੀਨ ਦੀ ਵੱਡੀ ਕਮੀ ਦੇ ਸਿੱਟੇ ਵਜੋਂ ਝਾੜ ਵਧਾਉਣ ਉਤੇ ਜ਼ਿਆਦਾ ਨਿਰਭਰਤਾ ਵਧ ਗਈ। ਇਸ ਕਾਰਨ ਝਾੜ ਵਿੱਚ ਵਾਧਾ ਕਰਨ ਲਈ ਵਿਗਿਆਨ ਅਤੇ ਤਕਨਾਲੋਜੀ ਉਤੇ ਵਧੇਰੇ ਧਿਆਨ ਕੇਂਦਰਿਤ ਕੀਤਾ ਗਿਆ ਜਿਸ ਦਾ ਨਤੀਜਾ ਵੱਡੀ ਗਿਣਤੀ ਵਿੱਚ ਨਵੀਆਂ ਖੋਜਾਂ ਅਤੇ ਨਵੀਆਂ ਤਕਨਾਲੋਜੀਆਂ ਅਤੇ ਨਿਵੇਸ਼ ਦੇ ਵਿਕਾਸ ਦੇ ਰੂਪ ਵਿੱਚ ਨਿਕਲਿਆ ਇਸ ਵਿੱਚ ਹੇਠ ਲਿਖੇ ਸ਼ਾਮਲ ਹਨ :

- ਬੇਹਤਰ ਜਣਨ ਵਿਗਿਆਨ/ਵੱਧ ਝਾੜ ਦੇਣ ਵਾਲੇ ਬੀਜ।
- ਖਾਦਾਂ ਰਾਹੀਂ ਪੌਦਿਆਂ ਦਾ ਬੇਹਤਰ ਪੋਸ਼ਣ।
- ਪਾਣੀ ਸਰੋਤ ਤਕਨਾਲੋਜੀ ਅਤੇ ਪ੍ਰਬੰਧਨ ਰਾਹੀਂ ਪਾਣੀ ਬੇਹਤਰ ਤਰੀਕੇ ਨਾਲ ਪ੍ਰਦਾਨ ਕਰਨਾ।
- ਕੀਟਨਾਸ਼ਕਾਂ ਦੁਆਰਾ ਕੀੜੇ ਮਕੌੜਿਆਂ ਉਤੇ ਬੇਹਤਰ ਨਿਯੰਤ੍ਰਣ।
- ਬੇਹਰਤ ਸਰੀਰਕ ਅਤੇ ਸਮੇਂ ਦੀ ਕੁਸ਼ਲਤਾ ਲਈ ਬੇਹਤਰ ਬਿਜਲੀ ਅਤੇ ਮਸ਼ੀਨਰੀ।

ਹਾਲੀਆ ਸਮਿਆਂ ਵਿੱਚ, ਯਤਨਾਂ ਵਿੱਚ ਨਾ ਸਿਰਫ ਸਰਕਾਰੀ ਪ੍ਰਣਾਲੀਆਂ ਅਤੇ ਸੰਸਥਾਨ ਹੀ ਸ਼ਾਮਲ ਸਨ, ਸਗੋਂ ਨਿੱਜੀ ਖੇਤਰ ਦੇ ਉਦਯੋਗ ਅਤੇ ਕਾਰੋਬਾਰ ਵੀ ਸ਼ਾਮਲ ਸਨ ਜੋ ਖੇਤੀਬਾੜੀ ਵਿਕਾਸ ਵਿੱਚ ਨਿਵੇਸ਼ ਅਤੇ ਖੋਜ ਲਈ ਆਪਣਾ ਯੋਗਦਾਨ ਪਾਉਂਦੇ ਹਨ। ਇਸ ਨੇ ਵੱਖ-ਵੱਖ ਨਵੇਂ ਖੇਤੀ ਉਦਯੋਗਾਂ ਅਤੇ ਖੇਤੀ ਕਾਰੋਬਾਰਾਂ ਦੇ ਵਿਕਾਸ ਨੂੰ ਰਫ਼ਤਾਰ ਦਿੱਤੀ ਹੈ। ਇਸ ਵਿੱਚ ਬੀਜ ਉਦਯੋਗ, ਖਾਦ ਉਦਯੋਗ, ਸਿੰਜਾਈ ਦੇ ਸੰਦ ਅਤੇ ਉਸਾਰੀ ਉਦਯੋਗ, ਖੇਤੀ-ਰਸਾਇਣ ਉਦਯੋਗ, ਖੇਤੀ ਮਸ਼ੀਨਰੀ ਉਦਯੋਗ ਅਤੇ ਹੋਰ ਸ਼ਾਮਲ ਹਨ। ਇਨ੍ਹਾਂ ਵਲੋਂ ਹੁਣ ਖੇਤੀਬਾੜੀ ਵਿੱਚ ਜ਼ਮੀਨ ਅਤੇ ਸਰੋਤਾਂ ਦੀ ਕਮੀ ਉਤੇ ਕਾਬੂ ਪਾਉਣ ਲਈ ਵਿਸ਼ਾਲ ਯੋਗਦਾਨ ਪਾਇਆ ਜਾ ਰਿਹਾ ਹੈ। ਮੌਜੂਦਾ ਸਮੇਂ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਅਹਿਮ ਉਦਯੋਗਾਂ ਦੇ ਯੋਗਦਾਨ ਤੋਂ ਬਿਨਾਂ ਦੁਨੀਆਂ ਨੂੰ ਅਨਾਜ ਮੁਹੱਈਆ ਕਰਵਾਉਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇਸ ਲੇਖ ਵਿੱਚ ਪ੍ਰਮੁੱਖ ਖੇਤੀਬਾੜੀ ਨਿਵੇਸ਼ਾਂ ਦੇ ਵਾਧੇ ਅਤੇ ਰੁਝਾਨਾਂ ਦਾ ਮੁੱਲਾਂਕਣ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਪਾਣੀ, ਖਾਦਾਂ, ਬੀਜ, ਕੀਟਨਾਸ਼ਕ ਅਤੇ ਖੇਤੀ ਬਿਜਲੀ/ਮਸ਼ੀਨਰੀ ਸ਼ਾਮਲ ਹਨ ਜੋ ਭਾਰਤੀ ਖੇਤੀਬਾੜੀ ਵਿੱਚ ਕੁੱਝ ਸਭ ਤੋਂ ਮਹੱਤਵਪੂਰਨ ਵਧੀਕ ਨਿਵੇਸ਼ ਬਣਦੇ ਹਨ।

ਹੇਠਾਂ ਤਾਲਿਕਾ-1 ਵਿੱਚ 1980ਵਿਆਂ ਦੇ ਸ਼ੁਰੂ ਤੋਂ 2014-15 (ਜਾਂ ਮੌਜੂਦਾ ਸਾਲ) ਤੱਕ ਕੁੱਝ ਪ੍ਰਮੁੱਖ ਖੇਤੀਬਾੜੀ ਨਿਵੇਸ਼ਾਂ ਦੀ ਝਲਕ ਦਿਖਾਈ ਜਾ ਰਹੀ ਹੈ ਜੋ ਦਿਖਾਉਂਦਾ ਹੈ ਕਿ ਬੀਜ ਦਾ ਵਪਾਰ 6.7 ਗੁਣਾ ਵਧ ਕੇ 45.0 ਤੋਂ 301.4 ਲੱਖ ਕੁਇੰਟਲ ਤੱਕ ਪਹੁੰਚ ਗਿਆ ਹੈ। ਖਾਦਾਂ ਦਾ ਕਾਰੋਬਾਰ 42 ਗੁਣਾ ਵਧ ਕੇ 60.6 ਲੱਖ ਟਨ ਤੋਂ 255.8 ਲੱਖ ਟਨ ਤੱਕ ਪਹੁੰਚ ਗਿਆ ਹੈ। ਜ਼ਮੀਨ ਹੇਠਲੇ ਪਾਣੀ ਨਾਲ ਸਿੰਜਾਈ ਅਤੇ ਇਸ ਦੇ ਸੰਦਾਂ ਦਾ ਕਾਰੋਬਾਰ ਦੁੱਗਣੇ ਤੋਂ ਵੱਧ ਹੋ ਗਿਆ ਹੈ ਅਤੇ ਇਸ ਦਾ ਦਾਇਰਾ 187.4 ਹੈਕਟੇਅਰ ਤੋਂ ਵਧ ਕੇ 412.6 ਲੱਖ ਹੈਕਟੇਅਰ ਹੋ ਗਿਆ ਹੈ। ਖੇਤੀ ਮਸ਼ੀਨਰੀ ਦਾ ਪ੍ਰਤਿਨਿਧੀ ਟਰੈਕਟਰ ਕਾਰੋਬਾਰ 8 ਗੁਣਾ ਤੋਂ ਵਧ ਕੇ 74.3

| ਤਾਲਿਕਾ-1: ਚੋਣਵੇਂ ਖੇਤੀਬਾੜੀ ਨਿਵੇਸ਼ਾਂ ਵਿੱਚ ਹਾਲੀਆ ਵਾਧਾ | | | | | |
|---|---|---|---|---|---|
| ਸਾਲ | ਪ੍ਰਮਾਣਿਤ ਗੁਣਵੱਤਾ ਵਾਲੇ ਬੀਜਾਂ ਦੀ ਵਿਕਰੀ (ਲੱਖ ਕੁਇੰਟਲ) | ਪੋਸ਼ਕਾਂ ਵਿੱਚ ਖਾਦਾਂ ਦੀ ਖਪਤ (ਲੱਖ ਟਨ) | ਕੀਟਨਾਸ਼ਕ ਤਕਨੀਕੀ ਗ੍ਰੇਡ ਸਮੱਗਰੀ ਦੀ ਵਿਕਰੀ (ਹਜ਼ਾਰ ਟਨ) | ਜ਼ਮੀਨੀ ਪਾਣੀ ਨਾਲ ਸਿੰਜਾਈ (ਖੂਹ ਤੇ ਟਿਊਬਵੈੱਲ) ਸਿੰਜਾਈ ਹੇਠਲਾ ਕੁੱਲ ਖੇਤਰ (ਲੱਖ ਹੈਕਟੇਅਰ) | ਟਰੈਕਟਰਾਂ ਦੀ ਵਿਕਰੀ ਦੀ ਸਮੀਖਿਆ (ਹਜ਼ਾਰਾਂ ਵਿੱਚ) |
| 1981-82 | ਉਪਲਬਧ ਨਹੀਂ | 60.6 | 47.0 | 187.4 | ਉਪਲਬਧ ਨਹੀਂ |
| 1983-84 | 45.0 | 77.1 | 55.0 | 193.9 | 74.3 |
| 1991-92 | 57.5 | 127.3 | 72.1 | 260.4 | 150.6 |
| 2001-02 | 91.8 | 173.6 | 47.0 | 351.8 | 225.3 |
| 2005-06 | 126.8 | 203.4 | 39.8 | 360.7 | 296.1 |
| 2010-11 | 277.3 | 281.2 | 55.5 | 390.6 | 545.1 |
| 2011-12 | 294.9 | 277.9 | 53.0 | 405.4 | 607.7 |
| 2012-13 | 313.4 | 258.0 | 45.6 | 412.6 | 590.7 |
| 2013-14 | 301.4 | 239.6 | 58.2 | ਉਪਲਬਧ ਨਹੀਂ | 696.8 |
| 2014-15 | ਉਪਲਬਧ ਨਹੀਂ | 255.8 | ਉਪਲਬਧ ਨਹੀਂ | ਉਪਲਬਧ ਨਹੀਂ | 626.8 |
| ਵਾਧਾ (ਬਹੁ-ਪੱਖੀ) | ×6.7 | ×4.2 | ×1.2 | ×2.2 | ×8.4 |

*ਸਰੋਤ: ਗਾਂਧੀ (2014), ਆਰਥਿਕ ਤੇ ਅੰਕੜਾ ਨਿਰਦੇਸ਼ਾਲਾ, ਖੇਤੀਬਾੜੀ ਮੰਤਰਾਲਾ, ਭਾਰਤ ਸਰਕਾਰ, 2014 ਅਤੇ ਫਰਟੀਲਾਈਜ਼ਰ ਐਸੋਸੀਏਸ਼ਨ ਆਫ ਇੰਡੀਆ, 2013.*

| ਤਾਲਿਕਾ-2 : ਪਾਣੀ : ਸਿੰਜਾਈ ਹੇਠਲੇ ਖੇਤਰ ਵਿੱਚ ਵਾਧਾ | | | | | | | | |
|---|---|---|---|---|---|---|---|---|
| | | | | | | | (ਹਜ਼ਾਰ ਹੈਕਟੇਅਰ ਵਿੱਚ) | |
| ਸਾਲ | ਬਿਜਾਈ ਹੇਠਲਾ ਸ਼ੁੱਧ ਖੇਤਰ | ਫ਼ਸਲ ਹੇਠਲਾ ਕੁੱਲ ਖੇਤਰ | ਫ਼ਸਲੀ ਘਣਤਾ(%) | ਸਿੰਜਾਈ ਹੇਠਲਾ ਸ਼ੁੱਧ ਖੇਤਰ | ਸਿੰਜਾਈ ਹੇਠਲਾ ਕੁੱਲ ਖੇਤਰ | ਸਿੰਜਾਈ ਘਣਤਾ(%) | ਸਿੰਜਾਈ ਹੇਠ ਪ੍ਰਤਿਸ਼ਤ ਖੇਤਰ | |
| | | | | | | | ਸ਼ੁੱਧ | ਕੁੱਲ |
| 1980-81 | 140288 | 172630 | 123.1 | 38720 | 49775 | 128.6 | 27.6 | 28.8 |
| 1990-91 | 142870 | 185742 | 130.0 | 48023 | 63204 | 131.6 | 33.6 | 34.0 |
| 2000-01 | 141336 | 185340 | 131.1 | 55205 | 76187 | 138.0 | 39.1 | 41.1 |
| 2005-06 | 141162 | 192737 | 136.5 | 60837 | 84280 | 138.5 | 43.1 | 43.7 |
| 2010-11 | 141563 | 197563 | 139.6 | 63657 | 88887 | 139.6 | 45.0 | 45.0 |
| 2011-12 | 140974 | 195632 | 138.8 | 65693 | 91729 | 139.6 | 46.6 | 46.9 |
| 2012-13 | 139932 | 194399 | 138.9 | 66103 | 92575 | 140.0 | 47.2 | 47.6 |
| **ਸਾਲਾਨਾ ਵਿਕਾਸ ਦਰ** | | | | | | | | |
| 1980/81-2012/13 | -0.02 | 0.36 | 0.38 | 1.66 | 1.97 | 0.30 | 1.68 | 1.61 |
| 1980/81-1990/91 | -0.02 | 0.50 | 0.52 | 1.91 | 2.33 | 0.41 | 1.93 | 1.82 |
| 1990/91-2000/01 | -0.07 | 0.24 | 0.31 | 1.70 | 2.26 | 0.55 | 1.77 | 2.01 |
| 2000/01-2010/11 | 0.16 | 0.69 | 0.52 | 1.66 | 1.83 | 0.17 | 1.49 | 1.14 |
| 2010/11-2012/13 | -0.58 | -0.80 | -0.25 | 1.90 | 2.05 | 0.15 | 2.50 | 2.88 |

*ਸਰੋਤ : ਖੇਤੀ ਮੰਤਰਾਲਾ, ਭਾਰਤ ਸਰਕਾਰ*


ਤੋਂ 626.8 ਹਜ਼ਾਰ ਟਰੈਕਟਰਾਂ ਤੱਕ ਪੁੱਜ ਗਿਆ ਹੈ।

***ਪਾਣੀ :*** ਸਿੰਜਾਈ-ਪਾਣੀ ਖੇਤੀਬਾੜੀ ਦਾ ਇਕ ਮੁੱਢਲਾ ਨਿਵੇਸ਼ ਹੈ ਅਤੇ ਉਪਰ ਤਾਲਿਕਾ-2 ਦਿਖਾਉਂਦੀ ਹੈ ਕਿ 1980-81 ਦੇ 38 ਮਿਲੀਅਨ ਹੈਕਟੇਅਰ ਦੇ ਮੁਕਾਬਲੇ 2012-13 ਵਿੱਚ 66 ਮਿਲੀਅਨ ਹੈਕਟੇਅਰ ਹੋਣ ਨਾਲ ਸਿੰਜਾਈ ਹੇਠਲੇ ਕੁੱਲ ਖੇਤਰ ਵਿੱਚ ਵੱਡਾ ਵਾਧਾ ਹੋਇਆ ਹੈ। ਸਾਲ ਦਰ ਸਾਲ ਸ਼ੁੱਧ ਸਿੰਜਾਈ ਹੇਠਲੇ ਖੇਤਰ ਵਿੱਚ ਵਾਧਾ ਨਿਰੰਤਰ ਰਿਹਾ ਹੈ ਜੋ ਅਸਲ ਵਿੱਚ 2010-11 ਤੋਂ ਬਾਅਦ ਵਧ ਕੇ ਪ੍ਰਤਿ ਸਾਲ 1.90 ਪ੍ਰਤਿਸ਼ਤ ਰਿਹਾ ਹੈ। 1980-81 ਤੋਂ 2012-13 ਤੱਕ ਕੁੱਲ ਸਿੰਜਾਈ ਹੇਠਲਾ ਖੇਤਰ 49 ਮਿਲੀਅਨ ਹੈਕਟੇਅਰ ਤੋਂ ਵਧ ਕੇ 92 ਮਿਲੀਅਨ ਹੈਕਟੇਅਰ ਹੋ ਗਿਆ ਹੈ (ਵੇਖੋ ਚਿੱਤਰ-1)। 1980ਵਿਆਂ ਅਤੇ 1990ਵਿਆਂ ਦੌਰਾਨ ਪ੍ਰਤਿ ਸਾਲ 2.3 ਪ੍ਰਤਿਸ਼ਤ ਦੀ ਦਰ ਨਾਲ ਵਿਕਾਸ ਕਾਫੀ ਤੇਜ਼ ਰਿਹਾ ਹੈ ਪਰ 2000 ਦੇ ਦੌਰਾਨ

ਇਸ ਦੀ ਰਫ਼ਤਾਰ ਘਟ ਕੇ 1.8 ਪ੍ਰਤਿਸ਼ਤ ਪ੍ਰਤਿ ਸਾਲ ਹੋ ਗਈ। 2010-11 ਵਿੱਚ ਇਹ ਦਰ ਦੁਬਾਰਾ ਵਧ ਕੇ 2.05 ਪ੍ਰਤਿਸ਼ਤ ਹੋ ਗਈ। ਸਿੰਜਾਈ ਹੇਠਲਾ ਕੁੱਲ ਪ੍ਰਤਿਸ਼ਤ ਖੇਤਰ 1980-81 ਤੋਂ 2012-13 ਦੌਰਾਨ ਕਾਫੀ ਵਧ ਕੇ 28.8 ਪ੍ਰਤਿਸ਼ਤ ਤੋਂ 47.6 ਪ੍ਰਤਿਸ਼ਤ ਹੋ ਗਿਆ। ਪਰ 2000-01 ਤੋਂ 2010-11 ਦੇ ਕਾਲ ਖੰਡ ਦੌਰਾਨ ਸਿੰਜਾਈ ਹੇਠਲੇ ਪ੍ਰਤਿਸ਼ਤ ਖੇਤਰ ਵਾਧੇ ਦੀ ਦਰ ਡਿਗ ਕੇ 1.14 ਪ੍ਰਤਿਸ਼ਤ ਹੋ ਗਈ ਹੈ ਪਰ ਸਾਲ 2010-11 ਤੋਂ ਬਾਅਦ ਇਹ ਦਰ ਵਧ ਕੇ 2.88 ਪ੍ਰਤਿਸ਼ਤ ਹੋ ਗਈ। ਇਹ ਸਿੰਜਾਈ ਖੇਤਰ ਵਿੱਚ ਪੁਨਰ-ਜਾਗਰਣ ਨੂੰ ਦਿਖਾਉਂਦਾ ਹੈ ਜੋ ਹਾਂ ਪੱਖੀ ਸੰਕੇਤ ਹੈ। ਸਿੰਜਾਈ ਹੇਠਲੇ ਖੇਤਰਾਂ ਵਿੱਚ ਬੇਹਤਰ ਵਿਕਾਸ ਦੇ ਕਾਰਨ ਹਾਲੀਆ ਵਰ੍ਹਿਆਂ ਵਿੱਚ ਜਲ ਸਰੋਤਾਂ ਦੀ ਸੰਭਾਲ ਅਤੇ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਵਿੱਚ ਸੁਧਾਰ ਲਈ ਕੀਤੇ ਵਿਆਪਕ ਯਤਨ ਹੋ ਸਕਦੇ ਹਨ। ਇਨ੍ਹਾਂ ਵਿੱਚ ਭਾਗੀਦਾਰੀ ਵਾਲਾ ਸਿੰਜਾਈ ਪ੍ਰਬੰਧਨ (ਪੀ ਆਈ ਐੱਮ), ਵਾਟਰਸ਼ੈੱਡ ਦਾ ਵਿਕਾਸ ਅਤੇ ਪਾਣੀ ਦੀ ਸੰਭਾਲ ਕਰਨ ਵਾਲੀਆਂ ਤਕਨਾਲੋਜੀਆਂ ਸ਼ਾਮਲ ਹਨ, ਜਿਵੇਂ ਤੁਪਕਾ ਅਤੇ ਫੁਹਾਰਾ ਸਿੰਜਾਈ।

ਹੇਠਾਂ ਤਾਲਿਕਾ-3 ਵਿੱਚ ਸਿੰਜਾਈ ਦੇ ਸਰੋਤ ਅਤੇ ਸਾਲ ਦਰ ਸਾਲ ਇਸ ਦੇ ਰੁਝਾਨ ਦਿਖਾਏ ਗਏ ਹਨ। ਤਾਲਿਕਾ ਵਿੱਚ ਦਿਖਾਇਆ ਗਿਆ ਹੈ ਕਿ ਮੌਜੂਦਾ ਸਮੇਂ ਸਿੰਜਾਈ ਹੇਠਲੇ ਖੇਤਰ ਦਾ ਸਿਰਫ 24 ਪ੍ਰਤਿਸ਼ਤ ਹੀ ਨਹਿਰਾਂ ਰਾਹੀਂ ਸਿੰਜਿਆ ਜਾਂਦਾ ਹੈ ਜਦ ਕਿ 62 ਪ੍ਰਤਿਸ਼ਤ ਖੇਤਰ ਦੀ ਸਿੰਜਾਈ ਖੂਹਾਂ ਨਾਲ ਕੀਤੀ ਜਾਂਦੀ ਹੈ। ਨਹਿਰੀ ਸਿੰਜਾਈ ਹੇਠਲੇ ਖੇਤਰ ਵਿੱਚ -0.15 ਪ੍ਰਤਿਸ਼ਤ ਦਾ ਨਾਂਹ-ਮੁਖੀ ਰੁਝਾਨ ਵੇਖਣ ਨੂੰ ਮਿਲਦਾ ਹੈ ਪਰ 2010-11 ਦੌਰਾਨ ਇਹ ਬਦਲ ਕੇ 0.74 ਪ੍ਰਤਿਸ਼ਤ ਹਾਂਮੁਖੀ ਹੋ ਗਿਆ। ਦੂਜੇ ਪਾਸੇ, ਖੂਹਾਂ ਦੇ ਪਾਣੀ ਨਾਲ ਸਿੰਜੇ ਜਾਣ ਵਾਲੇ (ਜ਼ਮੀਨੀ ਪਾਣੀ) ਖੇਤਰ ਵਿੱਚ 80ਵਿਆਂ ਅਤੇ 90ਵਿਆਂ ਦੌਰਾਨ 3 ਪ੍ਰਤਿਸ਼ਤ ਤੋਂ ਵੱਧ ਦੀ ਦਰ ਨਾਲ ਵੱਡਾ ਵਾਧਾ ਹੋਇਆ ਹੈ ਪਰ 2000-01 ਅਤੇ 2010-11 ਦੌਰਾਨ ਇਸ ਵਿੱਚ 1.5 ਪ੍ਰਤਿਸ਼ਤ ਦੀ ਵੱਡੀ ਗਿਰਾਵਟ ਆਈ। ਇਸ ਪਿੱਛੋਂ 2.63 ਪ੍ਰਤਿਸ਼ਤ ਦਾ ਵਾਧਾ ਵੇਖਣ ਨੂੰ ਮਿਲਿਆ। ਵਿਕਾਸ ਦਾ ਵੱਡਾ ਕਾਰਕ ਟਿਊਬਵੈੱਲ ਵਾਲੀ ਸਿੰਜਾਈ ਰਹੀ ਹੈ

ਚਿੱਤਰ-1 : ਸ਼ੁੱਧ ਅਤੇ ਕੁੱਲ ਸਿੰਜਾਈ ਹੇਠਲੇ ਖੇਤਰ ਦੇ ਰੁਝਾਨ





ਤਾਲਿਕਾ-3 : ਸਿੰਜਾਈ ਸਰੋਤਾਂ ਰਾਹੀਂ ਸਿੰਜਿਆ ਖੇਤਰ

(ਹਜ਼ਾਰ ਹੈਕਟੇਅਰ)

| ਸਾਲ | ਸਰਕਾਰੀ ਨਹਿਰਾਂ | ਨਿੱਜੀ ਨਹਿਰਾਂ | ਕੁੱਲ ਨਹਿਰਾਂ | ਕੁੰਡ | ਟਿਊਬਵੈੱਲ | ਦੂਜੇ ਖੂਹ | ਕੁੱਲ ਖੂਹ | ਹੋਰ ਸਰੋਤ | ਸਿੰਜਾਈ ਹੇਠਲਾ ਸ਼ੁੱਧ ਖੇਤਰ |
|---|---|---|---|---|---|---|---|---|---|
| 1980-81 | 14450 | 842 | 15292 | 3182 | 9531 | 8164 | 17695 | 2551 | 38720 |
| 1990-91 | 16973 | 481 | 17453 | 2944 | 14257 | 10438 | 24695 | 2932 | 48023 |
| 2000-01 | 15809 | 203 | 16012 | 2466 | 22566 | 11252 | 33818 | 2909 | 55205 |
| 2005-06 | 16490 | 227 | 16718 | 2083 | 26026 | 10044 | 36070 | 5966 | 60837 |
| 2010-11 | 15476 | 171 | 15647 | 1980 | 28544 | 10630 | 39175 | 6855 | 63657 |
| 2011-12 | 15838 | 172 | 16010 | 1918 | 29942 | 10595 | 40537 | 7228 | 65693 |
| 2012-13 | 15462 | 165 | 15628 | 1748 | 30497 | 10764 | 41261 | 7466 | 66103 |
| ਕੁੱਲ ਸਿੰਜਾਈ ਵਿੱਚ ਹਿੱਸਾ (2012-13) | 23.39 | 0.25 | 23.64 | 2.64 | 46.14 | 16.28 | 62.42 | 11.30 | 100.00 |
| **ਸਾਲਾਨਾ ਵਿਕਾਸ ਦਰ** | | | | | | | | | |
| 1980/81-2012/13 | -0.06 | -4.26 | -0.15 | -2.02 | 3.84 | 0.69 | 2.73 | 3.84 | 1.66 |
| 1980/81-1990/91 | 1.06 | -2.70 | 0.91 | -1.51 | 4.09 | 1.99 | 3.18 | 2.20 | 1.91 |
| 1990/91-2000/01 | -0.18 | -10.92 | -0.39 | -2.23 | 4.82 | 1.48 | 3.53 | -0.32 | 1.70 |
| 2000/01-2010/11 | 0.76 | -1.17 | 0.74 | -1.70 | 2.27 | -0.34 | 1.48 | 7.71 | 1.66 |
| 2010/11-2012/13 | -0.05 | -1.69 | -0.06 | -6.04 | 3.36 | 0.63 | 2.63 | 4.36 | 1.90 |

*ਸਰੋਤ : ਖੇਤੀਬਾੜੀ ਮੰਤਰਾਲਾ, ਕੇਂਦਰੀ ਜਲ ਆਯੋਗ, ਜਲ ਸਰੋਤ ਜਾਣਕਾਰੀ ਪ੍ਰਣਾਲੀ, ਐੱਮ ਓ ਐੱਸ ਪੀ ਐੱਲ, ਭਾਰਤ ਸਰਕਾਰ*

ਚਿੱਤਰ-2 : ਸਰੋਤ ਵਾਰ ਸਿੰਜਾਈ ਹੇਠਲਾ ਖੇਤਰ




| ਤਾਲਿਕਾ-4 : ਭਾਰਤ ਵਿੱਚ ਪੋਸ਼ਕਾਂ ਅੰਦਰ ਖਾਦਾਂ ਦੀ ਖਪਤ | | | | |
|---|---|---|---|---|
| | | | ਲੱਖ ਟਨ | |
| ਸਾਲ | ਨਾਈਟ੍ਰੋਜਨ ਖਾਦਾਂ (ਐੱਨ) | ਫਾਸਫੇਟ ਖਾਦਾਂ(ਪੀ) | ਪੋਟਾਸ਼ ਖਾਦਾਂ(ਕੇ) | ਕੁੱਲ ਖਾਦਾਂ |
| 1980-81 | 36.78 | 12.14 | 6.24 | 55.16 |
| 1990-91 | 79.97 | 32.21 | 13.28 | 125.46 |
| 2000-01 | 109.20 | 42.15 | 15.67 | 167.02 |
| 2005-06 | 127.23 | 52.04 | 24.13 | 203.40 |
| 2010-11 | 165.58 | 80.50 | 35.14 | 281.22 |
| 2011-12 | 173.00 | 79.14 | 25.76 | 277.90 |
| 2012-13 | 180.36 | 59.55 | 18.13 | 258.04 |
| 2013-14 | 165.25 | 54.58 | 19.76 | 239.59 |
| 2014-15(ਪੀ) | 169.45 | 60.98 | 25.32 | 255.76 |
| **ਸਾਲਾਨਾ ਵਿਕਾਸ ਦਰ** | | | | |
| 1980/81-2014/15 | 4.32 | 4.87 | 4.54 | 4.49 |
| 1980/81-1990/91 | 7.66 | 10.17 | 6.96 | 8.18 |
| 1990/91-2000/01 | 4.10 | 4.37 | 3.36 | 4.08 |
| 2000/01-2010/11 | 4.79 | 7.03 | 9.98 | 5.95 |
| 2010/11-2014/15 | 1.31 | -6.44 | -10.50 | -2.06 |

ਨੋਟ (ਪੀ=ਆਰਜ਼ੀ (ਪ੍ਰੋਵੀਜ਼ਨ)


*ਸਰੋਤ : ਫਰਟੀਲਾਈਜਰਜ਼ ਐਸੋਸੀਏਸ਼ਨ ਆਫ ਇੰਡੀਆ, ਦਿੱਲੀ*

ਜਿਸ ਵਿੱਚ 80ਵਿਆਂ ਅਤੇ 90ਵਿਆਂ ਦੌਰਾਨ 4 ਪ੍ਰਤਿਸ਼ਤ ਤੋਂ ਵੱਧ ਦੀ ਦਰ ਨਾਲ ਕਾਫੀ ਵਾਧਾ ਹੋਇਆ ਪਰ 2000-01 ਅਤੇ 2010-11 ਦੌਰਾਨ ਇਸ ਵਿੱਚ 2.27 ਪ੍ਰਤਿਸ਼ਤ ਦੀ ਦਰ ਨਾਲ ਗਿਰਾਵਟ ਆਈ। ਫਿਰ ਇਸ ਵਿੱਚ 3.36 ਪ੍ਰਤਿਸ਼ਤ ਦੀ ਦਰ ਨਾਲ ਤੇਜ਼ੀ ਆਈ (ਵੇਖੋ ਚਿੱਤਰ-2)। ਇਹ ਖੋਜਾਂ ਦੱਸਦੀਆਂ ਹਨ ਕਿ ਪਿਛਲੇ ਦਹਾਕਿਆਂ ਦੌਰਾਨ ਜ਼ਮੀਨ ਹੇਠਲੇ ਪਾਣੀ ਨਾਲ ਸਿੰਜਾਈ ਉਤੇ ਨਿਰਭਰਤਾ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। 2000-01 ਅਤੇ 2010-11 ਦਰਮਿਆਨ ਕੁੱਝ ਗਿਰਾਵਟ ਵੇਖਣ ਵਿੱਚ ਆਈ ਜਿਸ ਤੋਂ ਉੱਭਰ ਰਹੀਆਂ ਮਜਬੂਰੀਆਂ ਦਾ ਪਤਾ ਲਗਦਾ ਹੈ ਪਰ ਜ਼ਮੀਨ ਹੇਠਲੇ ਪਾਣੀ ਨਾਲ ਸਿੰਜਾਈ ਵਿੱਚ 2010-11 ਤੋਂ ਫਿਰ ਵਾਧਾ ਦਰਜ ਕੀਤਾ ਗਿਆ।

**ਸ਼ਾਇਦ ਇਸ ਦਾ ਕਾਰਨ ਬੇਹਤਰ ਪ੍ਰਬੰਧਨ ਅਤੇ ਜ਼ਮੀਨ ਹੇਠਲੇ ਪਾਣੀ ਦੀ ਜ਼ਿਆਦਾ ਕੁਸ਼ਲਤਾ ਨਾਲ ਵਰਤੋਂ ਕਰਨਾ ਹੈ। ਇਸ ਦੇ ਕਾਰਨ ਵਿਸ਼ੇਸ਼ ਜਾਪਦੇ ਹਨ ਜੋ ਇਸ ਦਿਸ਼ਾ ਵੱਲ ਕੀਤੇ ਗਏ ਹਨ। ਇਨ੍ਹਾਂ ਵਿੱਚ ਕੁੱਝ ਖੇਤਰਾਂ ਵਿੱਚ ਚੈਕਡੈਮ ਬਣਾ ਕੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਵਾਧਾ ਕਰਨਾ, ਦੂਜੇ ਖੇਤਰਾਂ ਵਿੱਚ ਵਾਟਰਸ਼ੈੱਡ ਦੇ ਵਿਕਾਸ ਲਈ ਗਤੀਵਿਧੀਆਂ ਅਤੇ ਸਿੰਜਾਈ ਦੇ ਕੁਸ਼ਲ ਤਰੀਕੇ ਇਸਤੇਮਾਲ ਕਰਨਾ, ਜਿਵੇਂ ਤੁਪਕਾ ਅਤੇ ਫੁਹਾਰਾ ਸਿੰਜਾਈ ਆਦਿ ਸ਼ਾਮਲ ਹੋ ਸਕਦੇ ਹਨ।**

***ਖਾਦਾਂ :*** ਖਾਦਾਂ ਖੇਤੀਬਾੜੀ ਲਈ ਬਹੁਤ ਮਹੱਤਵਪੂਰਨ ਆਧੁਨਿਕ ਨਿਵੇਸ਼ ਹਨ ਕਿਉਂਕਿ ਇਹ ਮਿੱਟੀ ਦੇ ਉਪਜਾਊਪਨ ਦੀ ਸਮੱਸਿਆ ਦਾ ਹੱਲ ਕਰਦੀਆਂ ਹਨ ਜੋ ਝਾੜ ਲਈ ਬਹੁਤ ਅਹਿਮ ਹੁੰਦਾ ਹੈ। ਹੇਠਾਂ ਤਾਲਿਕ-4 ਵਿੱਚ ਦਰਸਾਇਆ ਗਿਆ ਹੈ ਕਿ 1980-81 ਅਤੇ 2014-15 ਦਰਮਿਆਨ ਖਾਦਾਂ ਦੀ ਵਰਤੋਂ ਵਿੱਚ 4.5 ਪ੍ਰਤਿਸ਼ਤ ਦਰ ਨਾਲ 55 ਮਿਲੀਅਨ ਟਨ ਤੋਂ 255 ਮਿਲੀਅਨ ਟਨ ਦਾ ਵੱਡਾ ਵਾਧਾ ਹੋਇਆ ਹੈ। ਪਰ, 1980ਵਿਆਂ ਦੌਰਾਨ ਖਾਦਾਂ ਦੀ ਵਰਤੋਂ ਵਿੱਚ 8 ਪ੍ਰਤਿਸ਼ਤ ਦੀ ਦਰ ਨਾਲ ਕਾਫੀ ਜ਼ਿਆਦਾ ਵਾਧਾ ਹੋਇਆ ਜੋ 90ਵਿਆਂ ਵਿੱਚ ਘਟ ਕੇ 4 ਪ੍ਰਤਿਸ਼ਤ ਪ੍ਰਤਿ ਸਾਲ ਹੋ ਗਿਆ। 2000-01 ਅਤੇ 2010-11 ਦੌਰਾਨ ਇਹ ਵਧ ਕੇ 6 ਪ੍ਰਤਿਸ਼ਤ ਹੋ ਗਈ। ਪਰ 2010-11 ਤੋਂ ਬਾਅਦ ਇਕ ਨਾਂਹ-ਮੁਖੀ ਰੁਝਾਨ ਚੱਲ ਰਿਹਾ ਹੈ ਅਤੇ ਖਾਦਾਂ ਦੀ ਵਰਤੋਂ ਵਿੱਚ ਕਾਫੀ ਕਮੀ ਆਈ ਹੈ। ਵਾਧੇ ਦੀ ਦਰ ਡਿਗ ਕੇ -2.06 ਪ੍ਰਤਿਸ਼ਤ ਹੋ ਗਈ। ਫਾਸਫੇਟਿਕ ਖਾਦਾਂ ਵਿੱਚ ਘਾਟੇ ਦੀ ਦਰ -6.44 ਪ੍ਰਤਿਸ਼ਤ ਅਤੇ ਪੋਟਾਸ਼ੀਅਮ ਖਾਦਾਂ ਵਿੱਚ -10.50 ਪ੍ਰਤਿਸ਼ਤ ਹੋ ਗਈ। ਇਥੋਂ ਤੱਕ ਕਿ ਨਾਈਟ੍ਰੋਜਨ ਖਾਦਾਂ ਦੀ ਵਿਕਾਸ ਦਰ ਵੀ ਮੱਠੀ ਹੋ ਕੇ ਸਿਰਫ 1.31 ਪ੍ਰਤਿਸ਼ਤ ਰਹਿ ਗਈ (ਵੇਖੋ ਚਿੱਤਰ-3)।

**ਚਿੱਤਰ-3 : ਖਾਦਾਂ ਦੀ ਖਪਤ**





ਤਾਲਿਕਾ-5: ਭਾਰਤ ਅੰਦਰ ਪ੍ਰਮਾਣਿਤ ਗੁਣਵੱਤਾ ਵਾਲੇ ਬੀਜਾਂ ਦੀ ਵਰਤੋਂ ਦੀ ਫ਼ਸਲ ਵਾਰ ਵੰਡ

(ਲੱਖ ਕੁਇੰਟਲ)

| ਸਾਲ | ਅਨਾਜ | ਦਾਲਾਂ | ਨੌਂ ਤੇਲ ਬੀਜ | ਰੇਸ਼ੇ | ਆਲੂ | ਹੋਰ | ਕੁੱਲ |
|---|---|---|---|---|---|---|---|
| 1990-91 | 34.70 | 3.41 | 8.59 | 2.16 | 7.97 | 0.27 | 57.10 |
| 2000-01 | 59.47 | 3.85 | 12.54 | 2.91 | 7.23 | 0.27 | 86.27 |
| 2005-06 | 86.73 | 7.37 | 24.35 | 2.89 | 5.08 | 0.33 | 126.75 |
| 2010-11 | 182.62 | 20.83 | 50.61 | 2.64 | 20.08 | 0.55 | 277.34 |
| 2011-12 | 189.69 | 22.26 | 61.49 | 3.09 | 18.32 | 1.64 | 294.85 |
| 2012-13 | 204.37 | 24.51 | 58.41 | 2.95 | 23.20 | 1.73 | 313.44 |
| 2013-14 | 183.03 | 27.80 | 61.09 | 2.87 | 26.60 | 1.97 | 301.39 |
| **ਵਿਕਾਸ ਦਰ** | | | | | | | |
| 1990/91-2013/14 | 8.69 | 10.51 | 9.29 | 1.14 | 4.61 | 8.56 | 8.40 |
| 1990/91-2000/01 | 6.49 | 1.91 | 3.81 | 4.90 | -0.35 | -6.91 | 5.00 |
| 2000/01-2010/11 | 12.64 | 17.42 | 16.69 | -0.93 | 9.59 | 8.66 | 13.13 |
| 2010/11-2013/14 | 0.82 | 10.10 | 5.27 | 2.06 | 11.40 | 47.42 | 3.15 |

ਸਰੋਤ: ਭਾਰਤੀ ਖੇਤੀਬਾੜੀ ਖੋਜ ਸੰਸਥਾਨ, ਖੇਤੀਬਾੜੀ ਮੰਤਰਾਲਾ, ਭਾਰਤ ਸਰਕਾਰ

**ਚਿੱਤਰ-4 : ਪ੍ਰਮਾਣਿਤ ਗੁਣਵੱਤਾ ਵਾਲੇ ਬੀਜਾਂ ਦੀ ਵਰਤੋਂ**




ਇਹ ਬਦਲਾਅ ਖਾਦਾਂ ਦੀ ਸਬਸਿਡੀ ਵਿੱਚ ਪਰਿਵਰਤਨ ਅਤੇ ਕੀਮਤਾਂ ਦੀਆਂ ਨੀਤੀਆਂ ਨਾਲ ਸੰਬੰਧਿਤ ਜਾਪਦੇ ਹਨ। ਪੋਸ਼ਕ ਅਧਾਰਤ ਸਬਸਿਡੀਆਂ (ਐੱਨ ਪੀ ਐੱਸ) ਵੱਲ ਰੁਝਾਨ ਬਦਲਣ ਨਾਲ ਫਾਸਫੇਟਿਕ (ਪੀ) ਅਤੇ ਪੋਟਾਸ਼ੀਅਮ (ਕੇ) ਖਾਦਾਂ ਲਈ ਸਬਸਿਡੀ ਦੀ ਵਰਤੋਂ ਕਾਫੀ ਘਟ ਗਈ ਹੈ। ਇਸੇ ਹੀ ਸਮੇਂ ਇਨ੍ਹਾਂ ਦੀਆਂ ਕੀਮਤਾਂ ਉਤੇ ਨਿਯੰਤ੍ਰਣ ਹਟਾ ਲਿਆ ਗਿਆ ਹੈ ਅਤੇ ਇਨ੍ਹਾਂ ਬਦਲਾਵਾਂ ਦਾ ਨਤੀਜਾ ਫਾਸਫੇਟ ਅਤੇ ਪੋਟਾਸ਼ੀਅਮ ਖਾਦਾਂ ਦੀ ਕੀਮਤ ਵਿੱਚ ਵੱਡੇ ਵਾਧੇ ਦੇ ਰੂਪ ਵਿੱਚ ਨਿਕਲਿਆ ਹੈ। ਨਤੀਜਤਨ ਪੈਦਾ ਹੋਏ ਅਸੰਤੁਲਨ ਨੇ ਐੱਨ ਖਾਦਾਂ ਦੀ ਉਤਪਾਦਕਤਾ ਨੂੰ ਵੀ ਪ੍ਰਭਾਵਿਤ ਕੀਤਾ ਹੈ ਜਿਸ ਨਾਲ ਇਸ ਦੀ ਵਰਤੋਂ ਘਟੀ ਹੈ। ਇਸ ਕਰਕੇ, ਭਾਰਤੀ ਖੇਤੀ ਪ੍ਰਮੁੱਖ ਪੋਸ਼ਕ ਅਤੇ ਮਿੱਟੀ ਦੇ ਉਪਜਾਊਪਨ ਦੇ ਸੰਕਟ ਵੱਲ ਵਧਦੀ ਜਾਪਦੀ ਹੈ ਜਿਸ ਦਾ ਖੇਤੀ ਉਤਪਾਦਨ ਉਤੇ ਗੰਭੀਰ ਅਸਰ ਪਵੇਗਾ। ਖਾਦਾਂ ਦੀਆਂ ਕੀਮਤਾਂ ਦੇ ਨਿਜ਼ਾਮ ਵਿੱਚ ਸੁਧਾਰ ਕਰਨ ਦੀ ਵੱਡੀ ਲੋੜ ਹੈ।


***ਬੀਜ :*** ਖੇਤੀਬਾੜੀ ਉਤਪਾਦਨ ਵਿੱਚ ਵਾਧਾ ਕਰਨ ਲਈ ਗੁਣਵੱਤਾ ਵਾਲੇ ਪ੍ਰਮਾਣਿਤ ਬੀਜਾਂ ਦਾ ਨਿਵੇਸ਼ ਬਹੁਤ ਮਹੱਤਵ ਰੱਖਦਾ ਹੈ। ਹੇਠਲੀ ਤਾਲਿਕਾ-5 ਵਿੱਚ ਭਾਰਤ ਅੰਦਰ ਗੁਣਵੱਤਾ ਵਾਲੇ ਬੀਜਾਂ ਦੀ ਵਰਤੋਂ ਦਾ ਰੁਝਾਨ ਦਿਖਾਇਆ ਗਿਆ ਹੈ। 2012-13 ਸਾਲ ਅੰਦਰ ਬੀਜਾਂ ਦੀ ਵੰਡ 313 ਲੱਖ ਕੁਇੰਟਲ ਦੇ ਉੱਚ ਪੱਧਰ ਤੱਕ ਪਹੁੰਚ ਗਈ। ਇਸ ਵਿੱਚ ਵੱਡਾ ਹਿੱਸਾ ਅਨਾਜ ਦਾ ਸੀ ਜੋ 204 ਲੱਖ ਕੁਇੰਟਲ ਬਣਦਾ ਸੀ। ਕੁੱਲ ਮਿਲਾ ਕੇ 1990-91 ਅਤੇ 2013-14 ਦੌਰਾਨ ਬੀਜਾਂ ਦੀ ਵਰਤੋਂ ਵਿੱਚ 8.4 ਪ੍ਰਤਿਸ਼ਤ ਪ੍ਰਤਿ ਸਾਲ ਦੀ ਦਰ ਨਾਲ ਤੇਜ਼ ਵਾਧਾ ਹੋਇਆ। 2000-01 ਅਤੇ 2010-11 ਦੇ ਸਮੇਂ ਦੌਰਾਨ 13 ਪ੍ਰਤਿਸ਼ਤ ਕੁੱਲ ਦਰ ਦੇ ਹਿਸਾਬ ਨਾਲ ਖ਼ਾਸ ਵਾਧਾ ਹੋਇਆ। ਦਾਲਾਂ ਵਿੱਚ ਇਹ ਵਾਧਾ 17 ਪ੍ਰਤਿਸ਼ਤ ਅਤੇ ਤੇਲ ਵਾਲੇ ਬੀਜਾਂ ਵਿੱਚ 16 ਪ੍ਰਤਿਸ਼ਤ ਸੀ (ਵੇਖੋ ਚਿੱਤਰ-4)।ਪਰ ਰੇਸ਼ੇ ਦੇ ਮਾਮਲੇ ਵਿੱਚ ਮਾਤਰਾ ਵਿੱਚ ਇਸ ਸਮੇਂ ਦੌਰਾਨ -0.93 ਪ੍ਰਤਿਸ਼ਤ ਦੀ ਗਿਰਾਵਟ ਆਈ ਹੈ, ਸ਼ਾਇਦ ਇਸ ਦਾ ਕਾਰਨ ਬੀ.ਟੀ. ਕਾਟਨ ਬੀਜਾਂ ਦੀ ਵਰਤੋਂ ਦਾ ਰੁਝਾਨ ਹੈ ਜੋ ਮਹਿੰਗੇ ਹੁੰਦੇ ਹਨ। 2010-11 ਤੋਂ ਬਾਅਦ ਕੁੱਲ ਵਿਕਾਸ ਦਰ 13.13 ਪ੍ਰਤਿਸ਼ਤ ਤੋਂ ਘਟ ਕੇ 3.15 ਪ੍ਰਤਿਸ਼ਤ ਰਹਿ ਗਈ ਜਿਸ ਦਾ ਮੁੱਖ ਕਾਰਨ ਦਾਲਾਂ ਅਤੇ ਤੇਲ ਬੀਜਾਂ ਦੀ ਜ਼ਿਆਦਾ ਮੱਠੀ ਵਿਕਾਸ ਦਰ ਰਹੀ। ਪਰ ਦੂਜੇ ਬੀਜਾਂ ਦੀ ਵਰਤੋਂ, ਜਿਸ ਵਿੱਚ ਸਬਜ਼ੀਆਂ ਸ਼ਾਮਲ ਹਨ, ਇਨ੍ਹਾਂ ਦੀ ਮਾਤਰਾ ਭਾਵੇਂ ਘੱਟ ਸੀ, ਪਰ ਇਨ੍ਹਾਂ ਵਿੱਚ ਕਾਫੀ ਵਾਧਾ ਹੋਇਆ ਜੋ ਵੱਡੀ ਮੰਗ ਵੱਲ ਇਸ਼ਾਰਾ ਕਰਦਾ ਹੈ। ਕੁੱਲ ਮਿਲਾ ਕੇ ਪ੍ਰਮਾਣਿਤ

ਬੀਜਾਂ ਦੀ ਵਰਤੋਂ ਵਿੱਚ ਸਿਹਤਮੰਦ ਵਾਧਾ ਨਜ਼ਰ ਆਇਆ, ਸਿਰਫ 2010-11 - 2013-14 ਨੂੰ ਛੱਡ ਕੇ ਜਦੋਂ ਮੰਦੀ ਦਾ ਦੌਰ ਸੀ। ਇਸ ਵਾਧੇ ਦਾ ਕਾਰਨ ਕਿਸਾਨਾਂ ਵਲੋਂ ਆਧੁਨਿਕ ਤਕਨਾਲੋਜੀ ਅਤੇ ਬੇਹਤਰੀਨ ਬੀਜਾਂ ਦੀ ਵਰਤੋਂ ਲਈ ਦਿਖਾਈ ਉਤਸੁਕਤਾ ਜਾਪਦੀ ਹੈ। ਹਾਲੀਆ ਮੰਦੀ ਕਾਰਨ ਹੈ ਜਿਸ ਦਾ ਕਾਰਨ ਘੱਟ ਮੀਂਹ ਅਤੇ ਘੱਟ ਮੁਨਾਫਾ ਹਨ।

| ਤਾਲਿਕਾ-6 : ਕੀਟਨਾਸ਼ਕਾਂ ਦੀ ਖਪਤ | |
|---|---|
| | (ਹਜ਼ਾਰ ਟਨ ਵਿੱਚ) |
| ਸਾਲ | ਖਪਤ |
| 1980-1981 | 45.00 |
| 1985-1986 | 52.00 |
| 1990-1991 | 75.00 |
| 1995-1996 | 61.26 |
| 2000-2001 | 43.58 |
| 2005-2006 | 39.77 |
| 2010-2011 | 55.54 |
| 2011-2012 | 52.98 |
| 2012-2013 | 45.62 |
| 2013-2014 | 58.21 |
| **ਸਾਲਾਨਾ ਵਿਕਾਸ ਦਰ** | |
| 1980/81-2013/14 | -0.82 |
| 1980/81-1990/91 | 5.41 |
| 1990/91-2000/01 | -5.37 |
| 2000/01-2010/11 | 0.55 |
| 2010/11-2013/14 | -0.09 |

*ਸਰੋਤ :ਨਿਵੇਸ਼ ਸਰਵੇਖਣ ਬਾਰੇ ਸਰਬ ਭਾਰਤੀ ਰਿਪੋਰਟ, ਖੇਤੀ ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ, ਖੇਤੀ ਅਤੇ ਕਿਸਾਨ ਭਲਾਈ ਮੰਤਰਾਲਾ।*

**ਚਿੱਤਰ-5 : ਕੀਟਨਾਸ਼ਕਾਂ ਦੀ ਖਪਤ**




***ਕੀਟਨਾਸ਼ਕ :*** ਕੀਟਨਾਸ਼ਕਾਂ ਦੀ ਵਰਤੋਂ ਫ਼ਸਲਾਂ ਨੂੰ ਕੀੜੇ ਮਕੌੜਿਆਂ ਵਲੋਂ ਪੁਚਾਏ ਜਾਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਅਹਿਮ ਹੈ। ਤਾਲਿਕਾ-6 ਤੋਂ ਵੇਖਿਆ ਜਾ ਸਕਦਾ ਹੈ ਕਿ 1980-81 ਦੇ 45 ਹਜ਼ਾਰ ਟਨ ਦੇ ਮੁਕਾਬਲੇ 1990-91 ਵਿੱਚ ਕੀਟਨਾਸ਼ਕਾਂ ਦੀ ਖਪਤ ਵਧ ਕੇ 75 ਹਜ਼ਾਰ ਟਨ ਹੋ ਗਈ ਪਰ 2005-06 ਦੌਰਾਨ ਇਹ ਘਟ ਕੇ 40 ਹਜ਼ਾਰ ਟਨ ਰਹਿ ਗਈ। ਉਦੋਂ ਤੋਂ ਲੈ ਕੇ 2013-14 ਤੱਕ ਇਹ ਵਧ ਕੇ 58 ਹਜ਼ਾਰ ਟਨ ਤੱਕ ਪਹੁੰਚ ਗਈ ਹੈ (ਵੇਖੋ ਚਿੱਤਰ-5)। ਕੁੱਲ ਮਿਲਾ ਕੇ ਵਿਕਾਸ ਦਰ 0.82 ਪ੍ਰਤਿਸ਼ਤ ਨਾਲ ਨਾਂਹਮੁਖੀ ਹੈ ਅਤੇ ਇਹ

| ਤਾਲਿਕਾ-7 : ਕਿਸਮ ਦੇ ਲਿਹਾਜ਼ ਤੋਂ ਭਾਰਤ ਵਿੱਚ ਕੀਟਨਾਸ਼ਕਾਂ ਦੀ ਖਪਤ | | | |
|---|---|---|---|
| | | | (ਮੀਟਰਿਕ ਟਨ) |
| ਸਾਲ | ਕੀਟਨਾਸ਼ਕ | ਉੱਲੀਨਾਸ਼ਕ | ਘਾਹ-ਫੂਸ ਨਾਸ਼ਕ |
| 2006-07 | 38.23 | 23.12 | 11.14 |
| 2007-08 | 39.19 | 26.99 | 12.91 |
| 2008-09 | 38.2 | 35.32 | 12.43 |
| 2009-10 | 34.65 | 31.55 | 8.66 |
| 2010-11 | 45.75 | 26.74 | 10.01 |
| 2011-12 | 39.36 | 44.38 | 7.92 |
| 2012-13 | 32.78 | 45.72 | 6.59 |
| 2013-14 | 29.02 | 58.88 | 12.05 |
| **ਸਾਲਾਨਾ ਵਿਕਾਸ ਦਰ** | | | |
| 2006/07-2013/14 | -3.39 | 12.40 | 0.99 |


*ਸਰੋਤ :ਖੇਤੀਬਾੜੀ ਮੰਤਰਾਲਾ, ਭਾਰਤ ਸਰਕਾਰ*

2010-11 ਤੋਂ ਬਾਅਦ ਵੀ ਰਤਾ ਕੁ ਨਾਂਹਮੁਖੀ ਹੈ। ਇਸ ਦਾ ਕਾਰਨ ਕੀਟਨਾਸ਼ਕਾਂ ਬਾਰੇ ਵਾਤਾਵਰਣਿਕ ਖਦਸ਼ੇ ਅਤੇ ਕੀਟ ਰੋਧੀ ਕਿਸਮਾਂ ਦਾ ਵਿਕਾਸ ਹੈ, ਜਿਵੇਂ ਕਿ ਬੀ.ਟੀ. ਕਾਟਨ ਜਿਸ ਨੂੰ ਜ਼ਿਆਦਾ ਕੀਟਨਾਸ਼ਕਾਂ ਦੀ ਵਰਤੋਂ ਦੀ ਲੋੜ ਨਹੀਂ ਪੈਂਦੀ। ਨਾਲ ਹੀ, ਜ਼ਿਆਦਾ ਪ੍ਰਭਾਵੀ ਅਤੇ ਘੱਟ ਭਾਰ ਵਾਲੇ ਕੀਟਨਾਸ਼ਕ ਵੀ ਹੁਣ ਉਪਲਬਧ ਹਨ।


ਹੇਠਾਂ ਤਾਲਿਕਾ-7 ਵਿੱਚ ਵੱਖ-ਵੱਖ ਪ੍ਰਕਾਰ ਦੇ ਕੀਟਨਾਸ਼ਕਾਂ ਦੇ ਤਾਜ਼ਾ ਰੁਝਾਨ ਦਿਖਾਏ ਗਏ ਹਨ। ਇਸ ਵਿੱਚ ਦਰਸਾਇਆ ਗਿਆ ਹੈ ਕਿ ਭਾਵੇਂ ਕੀਟਨਾਸ਼ਕਾਂ ਅੰਦਰ 3.39 ਪ੍ਰਤਿਸ਼ਤ ਦੀ ਨਾਂਹਮੁਖੀ ਵਿਕਾਸ ਦਰ ਨਜ਼ਰ ਆ ਰਹੀ ਹੈ, ਪਰ ਉੱਲੀ ਨਾਸ਼ਕ 12.40 ਪ੍ਰਤਿਸ਼ਤ ਦੀ ਮਜਬੂਤ ਵਿਕਾਸ ਦਰ ਦਿਖਾ ਰਹੇ ਹਨ। ਜੜੀ ਬੂਟੀ ਨਾਸ਼ਕ/ਘਾਹ ਫੂਸ ਨਾਸ਼ਕ ਵੀ 2006-07 ਅਤੇ 2013-14 ਦਰਮਿਆਨ ਵਾਧੇ ਦਾ ਰੁਝਾਨ ਦਿਖਾ ਰਹੇ ਹਨ (ਵੇਖੋ ਚਿੱਤਰ-6)। ਕੀਟਨਾਸ਼ਕਾਂ ਦੀ ਵਰਤੋਂ ਵਿੱਚ ਨਾਂਹਮੁਖੀ ਰੁਝਾਨ ਵਾਤਾਵਰਣਿਕ ਖਦਸ਼ਿਆਂ ਅਤੇ ਉਨ੍ਹਾਂ ਦੇ ਬਹੁਤ ਜ਼ਿਆਦਾ ਜ਼ਹਿਰੀਲੇਪਨ ਕਾਰਨ ਹੋ ਸਕਦਾ ਹੈ। ਇਸ ਤੋਂ ਇਲਾਵਾ ਕੀਟ ਰੋਧੀ ਕਿਸਮਾਂ ਜਿਵੇਂ ਕਿ ਬੀ.ਟੀ. ਕਾਟਨ ਦਾ ਵਿਕਾਸ ਵੀ ਇਸ ਦਾ ਕਾਰਨ ਹੋ ਸਕਦਾ ਹੈ। ਉੱਲੀ-ਨਾਸ਼ਕਾਂ ਦੀ ਵਰਤੋਂ ਵਿੱਚ ਵਾਧਾ ਪੌਦਿਆਂ ਦੀਆਂ ਬਿਮਾਰੀਆਂ ਦੀ ਲਗਾਤਾਰ ਵਧ ਰਹੀ ਮਹੱਤਤਾ ਕਾਰਨ ਹੋ ਸਕਦਾ ਹੈ ਜਿਸ ਦੀਆਂ ਰੋਧਕ ਕਿਸਮਾਂ ਉਪਲਬਧ ਨਹੀਂ ਹਨ। ਘਾਹ-ਫੂਸ ਨਾਸ਼ਕਾਂ ਦੀ ਵਰਤੋਂ ਮਜ਼ਦੂਰਾਂ ਦੀ ਉੱਚ ਲਾਗਤ ਕਾਰਨ ਵਧ ਰਹੀ ਹੈ।

***ਖੇਤੀ ਮਸ਼ੀਨਰੀ ਅਤੇ ਸੰਦ :*** ਖੇਤੀਬਾੜੀ ਨਾਲ ਸੰਬੰਧਿਤ ਮਸ਼ੀਨਰੀ ਅਤੇ ਹੋਰ ਸਾਜ਼-ਸਮਾਨ ਖੇਤੀ ਲਈ ਲਗਾਤਾਰ ਮਹੱਤਵਪੂਰਨ ਨਿਵੇਸ਼ ਬਣਦੇ ਜਾ ਰਹੇ ਹਨ। ਹੇਠਾਂ ਦਿੱਤੀ ਤਾਲਿਕਾ-8 ਭਾਰਤ ਵਿੱਚ ਟ੍ਰੈਕਟਰਾਂ ਦਾ ਉਤਪਾਦਨ ਅਤੇ ਵਿਕਰੀ ਵਿੱਚ ਵਾਧੇ ਨੂੰ ਦਰਸਾਉਂਦੀ ਹੈ। 1980-81 ਵਿੱਚ ਟ੍ਰੈਕਟਰਾਂ ਦੀ ਵਿਕਣ ਦੀ ਗਿਣਤੀ 70 ਹਜ਼ਾਰ ਸੀ ਜੋ 2013-14 ਵਿੱਚ 10 ਗੁਣਾ ਵਧ ਕੇ ਲਗਭਗ 700 ਹਜ਼ਾਰ ਹੋ ਗਈ ਹੈ। 1980-81 ਤੋਂ 2014-15 ਦੀ ਵਿਕਾਸ ਦਰ 6.87 ਪ੍ਰਤਿਸ਼ਤ ਹੈ।2000-01 ਤੋਂ 2010-11 ਦੌਰਾਨ ਇਹ ਦਰ ਵਧ ਕੇ 9.93 ਪ੍ਰਤਿਸ਼ਤ ਹੋ

ਚਿੱਤਰ-6 : ਉਤਪਾਦ ਵਾਰ ਕੀਟਨਾਸ਼ਕਾਂ ਦੀ ਖਪਤ




ਚਿੱਤਰ-7 : ਟ੍ਰੈਕਟਰਾਂ ਦੀ ਵਿੱਕਰੀ




**ਤਾਲਿਕਾ-8: ਭਾਰਤ ਵਿੱਚ ਟ੍ਰੈਕਟਰਾਂ ਦਾ ਉਤਪਾਦਨ ਅਤੇ ਵਿਕਰੀ**

| ਸਾਲ | ਟ੍ਰੈਕਟਰਾਂ ਦੀ ਸੰਖਿਆ | |
|---|---|---|
| | ਉਤਪਾਦਨ | ਵਿਕਰੀ |
| 1980-81 | 71024 | 72012 |
| 1985-86 | 75550 | 76886 |
| 1990-91 | 139233 | 139828 |
| 1995-96 | 191311 | 191329 |
| 2000-01 | 235602 | 251939 |
| 2005-06 | 296080 | 291680 |
| 2010-11 | 530303 | 545128 |
| 2011-12 | 625946 | 607658 |
| 2012-13 | 578112 | 590672 |
| 2013-14 | 707898 | 696828 |
| 2014-15 | 612994 | 626839 |
| **ਸਾਲਾਨਾ ਵਿਕਾਸ ਦਰ** | | |
| 1980/81-2014/15 | 6.79 | 6.87 |
| 1980/81-1990/91 | 6.41 | 6.73 |
| 1990/91-2000/01 | 7.87 | 8.10 |
| 2000/01-2010/11 | 10.38 | 9.93 |
| 2010/11-2014/15 | 4.21 | 4.25 |

*ਨੋਟ : ਵਿਕਰੀ ਵਿੱਚ ਨਿਰਯਾਤ ਵੀ ਸ਼ਾਮਲ ਹੈ*

*ਸਰੋਤ : ਖੇਤੀ ਮੰਤਰਾਲਾ, ਭਾਰਤ ਸਰਕਾਰ*

ਗਈ ਜੋ 2010-11 ਤੋਂ ਬਾਅਦ ਇਹ ਦਰ ਅੱਧੀ ਹੋ ਕੇ 4.25 ਪ੍ਰਤਿਸ਼ਤ ਰਹਿ ਗਈ (ਵੇਖੋ ਤਾਲਿਕਾ-8)। ਇਸ ਤਰ੍ਹਾਂ ਪਿਛਲੇ ਸਾਲ ਟ੍ਰੈਕਟਰਾਂ ਦੀ ਵਿਕਰੀ ਦੇ ਵਾਧੇ ਵਿੱਚ ਕਾਫੀ ਮੰਦੀ ਨੂੰ ਦਰਸਾਉਂਦੇ ਹਨ।

ਹੇਠਾਂ ਤਾਲਿਕਾ-9 ਵਿੱਚ ਖੇਤੀਬਾੜੀ ਮਸ਼ੀਨਰੀ ਦੀਆਂ ਵੱਖ-ਵੱਖ ਮਹੱਤਵਪੂਰਨ ਵਸਤਾਂ ਦੀ ਵਰਤੋਂ ਕਰਕੇ ਕ੍ਰਿਆਸ਼ੀਲ ਜਾਇਦਾਦ ਦੀ ਸੰਖਿਆ ਦੱਸੀ ਗਈ ਹੈ। ਇਹ ਤਾਲਿਕਾ- ਦਿਖਾਉਂਦੀ ਹੈ ਕਿ ਡੀਜ਼ਲ ਪੰਪ-ਸੈੱਟ ਦਾ ਇਸਤੇਮਾਲ ਕਰਨ ਵਾਲੀ ਜ਼ਮੀਨ ਲਗਭਗ 7 ਪ੍ਰਤਿਸ਼ਤ ਦਾ ਮੁਕਾਬਲਤਨ ਸਥਿਰ ਵਾਧਾ ਦਿਖਾਉਂਦੀ ਹੈ ਜਦ ਕਿ 1981-82 ਤੋਂ 2011-12 ਦਰਮਿਆਨ ਬਿਜਲੀ ਵਾਲੇ ਪੰਪ-ਸੈੱਟ ਦਾ ਇਸਤੇਮਾਲ ਕਰਨ ਵਾਲੀ ਜਾਇਦਾਦ ਦੇ ਵਾਧੇ ਦੀ ਦਰ ਕੁੱਲ ਮਿਲਾ ਕੇ 5.79 ਪ੍ਰਤਿਸ਼ਤ ਸੀ। 2001-02 ਤੋਂ 2011-12 ਦੌਰਾਨ ਇਹ ਘਟ ਕੇ 1.93 ਪ੍ਰਤਿਸ਼ਤ ਰਹਿ ਗਈ (ਵੇਖੋ ਚਿੱਤਰ-8)। ਇਸੇ ਤਰ੍ਹਾਂ ਹੀ ਬਿਜਲੀ ਦੇ ਹਲ ਅਤੇ ਟ੍ਰੈਕਟਰ ਦੀ ਵਰਤੋਂ ਕਰਨ ਵਾਲੀਆਂ ਜਾਇਦਾਦਾਂ ਵੀ 2001-02 ਤੋਂ 2011-12 ਦੌਰਾਨ ਕ੍ਰਮਵਾਰ 8.44 ਪ੍ਰਤਿਸ਼ਤ ਅਤੇ 13.31 ਪ੍ਰਤਿਸ਼ਤ ਨਾਲ ਕਮੀ ਦਿਖਾ ਰਹੀਆਂ ਹਨ। ਇਹ ਵਿਕਾਸ ਦਰਾਂ ਕੁੱਲ ਮਿਲਾ ਕੇ ਤੇਜ਼ ਵਿਕਾਸ ਦਰ ਵੱਲ ਇਸ਼ਾਰਾ ਕਰ ਰਹੀਆਂ ਹਨ ਪਰ ਪਿਛਲੇ ਸਾਲਾਂ ਵਿੱਚ ਵਾਧੇ ਦੀ ਦਰ ਵਿੱਚ ਮੰਦੀ ਵੀ ਦਿਖਾ ਰਹੀਆਂ ਹਨ। ਬਹੁਤ ਸਾਰੇ ਰਾਜਾਂ ਵਿੱਚ ਬਿਜਲਈ ਪੰਪਾਂ ਵਿੱਚ ਕਮੀ, ਬਿਜਲੀ ਪੂਰਤੀ ਵਿੱਚ ਕਮੀ ਅਤੇ ਪੂਰਤੀ ਨਾਲ ਸੰਬੰਧਿਤ ਸਮੱਸਿਆਵਾਂ ਕਰਕੇ ਹੋ ਸਕਦੀ ਹੈ। ਹਾਲਾਤ ਡੀਜ਼ਲ ਪੰਪ-ਸੈੱਟ ਦੇ ਹੱਕ ਵਿੱਚ ਹਨ।

***ਸਿੱਟਾ :*** ਨਿਵੇਸ਼ ਦਾ ਪੱਧਰ ਅਤੇ ਕਿਸਮਾਂ ਕਾਫੀ ਹੱਦ ਤੱਕ ਖੇਤੀ ਉਤਪਾਦਨ ਅਤੇ ਉਤਪਾਦਕਤਾ ਦਾ ਨਿਰਧਾਰਨ ਕਰਦੇ ਹਨ। ਆਧੁਨਿਕ ਤਕਨਾਲੋਜੀ ਅਤੇ ਨਿਵੇਸ਼ ਨੇ ਭਾਰਤ ਅੰਦਰ ਖੇਤੀ ਉਤਪਾਦਨ ਦੇ ਵਾਧੇ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ, ਖ਼ਾਸ ਕਰਕੇ ਹਰੇ ਇਨਕਲਾਬ ਤੋਂ ਬਾਅਦ।

**ਜਨਸੰਖਿਆ ਅਤੇ ਆਮਦਨ ਵਿੱਚ ਵਾਧੇ ਅਤੇ ਵੱਖ-ਵੱਖ ਕੁਦਰਤੀ ਸਰੋਤਾਂ, ਜਿਵੇਂ ਜ਼ਮੀਨ ਅਤੇ ਪਾਣੀ ਦੀ ਕਮੀ ਦੇ ਚਲਦਿਆਂ, ਉਤਪਾਦਕਤਾ ਵਿੱਚ ਵਾਧਾ ਕਰਨ ਲਈ ਵਿਗਿਆਨ ਅਤੇ ਤਕਨਾਲੋਜੀ ਉਤੇ ਬਹੁਤ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਨਾਲ ਕਈ ਸਾਰੀਆਂ ਖੋਜਾਂ ਅਤੇ ਵਿਕਾਸ ਹੋਏ ਹਨ ਜਿਸ ਵਿੱਚ ਬੇਹਤਰ ਜਣਨ/ਉੱਚ ਝਾੜ ਦੇਣ ਵਾਲੇ ਬੀਜ, ਖਾਦਾਂ ਰਾਹੀਂ ਪੌਦਿਆਂ ਦਾ ਬੇਹਤਰ ਪੋਸ਼ਣ, ਪਾਣੀ ਦੀ ਸੰਭਾਲ ਦੀ ਤਕਨਾਲੋਜੀ ਅਤੇ ਪ੍ਰਬੰਧਨ ਰਾਹੀਂ ਬੇਹਤਰ ਪਾਣੀ ਪ੍ਰਦਾਨ ਕਰਨਾ,ਕੀਟਨਾਸ਼ਕਾਂ ਰਾਹੀਂ ਕੀਟਾਂ ਉਤੇ ਬੇਹਤਰ ਨਿਯੰਤ੍ਰਣ, ਬੇਹਤਰ ਖੇਤੀ ਬਿਜਲੀ ਅਤੇ ਉੱਚ ਸਰੀਰਕ ਅਤੇ ਸਮੇਂ ਦੀ ਕੁਸ਼ਲਤਾ ਲਈ ਬੇਹਤਰ ਖੇਤੀ ਬਿਜਲੀ ਅਤੇ ਮਸ਼ੀਨਰੀ ਸ਼ਾਮਲ ਹਨ।**


ਤਾਲਿਕਾ-9 :ਖੇਤੀ ਮਸ਼ੀਨਰੀ ਦੀ ਵਰਤੋਂ ਕਰਨ ਵਾਲੀਆਂ ਕ੍ਰਿਆਸ਼ੀਲ ਜਾਇਦਾਦਾਂ ਦੀ ਅਨੁਮਾਨਿਤ ਸੰਖਿਆ

('000 ਵਿੱਚ)

| | ਬਿਜਲੀ ਨਾਲ ਚੱਲਣ ਵਾਲੇ ਯੰਤਰ | | | |
|---|---|---|---|---|
| ਸਾਲ | ਡੀਜ਼ਲ ਇੰਜਣ ਪੰਪਸੈੱਟ | ਬਿਜਲਈ ਪੰਪਸੈੱਟ | ਬਿਜਲੀ ਵਾਲੇ ਹਲ | ਖੇਤੀ ਟ੍ਰੈਕਟਰ |
| 1981-82 | 3353 | 3977 | 273 | 489 |
| 1986-87 | 5968 | 6349 | 701 | 1580 |
| 1991-92 | 6892 | 9324 | 1071 | 3764 |
| 1996-97 | 8890 | 9160 | 1671 | 6797 |
| 2001-02 | 14261 | 18448 | 3261 | 15463 |
| 2006-07 | 13180 | 12714 | 2895 | 31279 |
| 2011-12 | 30082 | 22761 | 7954 | 61133 |
| **ਸਾਲਾਨਾ ਵਿਕਾਸ ਦਰ** | | | | |
| 1981/82-2011/12 | 7.33 | 5.79 | 11.49 | 16.85 |
| 1981/82-1991/92 | 6.77 | 8.05 | 13.23 | 20.39 |
| 1991/92-2001/02 | 6.83 | 6.40 | 10.65 | 13.71 |
| 2001/02-2011/12 | 7.02 | 1.93 | 8.44 | 13.31 |

*ਸਰੋਤ : ਨਿਵੇਸ਼ ਸਰਵੇਖਣ ਬਾਰੇ ਖੇਤੀ ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ ਖੇਤੀ ਅਤੇ ਕਿਸਾਨ ਭਲਾਈ ਮੰਤਰਾਲੇ ਦੀ ਸਰਬ ਭਾਰਤੀ ਰਿਪੋਰਟ*

ਚਿੱਤਰ-8 : ਵੱਖ-ਵੱਖ ਬਿਜਲੀ ਨਾਲ ਚੱਲਣ ਵਾਲੇ ਯੰਤਰਾਂ ਵਾਲੀਆਂ ਕ੍ਰਿਆਸ਼ੀਲ ਜਾਇਦਾਦਾਂ ਦੀ ਸੰਖਿਆ




ਇਨ੍ਹਾਂ ਨਿਵੇਸ਼ਕਾਂ ਦੀ ਲੋੜ ਅਤੇ ਮੰਗ ਨੇ ਵੱਖ-ਵੱਖ ਨਿਵੇਸ਼ ਉਦਯੋਗਾਂ/ਖੇਤੀ ਕਾਰੋਬਾਰਾਂ ਦੇ ਵਾਧੇ ਨੂੰ ਹੁਲਾਰਾ ਦਿੱਤਾ ਹੈ ਜਿਸ ਵਿੱਚ ਬੀਜ ਉਦਯੋਗ, ਖਾਦ ਉਦਯੋਗ, ਸਿੰਜਾਈ ਯੰਤਰ ਉਦਯੋਗ, ਖੇਤੀ-ਰਸਾਇਣਕ ਉਦਯੋਗ ਅਤੇ ਖੇਤੀ ਮਸ਼ੀਨਰੀ ਉਦਯੋਗ ਸ਼ਾਮਲ ਹਨ। ਇਹ ਹੁਣ ਖੇਤੀਬਾੜੀ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਜ਼ਿਆਦਾਤਰ ਖੇਤੀ ਨਿਵੇਸ਼ਾਂ ਵਿੱਚ 2010-11 ਤੱਕ ਇਕ ਸਿਹਤਮੰਦ ਵਾਧਾ ਵੇਖਿਆ ਗਿਆ ਪਰ ਪਿਛਲੇ ਕੁੱਝ ਸਾਲਾਂ ਤੋਂ ਬਹੁਤ ਸਾਰੇ ਨਿਵੇਸ਼ਾਂ ਵਿੱਚ ਵਿਕਾਸ ਦਰ ਵਿੱਚ ਗਿਰਾਵਟ ਜਾਂ ਮੁਕੰਮਲ ਗਿਰਾਵਟ ਵੇਖੀ ਜਾ ਰਹੀ ਹੈ। ਸਿੰਜਾਈ ਹੇਠਲੇ ਖੇਤਰ ਦੇ ਮਾਮਲੇ ਵਿੱਚ ਪਾਣੀ 1.7 ਤੋਂ 2.0 ਪ੍ਰਤਿਸ਼ਤ ਨਾਲ ਮੁਕਾਬਲਤਨ ਸਿਹਤਮੰਦ ਵਾਧੇ ਦਾ ਰੁਝਾਨ ਦਿਖਾ ਰਿਹਾ ਹੈ ਜਿਸ ਦਾ ਮੁੱਖ ਕਾਰਨ ਟਿਊਬਵੈੱਲ ਨਾਲ ਜ਼ਮੀਨ ਹੇਠਲੇ ਪਾਣੀ ਨਾਲ ਸਿੰਜਾਈ ਹੈ ਜਿਸ ਵਿੱਚ 3.0 ਤੋਂ 4.0 ਪ੍ਰਤਿਸ਼ਤ ਦੀ ਦਰ ਨਾਲ ਵਾਧਾ ਹੋ ਰਿਹਾ ਹੈ। ਪਿਛਲੇ ਸਾਲਾਂ ਦੌਰਾਨ ਖਾਦਾਂ ਅਤੇ ਪ੍ਰਮਾਣਤ ਬੀਜਾਂ ਦੇ ਵਾਧੇ ਵਿੱਚ ਵੀ ਗਿਰਾਵਟ ਦਰਜ ਕੀਤੀ ਗਈ ਹੈ। ਖੇਤੀ ਮਸ਼ੀਨਰੀ ਨੇ 1980ਵਿਆਂ ਤੋਂ ਚੰਗਾ ਵਿਕਾਸ ਦਰਜ ਕੀਤਾ ਹੈ ਪਰ ਪਿਛਲੇ ਸਾਲਾਂ ਦੌਰਾਨ ਕਾਫੀ ਮੰਦੀ ਦੀ ਮਾਰ ਹੇਠ ਹੈ।

ਜ਼ਮੀਨ ਦੀ ਵਰਤੋਂ ਤੇ ਨਿਗਰਾਨੀ ਰੱਖਣ ਲਈ ਨੀਤੀਗਤ ਤਬਦੀਲੀਆਂ ਦੀ ਲੋੜ ਹੈ ਨਹੀਂ ਤਾਂ ਖੇਤੀ ਵਾਲੀ ਜ਼ਮੀਨ ਨੂੰ ਹੋਰ ਕੰਮਾਂ ਲਈ ਵਰਤਣ ਨਾਲ ਖੇਤੀਬਾੜੀ ਵਿਕਾਸ ਉਤੇ ਹੋਰ ਬੁਰਾ ਅਸਰ ਪਵੇਗਾ। ਇਸ ਦੇ ਲਈ ਝਾੜ ਅਤੇ ਉਤਪਾਦਕਤਾ ਵਿੱਚ ਵਾਧੇ ਉਤੇ ਹੋਰ ਜ਼ਿਆਦਾ ਜ਼ੋਰ ਦੇਣ ਦੀ ਲੋੜ ਮਹਿਸੂਸ ਹੁੰਦੀ ਹੈ। ਇਸ ਖੇਤਰ ਨੂੰ ਖੇਤੀ ਕਾਮਾ-ਸ਼ਕਤੀ ਦੀ ਕਮੀ ਨਾਲ ਵੀ ਜੂਝਣਾ ਪਵੇਗਾ ਅਤੇ ਕਿਰਤ ਉਤਪਾਦਕਤਾ ਵਿੱਚ ਵਾਧਾ ਕਰਨ ਲਈ ਵੱਖ-ਵੱਖ ਤਰੀਕਿਆਂ ਦੀ ਵਰਤੋਂ ਕਰਨੀ ਹੋਵੇਗੀ, ਜਿਵੇਂ ਢੁੱਕਵੀਆਂ ਮਸ਼ੀਨਾਂ ਅਤੇ ਮਸ਼ੀਨੀਕਰਨ। ਸਿੰਜਾਈ ਦੇ ਮੋਰਚੇ ਉਤੇ ਸੁਧਾਰ ਨਜ਼ਰ ਆ ਰਿਹਾ ਹੈ ਪਰ ਲਗਾਤਾਰ ਵਧ ਰਹੀ ਕਮੀ ਪਾਣੀ ਦੀ ਸੰਭਾਲ ਅਤੇ ਇਸ ਦੀ ਠੋਸ ਅਤੇ ਸੰਜਮ ਨਾਲ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਯਤਨਾਂ ਦੀ ਮੰਗ ਕਰਦੀ ਹੈ।

**ਹਾਲ ਹੀ ਵਿੱਚ ਖਾਦਾਂ ਦੀ ਵਰਤੋਂ ਵਿੱਚ ਕਮੀ ਨਾਲ ਮਿੱਟੀ ਦੇ ਉਪਜਾਊਪਨ ਅਤੇ ਪੋਸ਼ਣ ਦਾ ਸੰਕਟ ਖੜ੍ਹਾ ਹੋ ਸਕਦਾ ਹੈ ਜੋ ਖਾਦਾਂ ਦੀ ਨੀਤੀ ਅਤੇ ਸਬਸਿਡੀ ਨਿਜ਼ਾਮ ਵਿੱਚ ਤੁਰੰਤ ਸੁਧਾਰਾਂ ਦੀ ਮੰਗ ਕਰਦੀ ਹੈ। ਬੀਜਾਂ ਦੇ ਮਾਮਲੇ ਵਿੱਚ ਨਵੀ ਤਕਨਾਲੋਜੀ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਅਤੇ ਜੈਵ-ਤਕਨਾਲੋਜੀ ਵਰਗੀਆਂ ਨਵੀਆਂ ਖੋਜਾਂ ਬਹੁਤ ਸਾਰੇ ਹੱਲ ਪ੍ਰਦਾਨ ਕਰਕੇ ਪ੍ਰਮੁੱਖ ਭੂਮਿਕਾ ਨਿਭਾਅ ਸਕਦੀਆਂ ਹਨ। ਖੇਤੀਬਾੜੀ ਅਤੇ ਅੰਨ ਦੀ ਮੰਗ ਵਿੱਚ ਵੱਡੀਆਂ ਤਬਦੀਲੀਆਂ ਇਸ਼ਾਰਾ ਕਰਦੀਆਂ ਹਨ ਕਿ ਉੱਚ ਮੁੱਲ ਵਾਲੇ ਉਤਪਾਦਾਂ ਜਿਵੇਂ ਕਿ ਸਬਜ਼ੀਆਂ, ਫਲ ਅਤੇ ਪਸ਼ੂ ਧਨ ਉਤਪਾਦਾਂ ਨੂੰ ਗੰਭੀਰਤਾ ਨਾਲ ਮਾਨਤਾ ਦੇ ਕੇ ਇਨ੍ਹਾਂ ਦਾ ਹੱਲ ਕਰਨਾ ਚਾਹੀਦਾ ਹੈ।**

*(ਲੇਖਕ ਨਾਬਾਰਡ ਦੇ ਚੇਅਰ ਪ੍ਰੋਫੈਸਰ ਹਨ ਅਤੇ ਅਹਿਮਦਾਬਾਦ ਸਥਿਤ ਪ੍ਰਬੰਧਨ ਬਾਰੇ ਭਾਰਤੀ ਸੰਸਥਾ ਵਿਖੇ ਖੇਤੀਬਾੜੀ ਵਿੱਚ ਪ੍ਰਬੰਧਨ ਬਾਰੇ ਕੇਂਦਰ ਦੇ ਚੇਅਰਮੈਨ ਵੀ ਹਨ)*

*e-mail :gandhi@iima.ac.in*

# ਭਾਰਤ : ਮੰਦੇ ਵਿਸ਼ਵ ਆਰਥਿਕ ਹਾਲਾਤ ਵਿੱਚ ਆਸ ਦੀ ਕਿਰਨ

ਡੀ ਐੱਸ ਮਲਿਕ

ਮੰਦੀ ਦਾ ਸ਼ਿਕਾਰ ਵਿਸ਼ਵ ਅਰਥਵਿਵਸਥਾ ਦੇ ਸੰਦਰਭ ਵਿੱਚ ਭਾਰਤ ਇਕ ਆਸ ਦੀ ਕਿਰਨ ਹੈ। 2013-14 ਦੀ 6.5 ਪ੍ਰਤਿਸ਼ਤ, 2014-15 ਦੀ 7.2 ਪ੍ਰਤਿਸ਼ਤ ਦੇ ਮੁਕਾਬਲੇ 2015-16 ਵਿੱਚ ਭਾਰਤ ਵਲੋਂ 7.9 ਪ੍ਰਤਿਸ਼ਤ ਵਿਕਾਸ ਦਰ ਹਾਸਲ ਕੀਤੀ ਗਈ ਜੋ ਆਮ ਤੋਂ ਘੱਟ ਮਾਨਸੂਨ ਹੋਣ ਦੇ ਬਾਵਜੂਦ ਵੀ ਸ਼ਾਨਦਾਰ ਕਾਰਗੁਜ਼ਾਰੀ ਕਹੀ ਜਾ ਸਕਦੀ ਹੈ। ਭਾਰਤ ਵਲੋਂ 2016-17 ਦੌਰਾਨ 7.1 ਪ੍ਰਤਿਸ਼ਤ ਵਿਕਾਸ ਦਰ ਹਾਸਲ ਕੀਤੇ ਜਾਣ ਦਾ ਅਨੁਮਾਨ ਹੈ, ਬਾਵਜੂਦ ਉੱਚ ਮੁੱਲ ਦੀ ਕਰੰਸੀ ਨੋਟਬੰਦੀ ਦੇ ਜਿਸ ਦਾ ਉਦੇਸ਼ ਦਰਮਿਆਨੇ ਤੋਂ ਲੰਮੀ ਮਿਆਦ ਦੇ ਆਰਥਿਕ ਲਾਭ ਹਨ। ਮਾਹਰ ਏਜੰਸੀਆਂ ਦੀਆਂ ਭਵਿੱਖ-ਬਾਣੀਆਂ ਕਹਿੰਦੀਆਂ ਹਨ ਕਿ 2017-18 ਵਿੱਚ ਭਾਰਤ ਦੀ ਵਿਕਾਸ ਦਰ ਅੰਦਰ ਹੋਰ ਵਾਧਾ ਹੋਣਾ ਤੈਅ ਹੈ। ਵਿਸ਼ਵ ਆਰਥਿਕ ਫੋਰਮ ਵਲੋਂ 138 ਦੇਸ਼ਾਂ ਲਈ ਤਿਆਰ ਕੀਤੇ ਵਿਸ਼ਵ ਮੁਕਾਬਲੇਬਾਜ਼ੀ ਸੂਚਕ (ਜੀ ਸੀ ਆਈ) ਦੇ ਮਾਮਲੇ ਵਿੱਚ 2016-17 ਅੰਦਰ ਭਾਰਤ ਦਾ ਦਰਜਾ 39ਵਾਂ ਹੈ ਜਦ ਕਿ 2013-14 ਵਿੱਚ ਜੀ ਸੀ ਆਈ ਵਿੱਚ ਭਾਰਤ ਦਾ ਦਰਜਾ 148 ਦੇਸ਼ਾਂ ਵਿੱਚੋਂ 60ਵਾਂ ਸੀ।

***ਵਿੱਤੀ ਹਾਲਾਤ :*** ਭਾਰਤ ਦੇ ਵਿੱਤੀ ਹਾਲਾਤ ਬੇਹਤਰ ਹੋ ਗਏ ਹਨ ਕਿਉਂਕਿ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਦੇ ਤੌਰ ਤੇ ਵਿੱਤੀ ਘਾਟਾ 2013-14 ਵਿੱਚ 4.5 ਪ੍ਰਤਿਸ਼ਤ ਤੋਂ ਲਗਾਤਾਰ ਘਟ ਰਿਹਾ ਹੈ। 2014-15 ਵਿੱਚ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਦੇ ਤੌਰ ਤੇ ਭਾਰਤ ਸਰਕਾਰ ਦਾ ਵਿੱਤੀ ਘਾਟਾ 4.1 ਪ੍ਰਤਿਸ਼ਤ, 2015-16 ਵਿੱਚ 3.9 ਪ੍ਰਤਿਸ਼ਤ ਅਤੇ 2016-17 ਵਿੱਚ 3.5 ਪ੍ਰਤਿਸ਼ਤ ਸੀ (ਸੋਧੇ ਹੋਏ ਅਨੁਮਾਨ) 2017-18 ਵਿੱਚ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦਾ 3.2 ਪ੍ਰਤਿਸ਼ਤ ਹੋਣ ਦਾ ਅਨੁਮਾਨ ਹੈ।


***ਮਹਿੰਗਾਈ ਦਰ :*** ਮੌਜੂਦਾ ਸਰਕਾਰ ਵਲੋਂ ਮਈ 2014 ਵਿੱਚ ਉੱਚ ਮਹਿੰਗਾਈ ਦਰ, ਖ਼ਾਸ ਕਰਕੇ ਅਨਾਜ ਦੀ ਮਹਿੰਗਾਈ ਦਰ ਦੇ ਦੌਰ ਵਿੱਚ ਕਾਰਜ ਭਾਰ ਸੰਭਾਲਿਆ ਗਿਆ। ਪਿਛਲੇ ਤਿੰਨ ਸਾਲਾਂ ਦੌਰਾਨ ਸਰਕਾਰ ਵਲੋਂ ਅਨਾਜ ਦਾ ਸੋਝੀ ਭਰਿਆ ਪ੍ਰਬੰਧਨ ਅਤੇ ਕੀਮਤਾਂ ਉਤੇ ਨਿਗਰਾਨੀ ਨੇ ਪੈਰ ਪੱਕੇ ਕਰ ਚੁੱਕੀ ਮਹਿੰਗਾਈ ਉਤੇ ਕਾਬੂ ਪਾਉਣ ਵਿੱਚ ਸਹਾਇਤਾ ਕੀਤੀ ਹੈ। ਲਗਾਤਾਰ ਤੀਜੇ ਵਿੱਤੀ ਸਾਲ ਲਈ ਸੀ ਪੀ ਆਈ ਮਹਿੰਗਾਈ ਦਰ ਕਾਬੂ ਹੇਠ ਰਹੀ ਹੈ। ਔਸਤ ਸੀ ਪੀ ਆਈ (ਰਲੀ ਮਿਲੀ) ਮਹਿੰਗਾਈ ਦਰ 2013-14 ਦੇ 9.5 ਪ੍ਰਤਿਸ਼ਤ ਤੋਂ ਘਟ ਕੇ 2014-15 ਵਿੱਚ 5.9 ਪ੍ਰਤਿਸ਼ਤ ਅਤੇ 2015-16 ਵਿੱਚ 4.9 ਪ੍ਰਤਿਸ਼ਤ ਰਹੀ। ਮੌਜੂਦਾ ਸਾਲ ਇਹ ਹੋਰ ਘਟ ਕੇ 4.6 ਪ੍ਰਤਿਸ਼ਤ ਹੋ ਗਈ ਅਤੇ ਫ਼ਰਵਰੀ 2017 ਵਿੱਚ ਇਹ ਅੱਗੋਂ ਘਟ ਕੇ 3.7 ਪ੍ਰਤਿਸ਼ਤ ਉਤੇ ਆ ਗਈ। ਇਸ ਗਿਰਾਵਟ ਦਾ ਕਾਰਨ ਅਨਾਜ ਦੀ ਮਹਿੰਗਾਈ ਦਰ ਵਿੱਚ ਭਾਰੀ ਕਮੀ ਸੀ। ਖਪਤਕਾਰ ਅਨਾਜ ਕੀਮਤ ਸੂਚਕ (ਸੀ ਐੱਫ ਪੀ ਆਈ) ਦੇ ਅਧਾਰ ਉਤੇ ਅਨਾਜ ਦੀ ਮਹਿੰਗਾਈ ਦਰ, ਜੋ 2012-14 ਦੌਰਾਨ ਦੋ ਅੰਕਾਂ ਵਿੱਚ ਸੀ, 2014-15 ਦੌਰਾਨ ਘਟ ਕੇ 6.4 ਪ੍ਰਤਿਸ਼ਤ ਅਤੇ 2015-16 ਵਿੱਚ 4.9 ਪ੍ਰਤਿਸ਼ਤ ਹੋ ਗਈ। ਚਾਲੂ ਵਿੱਤੀ ਸਾਲ ਦੌਰਾਨ ਇਹ ਘਟ ਕੇ 4.4 ਪ੍ਰਤਿਸ਼ਤ ਹੋ ਗਈ ਅਤੇ ਫ਼ਰਵਰੀ 2017 ਵਿੱਚ ਹੋਰ ਘਟ ਕੇ ਇਹ 2.0 ਪ੍ਰਤਿਸ਼ਤ ਉਤੇ ਆ ਗਈ।


ਸਰਕਾਰ ਵਲੋਂ ਰਿਜ਼ਰਵ ਬੈਂਕ ਆਫ ਇੰਡੀਆ ਨਾਲ ਮਸ਼ਵਰੇ ਤੋਂ ਬਾਅਦ 5 ਅਗਸਤ, 2016 ਤੋਂ 31 ਮਾਰਚ, 2021 ਤੱਕ ਦੇ ਕਾਲ ਖੰਡ ਲਈ

ਪਿਛਲੇ ਤਿੰਨ ਸਾਲਾਂ ਦੌਰਾਨ ਭਾਰਤ ਦੀ ਆਰਥਿਕਤਾ ਨੇ ਹੇਠ ਦਿੱਤੇ ਜਾ ਰਹੇ ਸੂਚਕਾਂ ਦੇ ਸਿਰ ਉਤੇ ਵਿਆਪਕ ਆਰਥਿਕ ਸਥਿਰਤਾ ਵਿੱਚ ਸੁਧਾਰ ਦਰਜ ਕੀਤਾ ਹੈ।


| | 2011-12 ਤੋਂ 2013-14 (3 ਸਾਲ ਦੀ ਔਸਤ) | 2014-15 ਤੋਂ 2015-16 (2 ਸਾਲ ਦੀ ਔਸਤ) | 2016-17 * |
|---|---|---|---|
| ਮਹਿੰਗਾਈ ਦਰ ਸੀ ਪੀ ਆਈ (ਐੱਨ ਐੱਸ) | 9.8 | 5.4 | 4.6 |
| ਮਹਿੰਗਾਈ ਦਰ ਡਬਲਯੂ ਪੀ ਆਈ | 7.4 | -0.2 | 3.5 |
| ਸੀ ਏ ਡੀ (ਜੀ ਡੀ ਪੀ ਦਾ ਪ੍ਰਤਿਸ਼ਤ) | -3.6 | -1.2 | -0.7 |
| ਜੀ ਡੀ ਪੀ ਵਿਕਾਸ ਦਰ (ਪ੍ਰਤਿਸ਼ਤ) | 6.0 | 7.6 | 7.1 |
| ਵਿਸ਼ਵ ਜੀ ਡੀ ਪੀ ਵਿਕਾਸ ਦਰ (ਪ੍ਰਤਿਸ਼ਤ) | 3.7 | 3.3 | 3.1 |
| ਵਿਦੇਸ਼ੀ ਸਿੱਕੇ ਦੇ ਭੰਡਾਰ(ਬਿਲੀਅਨ ਅਮਰੀਕੀ ਡਾਲਰ) | 296.9 | 350.9 | 362.8 |
| ਸ਼ੁੱਧ ਸਿੱਧਾ ਵਿਦੇਸ਼ੀ ਨਿਵੇਸ਼ (ਬਿਲੀਅਨ ਡਾਲਰ) | 21.1 | 33.6 | 21.3 |
| ਵਿੱਤੀ ਘਾਟਾ (ਜੀ ਡੀ ਪੀ ਦਾ ਪ੍ਰਤਿਸ਼ਤ) | 5.1 | 4.0 | 3.5 |

*2016-17 ਲਈ ਸੀ ਪੀ ਆਈ ਮਹਿੰਗਾਈ ਦਰ ਫ਼ਰਵਰੀ 2017 ਤੱਕ, ਡਬਲਯੂ ਮਹਿੰਗਾਈ ਦਰ ਦਸੰਬਰ 2016 ਤੱਕ ਸੀ ਏ ਡੀ ਦਸੰਬਰ 2016 ਤੱਕ ਸ਼ੁੱਧ ਸਿੱਧਾ ਵਿਦੇਸ਼ੀ ਨਿਵੇਸ਼ ਐੱਚ1 2016-17 ਤੱਕ, ਵਿਦੇਸ਼ੀ ਸਿੱਕੇ ਦੇ ਭੰਡਾਰ ਫ਼ਰਵਰੀ 2017 ਤੱਕ, ਜੀ ਡੀ ਪੀ ਵਿਕਾਸ ਦਰ ਪਹਿਲੇ ਮੁਢਲੇ ਅਨੁਮਾਨ ਮੁਤਾਬਕ ਅਤੇ ਵਿੱਤੀ ਘਾਟਾ 2016-17 ਦੇ ਬਜਟ ਅਨੁਮਾਨ ਮੁਤਾਬਕ ਹੈ।*




ਜੀ ਡੀ ਪੀ ਦੇ ਪ੍ਰਤਿਸ਼ਤ ਦੇ ਤੌਰ ਤੇ ਚਾਲੂ ਖਾਤਾ ਘਾਟਾ




*ਸਰੋਤ: ਰਿਜ਼ਰਵ ਬੈਂਕ ਆਫ ਇੰਡੀਆ*

ਮਹਿੰਗਾਈ ਦਰ ਦਾ ਟੀਚਾ 4 ਪ੍ਰਤਿਸ਼ਤ ਰੱਖਿਆ ਗਿਆ ਹੈ ਜਿਸ ਵਿੱਚ +/-2 ਪ੍ਰਤਿਸ਼ਤ ਦੀ ਗੁੰਜਾਇਸ਼ ਰੱਖੀ ਗਈ ਹੈ।

***ਵਪਾਰ :*** ਵਿਸ਼ਵ ਵਿੱਚ ਵਿਕਾਸ ਅਤੇ ਵਪਾਰ ਵਿੱਚ ਮੰਦੀ ਦੇ ਚਲਦਿਆਂ ਭਾਰਤ ਦਾ ਨਿਰਯਾਤ 2014-15 ਵਿੱਚ 1.3 ਅਤੇ 2015-16 ਵਿੱਚ 15.5 ਪ੍ਰਤਿਸ਼ਤ ਦੀ ਦਰ ਨਾਲ ਘਟ ਗਿਆ। ਨਾਂਹ-ਮੁਖੀ ਵਿਕਾਸ ਦਰ ਦਾ ਇਹ ਰੁਝਾਨ 2016-17 (ਅਪ੍ਰੈਲ-ਫ਼ਰਵਰੀ) ਦਰਮਿਆਨ ਕੁੱਝ ਘਟ ਗਿਆ। 2015-16 (ਅਪ੍ਰੈਲ-ਫ਼ਰਵਰੀ) ਵਿੱਚ ਨਿਰਯਾਤ ਵਿੱਚ 2.5 ਪ੍ਰਤਿਸ਼ਤ ਦਾ ਵਾਧਾ ਹੋਇਆ ਅਤੇ ਇਹ 2015-16 (ਅਪ੍ਰੈਲ-ਫ਼ਰਵਰੀ) ਦੇ 239.4 ਬਿਲੀਅਨ ਅਮਰੀਕੀ ਡਾਲਰ ਤੋਂ ਵਧ ਕੇ 245.4 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਗਿਆ। ਸਤੰਬਰ 2016 ਤੋਂ ਨਿਰਯਾਤ ਦੀਆਂ ਮਹੀਨਾਵਾਰ ਵਿਕਾਸ ਦਰਾਂ ਹਾਂ-ਪੱਖੀ ਦਾਇਰੇ ਵਿੱਚ ਹਨ।

2015-16 ਦੌਰਾਨ ਭਾਰਤ ਵਪਾਰ ਦਾ 15 ਪ੍ਰਤਿਸ਼ਤ ਘਟ ਕੇ 381.0 ਬਿਲੀਅਨ ਅਮਰੀਕੀ ਡਾਲਰ ਰਹਿ ਗਿਆ, ਜਿਸ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਆਈ ਕਮੀ ਸੀ। 2014-15 ਵਿੱਚ ਇਹ 448.0 ਬਿਲੀਅਨ ਅਮਰੀਕੀ ਡਾਲਰ ਸੀ। 2016-17 (ਅਪ੍ਰੈਲ-ਫ਼ਰਵਰੀ) ਦੌਰਾਨ ਆਯਾਤ 3.7 ਪ੍ਰਤਿਸ਼ਤ ਘਟ ਕੇ 340.7 ਬਿਲੀਅਨ ਅਮਰੀਕੀ ਡਾਲਰ ਰਹਿ ਗਿਆ ਜਦ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ 353.7 ਬਿਲੀਅਨ ਡਾਲਰ ਸੀ।


2012-13 ਵਿੱਚ ਭਾਰਤ ਦਾ ਵਪਾਰਕ ਘਾਟਾ ਸਭ ਤੋਂ ਵੱਧ 190.3 ਬਿਲੀਅਨ ਅਮਰੀਕੀ ਡਾਲਰ ਸੀ। ਪਰ 2015-16 ਦੌਰਾਨ ਇਹ 13.8 ਪ੍ਰਤਿਸ਼ਤ ਘਟ ਕੇ 118.7 ਬਿਲੀਅਨ ਡਾਲਰ ਰਹਿ ਗਿਆ ਜੋ 2014-15 ਦੇ 137.7 ਬਿਲੀਅਨ ਡਾਲਰ ਦੇ ਪੱਧਰ ਨਾਲੋਂ ਘੱਟ ਸੀ। 2016-17 (ਅਪ੍ਰੈਲ-ਫ਼ਰਵਰੀ) ਦੌਰਾਨ ਵਪਾਰਕ ਘਾਟਾ ਘਟ ਕੇ 95.3 ਬਿਲੀਅਨ ਅਮਰੀਕੀ ਡਾਲਰ ਰਹਿ ਗਿਆ ਜਦ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ 114.3 ਬਿਲੀਅਨ ਅਮਰੀਕੀ ਡਾਲਰ ਸੀ।

***ਭੁਗਤਾਨ ਸੰਤੁਲਨ :*** ਭਾਰਤ ਦਾ ਨਿਰਯਾਤ ਦਰਮਿਆਨਾ ਰਹਿਣ ਦੇ ਬਾਵਜੂਦ ਇਸ ਦੀ ਬਾਹਰੀ ਖੇਤਰੀ ਸਥਿਤੀ ਵਧੀਆ ਰਹੀ ਹੈ। ਚਾਲੂ ਖਾਤਾ ਘਾਟਾ (ਸੀ ਏ ਡੀ) ਲਗਾਤਾਰ ਘਟ ਕੇ 2012-13 ਦੇ 88.2 ਬਿਲੀਅਨ ਡਾਲਰ (ਕੁੱਲ ਘਰੇਲੂ ਉਤਪਾਦ ਦਾ 4.8 ਪ੍ਰਤਿਸ਼ਤ) ਦੇ ਮੁਕਾਬਲੇ 2015-16 ਵਿੱਚ 22.2 ਬਿਲੀਅਨ (ਕੁੱਲ ਘਰੇਲੂ ਉਤਪਾਦ ਦਾ 1.1 ਪ੍ਰਤਿਸ਼ਤ) ਰਹਿ ਗਿਆ। ਕੁੱਲ ਮਿਲਾ ਕੇ, ਵਪਾਰਕ ਘਾਟੇ ਵਿੱਚ ਕਮੀ ਦੇ ਚਲਦਿਆਂ ਅਪ੍ਰੈਲ-ਦਸੰਬਰ 2016 ਦੇ 1.4 ਪ੍ਰਤਿਸ਼ਤ ਦੇ ਮੁਕਾਬਲੇ ਚਾਲੂ ਖਾਤਾ ਘਾਟਾ 2015-16 ਦੇ ਇਸੇ ਸਮੇਂ ਦੌਰਾਨ ਘਟ ਕੇ 0.7 ਪ੍ਰਤਿਸ਼ਤ ਰਹਿ ਗਿਆ।

***ਵਿਦੇਸ਼ੀ ਨਿਵੇਸ਼ :*** ਸਿੱਧੇ ਵਿਦੇਸ਼ੀ ਨਿਵੇਸ਼ ਦਾ ਪ੍ਰਵਾਹ 2013-14 ਵਿੱਚ 43.6 ਬਿਲੀਅਨ ਅਮਰੀਕੀ ਡਾਲਰ ਸੀ ਜੋ 2014-15 ਵਿੱਚ 51.8 ਬਿਲੀਅਨ ਡਾਲਰ ਅਤੇ 2015-16 ਵਿੱਚ ਹੋਰ ਵਧ ਕੇ 59.5 ਬਿਲੀਅਨ ਡਾਲਰ ਹੋ ਗਿਆ। 2016-17 (ਅਪ੍ਰੈਲ-ਦਸੰਬਰ) ਦੌਰਾਨ ਸ਼ੁੱਧ ਸਿੱਧਾ ਵਿਦੇਸ਼ੀ ਨਿਵੇਸ਼ 31.2 ਬਿਲੀਅਨ ਡਾਲਰ ਹੋ ਗਿਆ ਜਦ ਕਿ 2015-16 (ਅਪ੍ਰੈਲ-ਦਸੰਬਰ) ਦੌਰਾਨ ਇਹ 27.2 ਬਿਲੀਅਨ ਡਾਲਰ ਸੀ। ਵਿਦੇਸ਼ੀ ਸ਼ੇਅਰ ਸਮੂਹ ਨਿਵੇਸ਼ (ਸ਼ੁੱਧ) 2015-16 ਦੇ ਪਹਿਲੇ ਅੱਧ ਦੇ (-) 3.5 ਬਿਲੀਅਨ ਦੇ ਮੁਕਾਬਲੇ 2016-17 ਦੇ ਪਹਿਲੇ ਅੱਧ ਵਿੱਚ ਵਧ ਕੇ 8.2 ਬਿਲੀਅਨ ਹੋ ਗਿਆ। ਪਰ, ਸ਼ੁੱਧ ਵਿਦੇਸ਼ੀ ਸ਼ੇਅਰ ਸਮੂਹ ਦਾ ਦਸੰਬਰ 2016, ਅਤੇ ਜਨਵਰੀ 2017 ਦੇ ਮਹੀਨਿਆਂ ਵਿੱਚ ਦੇਸ਼ ਤੋਂ ਬਾਹਰ ਜਾਣ ਦੀ ਦਰ ਕ੍ਰਮਵਾਰ 5.8 ਬਿਲੀਅਨ ਅਤੇ 0.5 ਬਿਲੀਅਨ ਅਮਰੀਕੀ ਡਾਲਰ ਰਹੀ। ਇਸ ਦਾ ਮੁੱਖ ਕਾਰਨ ਸੰਘੀ ਨੀਤੀ ਸੀ ਕਿਉਂਕਿ ਅਮਰੀਕੀ ਫੈਡਰਲ ਰਿਜ਼ਰਵ ਵਲੋਂ ਵਿਆਜ ਦਰਾਂ ਵਧਾ ਦਿੱਤੀਆਂ ਗਈਆਂ। ਐੱਫ ਪੀ ਆਈ ਦਾ ਬਾਹਰ ਜਾਣਾ ਸਿਰਫ ਭਾਰਤੀ ਬਾਜ਼ਾਰਾਂ ਨਾਲ ਹੀ ਸੰਬੰਧਿਤ ਨਹੀਂ ਸੀ ਕਿਉਂਕਿ ਵਿਕਸਤ ਅਰਥਚਾਰਿਆਂ ਵਿੱਚ ਜ਼ਿਆਦਾ ਲਾਭ ਕਰਕੇ ਐੱਫ ਪੀ ਆਈਜ਼ ਵਲੋਂ ਜ਼ਿਆਦਾਤਰ ਈ ਐੱਮ ਈਜ਼ ਵਿੱਚੋਂ ਬਾਹਰ ਦਾ ਰੁਖ ਅਖਤਿਆਰ ਕੀਤਾ ਗਿਆ।

***ਵਿਦੇਸ਼ੀ ਸਿੱਕੇ ਦੇ ਭੰਡਾਰ :*** ਸਤੰਬਰ, 2016 ਦੇ ਅਖੀਰ ਤੱਕ ਵਿਦੇਸ਼ੀ ਸਿੱਕੇ ਦਾ ਭੰਡਾਰ 371.9 ਬਿਲੀਅਨ ਅਮਰੀਕੀ ਡਾਲਰ ਦੇ ਸਭ ਤੋਂ ਉੱਚੇ ਪੱਧਰ ਉਤੇ ਪਹੁੰਚ ਗਿਆ। ਪਰ, ਨਵੰਬਰ, 2016 ਦੇ ਅਖੀਰ ਤੱਕ ਇਹ ਘਟ ਕੇ 361.1 ਬਿਲੀਅਨ ਅਮਰੀਕੀ ਡਾਲਰ ਰਹਿ ਗਿਆ। ਇਸ ਦਾ ਕਾਰਨ ਰਿਜ਼ਰਵ ਬੈਂਕ ਵਲੋਂ ਰੁਪਏ ਨੂੰ ਸਥਿਰ ਕਰਨ ਲਈ ਵਿਦੇਸ਼ੀ ਸਿੱਕੇ ਦੇ ਬਾਜ਼ਾਰ ਵਿੱਚ ਦਿੱਤਾ ਦਖਲ ਸੀ ਅਤੇ ਕੁੱਝ ਕੁੱਝ ਐੱਫ ਸੀ ਐੱਨ ਆਰ (ਬੀ) ਜਮ੍ਹਾਂ ਦੀ ਮਿਆਦ ਪੁੱਗ ਚੁੱਕੀ ਰਕਮ ਦਾ ਮੁੜ ਭੁਗਤਾਨ ਸੀ ਜੋ ਸਤੰਬਰ-ਨਵੰਬਰ 2013 ਦੇ ਸਮੇਂ ਦੌਰਾਨ ਪਰਵਾਸੀ ਭਾਰਤੀਆਂ ਲਈ ਖੋਲ੍ਹੀ ਤਬਦੀਲੀ ਦੀ ਵਿਸ਼ੇਸ਼ ਖਿੜਕੀ ਕਾਰਨ ਵਾਪਰਿਆ। ਜਨਵਰੀ 2017 ਦੇ ਅਖੀਰ ਤੱਕ ਵਿਦੇਸ਼ੀ ਸਿੱਕੇ ਦਾ ਭੰਡਾਰ 363.0 ਬਿਲੀਅਨ ਡਾਲਰ ਸੀ ਜਦ ਕਿ ਦਸੰਬਰ 2016 ਦੇ ਅਖੀਰ ਵਿੱਚ ਇਹ 358.9 ਬਿਲੀਅਨ ਡਾਲਰ ਸੀ। ਮੌਜੂਦਾ ਸਥਿਤੀ ਬੇਹਤਰ ਪੱਧਰ ਉਤੇ ਹੈ ਜੋ ਕਿਸੇ ਵੀ ਅੰਤਰਰਾਸ਼ਟਰੀ ਵਿਆਪਕ ਆਰਥਿਕ ਅਨਿਸਚਿਤਤਾ ਸਮੇਂ ਵਟਾਂਦਰਾ ਦਰ ਦੇ ਉਤਾਰ ਚੜ੍ਹਾਅ ਨੂੰ ਝੱਲਣ ਦੇ ਕਾਬਲ ਹੈ।

***ਰੁਪਏ ਦੀ ਵਟਾਂਦਰਾ ਦਰ :*** 2016-17 (ਅਪ੍ਰੈਲ-ਫ਼ਰਵਰੀ) ਲਈ ਰੁਪਏ ਦੀ ਔਸਤ ਮਾਸਿਕ ਵਟਾਂਦਰਾ ਦਰ 67.20 ਪੈਸੇ ਪ੍ਰਤਿ ਅਮਰੀਕੀ ਡਾਲਰ ਸੀ, ਜੋ ਪਿਛਲੇ ਸਾਲ ਦੇ ਇਸੇ




*ਸਰੋਤ: ਰਿਜ਼ਰਵ ਬੈਂਕ ਆਫ ਇੰਡੀਆ*

ਸਮੇਂ ਦੌਰਾਨ 2.8 ਪ੍ਰਤਿਸ਼ਤ ਦੀ ਗਿਰਾਵਟ ਦਿਖਾਉਂਦੀ ਹੈ। ਇਸ ਦਾ ਮੁੱਖ ਕਾਰਨ ਅਮਰੀਕੀ ਰਾਸ਼ਟਰਪਤੀ ਚੋਣ ਦੇ ਨਤੀਜਿਆਂ ਪਿੱਛੋਂ ਦੁਨੀਆਂ ਭਰ ਵਿੱਚ ਅਮਰੀਕੀ ਡਾਲਰ ਦੀ ਮਜਬੂਤੀ ਅਤੇ ਫੈਡਰਲ ਰਿਜ਼ਰਵ ਵਲੋਂ ਵਿੱਤੀ ਨੀਤੀ ਸਖਤ ਕਰਨਾ ਸੀ। ਫਿਰ ਵੀ, 2016-17 ਵਿੱਚ ਹੁਣ ਤੱਕ ਰੁਪਏ ਦੀ ਕਾਰਗੁਜ਼ਾਰੀ ਜ਼ਿਆਦਾਤਰ ਈ ਐੱਮ ਈਜ਼ ਨਾਲੋਂ ਬੇਹਤਰ ਰਹੀ ਹੈ।

ਭਾਵੇਂ ਕਿ ਆਮ ਹਾਲਤਾਂ ਵਿੱਚ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਕਮਜ਼ੋਰ ਹੋਇਆ ਹੈ, ਆਰਥਿਕਤਾ ਉਤੇ ਪ੍ਰਭਾਵ ਅਸਲ ਪ੍ਰਭਾਵੀ ਵਟਾਂਦਰਾ ਦਰ (ਆਰ ਈ ਈ ਆਰ) ਤੋਂ ਵਧੀਆ ਵੇਖਿਆ ਜਾ ਸਕਦਾ ਹੈ ਜਿਸ ਨੂੰ ਘਰੇਲੂ ਮੁਦਰਾ ਦੇ ਵਿਦੇਸ਼ੀ ਸਿੱਕੇ ਦੇ ਮਾਮਲੇ ਵਿੱਚ ਆਮ ਵਟਾਂਦਰਾ ਦਰਾਂ ਦਾ ਨਿਰਧਾਰਣ ਕਰਨ ਲਈ ਬਿਆਨ ਕੀਤਾ ਜਾਂਦਾ ਹੈ, ਜਿਸ ਨੂੰ ਮੁਕਾਬਲਤਨ ਕੀਮਤ ਫਰਕ ਨੂੰ ਥਾਂ ਸਿਰ ਕਰਨ ਲਈ ਐਡਜਸਟ ਕੀਤਾ ਜਾਂਦਾ ਹੈ। ਆਰ ਈ ਈ ਆਰ ਦੇ ਮਾਮਲੇ ਵਿੱਚ, 2016-17 (ਅਪ੍ਰੈਲ-ਜਨਵਰੀ) ਵਿੱਚ 2015-16 (ਅਪ੍ਰੈਲ-ਜਨਵਰੀ) ਦੇ ਮੁਕਾਬਲੇ 1.7 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ।

***ਬਾਹਰੀ ਕਰਜ਼ਾ :*** ਸਤੰਬਰ 2016 ਦੇ ਅਖੀਰ ਤੱਕ, ਭਾਰਤ ਦਾ ਬਾਹਰੀ ਕਰਜ਼ਾ 484.3 ਬਿਲੀਅਨ ਡਾਲਰ ਸੀ, ਜਿਸ ਵਿੱਚ ਮਾਰਚ 2016 ਦੇ ਅਖੀਰ ਦੇ ਪੱਧਰ ਦੇ ਮੁਕਾਬਲੇ 0.8 ਬਿਲੀਅਨ ਅਮਰੀਕੀ ਡਾਲਰ (0.2 ਪ੍ਰਤਿਸ਼ਤ) ਦੀ ਗਿਰਾਵਟ ਆਈ ਸੀ।

ਬਾਹਰੀ ਕਰਜ਼ੇ ਦੇ ਜ਼ਿਆਦਾਤਰ ਪ੍ਰਮੁੱਖ ਸੂਚਕ ਸਤੰਬਰ 2016 ਵਿੱਚ ਸੁਧਾਰ ਦਿਖਾਉਂਦੇ ਹਨ। ਕੁੱਲ ਬਾਹਰੀ ਕਰਜ਼ੇ ਵਿੱਚ ਅਲਪਕਾਲੀ ਕਰਜ਼ੇ ਦਾ ਹਿੱਸਾ ਮਾਰਚ 2016 ਦੇ ਅਖੀਰ ਦੇ 17.2 ਪ੍ਰਤਿਸ਼ਤ ਤੋਂ ਘਟ ਕੇ ਸਤੰਬਰ 2016 ਦੇ ਅਖੀਰ ਤੱਕ 16.8 ਪ੍ਰਤਿਸ਼ਤ ਰਹਿ ਗਿਆ। ਭਾਰਤ ਦੇ ਵਿਦੇਸ਼ੀ ਸਿੱਕੇ ਦੇ ਭੰਡਾਰਾਂ ਨੇ ਸਤੰਬਰ 2016 ਦੇ ਅਖੀਰ ਤੱਕ ਕੁੱਲ ਬਾਹਰੀ ਕਰਜ਼ੇ ਦੇ ਸਟਾਕ ਨੂੰ 76.8 ਪ੍ਰਤਿਸ਼ਤ ਦਾ ਸਹਾਰਾ ਦਿੱਤਾ ਜਦ ਕਿ ਮਾਰਚ 2016 ਦੇ ਅਖੀਰ ਤੱਕ ਇਹ ਅੰਕੜਾ 74.3 ਪ੍ਰਤਿਸ਼ਤ ਸੀ।

ਕਰਜ਼ੇ ਹੇਠਲੇ ਬਾਕੀ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਕਰਜ਼ੇ ਦੇ ਮੁੱਖ ਸੂਚਕਾਂ ਦੇ ਮਾਮਲੇ ਵਿੱਚ ਭਾਰਤ ਹਾਲੇ ਵੀ ਘੱਟ ਅਸੁਰੱਖਿਅਤ ਦੇਸ਼ਾਂ ਵਿੱਚ ਬਣਿਆ ਹੋਇਆ ਹੈ। ਵਿਸ਼ਵ ਬੈਂਕ ਦੇ 'ਅੰਤਰਰਾਸ਼ਟਰੀ ਕਰਜ਼ਾ ਅੰਕੜੇ-2017' ਦੇ ਮੁਤਾਬਕ ਜੋ 2015 ਲਈ ਵਿਕਾਸਸ਼ੀਲ ਦੇਸ਼ਾਂ ਦੇ ਬਾਹਰੀ ਕਰਜ਼ੇ ਦੇ ਅੰਕੜੇ ਦਿੰਦਾ ਹੈ, ਭਾਰਤ ਦੇ ਬਾਹਰੀ ਕਰਜ਼ਾ ਸਟਾਕ ਦੀ ਕੁੱਲ ਰਾਸ਼ਟਰੀ ਆਮਦਨ (ਜੀ ਐੱਨ ਆਈ) ਦੀ 23.4 ਪ੍ਰਤਿਸ਼ਤ ਅਨੁਪਾਤ ਪੰਜਵੀਂ ਸਭ ਤੋਂ ਘੱਟ ਹੈ। ਵਿਦੇਸ਼ੀ ਸਿੱਕੇ ਦੇ ਭੰਡਾਰ ਵਲੋਂ ਬਾਹਰੀ ਕਰਜ਼ੇ ਨੂੰ ਦਿੱਤੇ ਗਏ ਸਹਾਰੇ ਦੇ ਮਾਮਲੇ ਵਿੱਚ, 69.7 ਪ੍ਰਤਿਸ਼ਤ ਨਾਲ ਭਾਰਤ ਦਾ ਸਥਾਨ ਛੇਵਾਂ ਸਭ ਤੋਂ ਉੱਚਾ ਹੈ।

***ਖੇਤੀਬਾੜੀ ਅਤੇ ਅਨਾਜ ਪ੍ਰਬੰਧਨ :*** ਰਾਸ਼ਟਰੀ ਆਮਦਨ ਦੇ ਦੂਜੇ ਮੁਢਲੇ ਅਨੁਮਾਨਾਂ ਦੇ ਮੁਤਾਬਕ ਜੋ 28 ਫ਼ਰਵਰੀ 2017 ਨੂੰ ਜਾਰੀ ਕੀਤੇ ਗਏ, ਖੇਤੀਬਾੜੀ ਅਤੇ ਸੰਬੰਧਿਤ ਖੇਤਰਾਂ ਦੀ ਕੁੱਲ ਜੋੜੀ ਗਈ ਕੀਮਤ (ਜੀ ਆਈ ਏ) ਦੀ ਵਿਕਾਸ ਦਰ 2016-17 ਵਿੱਚ 4.4 ਪ੍ਰਤਿਸ਼ਤ, 2015-16 ਵਿੱਚ 0.8 ਪ੍ਰਤਿਸ਼ਤ ਅਤੇ 2014-15 ਵਿੱਚ (-) 0.2 ਪ੍ਰਤਿਸ਼ਤ ਸੀ। ਖੇਤੀਬਾੜੀ ਮੰਤਰਾਲਾ ਅਤੇ ਕਿਸਾਨ ਭਲਾਈ ਵਲੋਂ 15 ਫ਼ਰਵਰੀ 2017 ਨੂੰ ਅਨਾਜ ਦੇ ਉਤਪਾਦਨ ਬਾਰੇ ਜਾਰੀ ਕੀਤੇ ਦੂਜੇ ਮੁਢਲੇ ਅਨੁਮਾਨਾਂ ਮੁਤਾਬਕ 15 ਫ਼ਰਵਰੀ 2017 ਨੂੰ, 2016-17 ਦੌਰਾਨ ਪੈਦਾ ਕੀਤੇ ਗਏ ਕੁੱਲ ਅਨਾਜ ਦਾ ਅੰਦਾਜ਼ਾ 271.98 ਮਿਲੀਅਨ ਟਨ ਹੈ ਜਦ ਕਿ 2015-16 (ਅੰਤਮ) ਵਿੱਚ ਇਹ 251.57 ਮਿਲੀਅਨ ਟਨ ਅਤੇ 2014-15 ਦੌਰਾਨ 252.02 ਮਿਲੀਅਨ ਟਨ ਸੀ।

***ਉਦਯੋਗਿਕ ਖੇਤਰ :*** ਰਾਸ਼ਟਰੀ ਆਮਦਨ ਦੇ 2016-17 ਦੇ ਦੂਸਰੇ ਮੁਢਲੇ ਅਨੁਮਾਨਾਂ ਮੁਤਾਬਕ, ਜੋ ਸੀ ਐੱਸ ਓ ਵਲੋਂ 28 ਫ਼ਰਵਰੀ 2017 ਨੂੰ ਜਾਰੀ ਕੀਤੇ ਗਏ, ਉਦਯੋਗਿਕ ਖੇਤਰ ਦੀ ਕੁੱਲ ਜੋੜੀ ਕੀਮਤ (ਜੀ ਵੀ ਏ) ਦੀ ਵਿਕਾਸ ਦਰ 2016-17 ਵਿੱਚ 5.8 ਪ੍ਰਤਿਸ਼ਤ, 2015-16 ਵਿੱਚ 8.2 ਪ੍ਰਤਿਸ਼ਤ ਅਤੇ 2014-15 ਵਿੱਚ 6.9 ਪ੍ਰਤਿਸ਼ਤ ਸੀ। ਨਿਰਮਾਣ ਖੇਤਰ ਤੋਂ ਜੀ.ਵੀ.ਏ. ਦੀ ਵਿਕਾਸ ਦਰ 2016-17 ਵਿੱਚ 7.7 ਪ੍ਰਤਿਸ਼ਤ ਸੀ ਜਦ ਕਿ 2015-16 ਦੌਰਾਨ ਇਹ ਦਰ 10.6 ਪ੍ਰਤਿਸ਼ਤ ਅਤੇ 2014-15 ਦੌਰਾਨ 7.5 ਪ੍ਰਤਿਸ਼ਤ ਸੀ। ਅੱਠ ਮੁੱਖ ਉਦਯੋਗਾਂ ਦਾ ਸੂਚਕ (ਜਿਸ ਵਿੱਚ ਕੱਚਾ ਤੇਲ, ਕੁਦਰਤੀ ਗੈਸ, ਪੈਟਰੋਲੀਅਮ ਸੋਧ ਉਤਪਾਦ, ਕੋਲਾ, ਬਿਜਲੀ, ਸੀਮਿੰਟ, ਸਟੀਲ ਅਤੇ ਖਾਦਾਂ ਸ਼ਾਮਲ ਹਨ) ਵਿੱਚ 2016-17 (ਅਪ੍ਰੈਲ-ਜਨਵਰੀ) ਵਿੱਚ 4.8 ਪ੍ਰਤਿਸ਼ਤ ਵਿਕਾਸ ਦਰਜ ਕੀਤਾ ਗਿਆ ਜਦ ਕਿ 2015-16 ਦੌਰਾਨ ਇਹ ਵਾਧਾ 3.4 ਪ੍ਰਤਿਸ਼ਤ ਅਤੇ 2014-15 ਦੌਰਾਨ 4.5 ਪ੍ਰਤਿਸ਼ਤ ਸੀ।

2015 ਵਿੱਚ ਊਰਜਾ ਖੇਤਰ ਅੰਦਰ ਉਦੈ ਸਕੀਮ ਦੀ ਸ਼ੁਰੂਆਤ ਹੋਣ ਨਾਲ, ਜ਼ਿਆਦਾਤਰ ਰਾਜਾਂ ਵਲੋਂ ਏ ਟੀ ਐਂਡ ਸੀ ਨੁਕਸਾਨ ਘੱਟ ਕਰਨ ਲਈ ਕਾਫੀ ਯਤਨ ਕੀਤੇ ਗਏ ਹਨ। ਇਸ ਸਕੀਮ ਨੇ ਪਹਿਲਾਂ ਹੀ ਡੀ ਆਈ ਐੱਸ ਸੀ ਓ ਐੱਮਜ਼ ਦੇ 62 ਪ੍ਰਤਿਸ਼ਤ ਕਰਜ਼ੇ ਦਾ ਹੱਲ ਕਰ ਦਿੱਤਾ ਜੋ 2014-15 ਦੇ ਅਖੀਰ ਤੱਕ ਖੜ੍ਹਾ ਸੀ।

ਸੜਕੀ ਆਵਾਜਾਈ ਅਤੇ ਰਾਜ ਮਾਰਗਾਂ

***ਬਾਕੀ ਸਫ਼ਾ 53 ਉੱਤੇ***

# ਸਵੱਛ ਅਤੇ ਪਾਰਦਰਸ਼ੀ ਆਰਥਿਕਤਾ ਵੱਲ

ਐੱਮ. ਵੀ. ਭਾਨੂਮਤੀ ਅਤੇ ਰੋਹਿਤ ਦਿਓ ਝਾ

ਇਕ ਖ਼ੁਸ਼ਹਾਲ ਸ਼ਾਸਕ, ਰਾਜ ਵਿੱਚ ਸੁਚੱਜੇ ਢੰਗ ਨਾਲ ਸ਼ਾਸਨ ਕਰੇਗਾ, ਲੋਕਾਂ ਲਈ ਕਲਿਆਣਕਾਰੀ ਯੋਜਨਾਵਾਂ ਚਲਾਵੇਗਾ ਅਤੇ ਵਪਾਰਕ ਸਰਗਰਮੀਆਂ ਨੂੰ ਉਤਸ਼ਾਹ ਦੇਵੇਗਾ ਜਿਸ ਦੇ ਸਿੱਟੇ ਵਜੋਂ ਛੇਤੀ ਹੀ ਲੋਕ ਵੀ ਖ਼ੁਸ਼ਹਾਲ ਹੋ ਜਾਣਗੇ – ਚਾਨਕਿਆ

ਭਾਰਤ ਸੰਯੁਕਤ ਰਾਸ਼ਟਰੀ ਮਾਨਵ ਵਿਕਾਸ ਇੰਡੈਕਸ ਵਿੱਚ ਬਹੁਤ ਥੱਲੇ ਹੈ ਅਤੇ ਗਰੀਬ ਅਤੇ ਲੋੜਵੰਦ ਉਥੇ ਹੀ ਬਣੇ ਹੋਏ ਹਨ। ਪਿਛਲੇ ਸਾਲ (ਮਾਨਵ ਵਿਕਾਸ ਇੰਡੈਕਸ 2016) ਵਿੱਚ ਇਸ ਨੂੰ 188 ਦੇਸ਼ਾਂ ਵਿੱਚੋਂ 131ਵਾਂ ਦਰਜਾ ਮਿਲਿਆ ਸੀ।

ਪਰ ਉਨ੍ਹਾਂ ਲੋਕਾਂ ਨੂੰ ਲਾਭ ਦੇਣ ਲਈ ਜੋ ਹੁਣ ਤੱਕ ਆਰਥਿਕ ਵਿਕਾਸ ਦੇ ਹਾਸ਼ੀਏ ਉਤੇ ਹਨ, ਸੁਧਾਰਾਂ ਨੂੰ ਅਗਲੇ ਪੱਧਰ ਉਤੇ ਲੈ ਜਾਣ ਲਈ ਸਖਤ ਕੋਸ਼ਿਸ਼ਾਂ ਕਤੀਆਂ ਗਈਆਂ ਹਨ। ਇਸ ਨੀਤੀ ਦੇ ਮੁੱਖ ਸਤੰਭ ਹਨ ਸਮਾਵੇਸ਼, ਪਾਰਦਰਸ਼ਿਤਾ ਅਤੇ ਵਿਕੇਂਦਰੀਕਰਨ। ਇਨ੍ਹਾਂ ਤਿੰਨ ਸਤੰਭਾਂ ਨੂੰ ਕੁਸ਼ਲਤਾ ਪੂਰਬਕ ਲਾਗੂ ਕਰਨ ਨਾਲ, ਪਹਿਲੀ ਵਾਰ ਵਿਕਾਸ ਦਾ ਲਾਭ ਸਿੱਧਿਆਂ ਲੋਕਾਂ ਤੱਕ ਪਹੁੰਚਾਇਆ ਜਾ ਸਕੇਗਾ। ਇਨ੍ਹਾਂ ਤਿੰਨ ਭਾਗਾਂ ਵਿੱਚੋਂ, ਸ਼ਾਇਦ ਪਾਰਦਰਸ਼ਿਤਾ ਧਰਮ ਨਿਰਪੱਖ ਆਰਥਿਕ ਵਿਕਾਸ ਲਈ ਸਭ ਤੋਂ ਵੱਧ ਮਹੱਤਵਪੂਰਨ ਹੈ। ਨਿਰਪੱਖ ਜਾਂਚ ਤੋਂ ਪਤਾ ਲਗਾ ਹੈ ਕਿ ਰਿਸ਼ਵਤਖੋਰੀ ਸਭ ਤੋਂ ਵੱਡ ਗੁਨਾਹਗਾਰ ਹੈ ਜਿਸ ਨੇ ਚੰਗੀ ਨੀਯਤ ਨਾਲ ਸ਼ੁਰੂ ਕੀਤੇ ਸਭ ਪ੍ਰੋਗਰਾਮਾਂ ਨੂੰ ਫੇਲ ਕਰ ਦਿੱਤਾ ਹੈ। ਰਿਸ਼ਵਤਖੋਰੀ ਨਾਲ ਕਾਲਾ ਧਨ ਪੈਦਾ ਹੁੰਦਾ ਹੈ ਅਤੇ ਇਹ ਦੋਵੇਂ ਮਿਲ ਕੇ ਕਲਿਆਣਕਾਰੀ ਪ੍ਰੋਗਰਾਮਾਂ ਨੂੰ ਢਾਂਹ ਲਗਾਉਂਦੇ ਹਨ, ਸਰਕਾਰ ਕੋਲ ਪੂੰਜੀ ਆਉਣ ਵਿੱਚ ਰੋਕਾਵਟ ਕਰਦੇ ਹਨ ਜਿਸ ਨਾਲ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਉਸ ਦੀ ਕਾਬਲੀਅਤ ਉਪਰ ਮਾੜਾ ਅਸਰ ਪੈਂਦਾ ਹੈ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ਨੂੰ, ਜੋ ਆਪਣੇ ਨਾਲ ਪੈਸਾ ਅਤੇ ਆਰਥਿਕ ਵਿਕਾਸ ਲਈ ਤਕਨਾਲੋਜੀ ਲਿਆਉਂਦਾ ਹੈ ਅਤੇ ਉਸ ਦੇਸ਼ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਕਰਦਾ ਹੈ ਜੋ ਆਪਣੀ ਨੌਜਵਾਨ ਪੀੜ੍ਹੀ ਨੂੰ ਰੋਜ਼ਗਾਰ ਦੇਣ ਲਈ ਜਦੋ-ਜਹਿਦ ਕਰ ਰਿਹਾ ਹੈ, ਨਿਰਉਤਸ਼ਾਹਤ ਕਰਦੇ ਹਨ।

ਵਿਸ਼ਵ ਬੈਂਕ ਅਨੁਸਾਰ, ਵਿਕਾਸਸ਼ੀਲ ਜਗਤ ਵਿੱਚ ਰਿਸ਼ਵਤਖੋਰੀ ਜਨਤਾ ਦੀ ਨੰਬਰ ਇਕ ਦੁਸ਼ਮਨ ਹੈ ਅਤੇ ਗਰੀਬ ਆਪਣੀ ਆਮਦਨ ਦਾ ਵੱਡਾ ਹਿੱਸਾ ਰਿਸ਼ਵਤ ਵਜੋਂ ਚੁਕਾਉਂਦੇ ਹਨ। ਭਾਰਤ ਕੋਈ ਵੱਖਰਾ ਨਹੀਂ ਹੈ ਪਰ ਇਹ ਦਿਲਚਸਪ ਹੈ ਕਿ ਸਰਕਾਰ ਨੇ ਕਾਲਾ ਧਨ ਜਮ੍ਹਾਂਖੋਰਾਂ ਦੇ ਖਿਲਾਫ ਸਖਤ ਕਦਮ ਉਠਾਉਣ ਦੇ ਨਾਲ-ਨਾਲ, ਵਿਤਰਨ ਪ੍ਰਣਾਲੀ ਵਿੱਚ ਨਵੀਨਤਾ ਲਿਆ ਕੇ ਗਰੀਬਾਂ ਨੂੰ ਰਿਸ਼ਵਤਖੋਰੀ ਤੋਂ ਬਚਾਉਣ ਲਈ ਕਦਮ ਚੁੱਕੇ ਹਨ। ਇਸ ਲੇਖ ਵਿੱਚ ਕੁੱਝ ਮੁੱਖ ਪਹਿਲਾਂ ਉਪਰ ਵਿਚਾਰ ਕੀਤਾ ਗਿਆ ਹੈ।

## ਸਾਫ ਸੁਥਰੇ ਅਰਥਤੰਤਰ ਵੱਲ

ਭਾਰਤ ਦੀ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਿੱਚ ਕਰਾਂ ਦੀ ਦਰ ਸਿਰਫ 16.6 ਪ੍ਰਤਿਸ਼ਤ ਹੈ। ਕਰ ਅਧਾਰ ਲਗਭਗ 5.5 ਕਰੋੜ ਕਰ ਅਦਾ ਕਰਨ ਵਾਲਿਆਂ ਦਾ ਹੈ ਜਿਸ ਵਿੱਚ ਕੰਪਨੀਆਂ, ਵਿਅਕਤੀ ਅਤੇ ਹੋਰ ਕਾਰੋਬਾਰੀ ਕਿਸਮਾਂ ਸ਼ਾਮਲ ਹਨ। 2016–17 ਦੇ ਆਰਥਿਕ ਸਰਵੇਖਣ ਅਨੁਸਾਰ ਭਾਰਤ ਵਿੱਚ ਪ੍ਰਤਿ 100 ਵੋਟਰਾਂ ਪਿੱਛੇ 7 ਕਰ ਦਾਤਾ ਹਨ। ਕਰ ਚੋਰੀ ਇਸ ਤੱਥ ਤੋਂ ਸਪੱਸ਼ਟ ਜ਼ਾਹਰ ਹੁੰਦੀ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ 1.25 ਕਰੋੜ ਕਾਰਾਂ ਵਿਕੀਆਂ ਸਨ ਅਤੇ ਸਿਰਫ 2015 ਸਾਲ ਵਿੱਚ 2 ਕਰੋੜ ਤੋਂ ਵਧੇਰੇ ਯਾਤਰੀਆਂ ਨੇ ਵਿਦੇਸ਼ਾਂ ਦਾ ਸਫਰ ਕੀਤਾ ਪਰ ਕਰ ਦੇਣਦਾਰੀ ਲਈ ਸਿਰਫ 1.72 ਲੱਖ ਵਿਅਕਤੀਆਂ ਨੇ ਹੀ ਆਪਣੀ ਆਮਦਨ 50 ਲੱਖ ਤੋਂ ਵੱਧ ਦਿਖਾਈ।

ਕਰ ਚੋਰੀ ਰਾਹੀਂ ਕਾਲੇ ਧਨ ਦੀ ਉਤਪਤੀ ਇਕ ਆਰਥਿਕ ਚੁਨੌਤੀ ਅਤੇ ਸਮਾਜਕ ਅਭਿਸ਼ਾਪ ਹੈ। ਜਿਥੇ ਇਹ ਰਿਸ਼ਵਤਖੋਰੀ, ਚੋਣਕਾਰੀ ਭ੍ਰਿਸ਼ਟਾਚਾਰ, ਸੰਗਠਤ ਅਪਰਾਧ ਅਤੇ ਬੇਫਜ਼ੂਲ ਖਰਚੇ ਨੂੰ ਪਨਾਹ ਦਿੰਦੀ ਹੈ, ਉਥੇ ਦੇਸ਼ ਦੀ ਆਰਥਿਕ ਯੋਜਨਾਬੰਦੀ ਅਤੇ ਵਿੱਤੀ ਅਖੰਡਤਾ ਨੂੰ ਵੀ ਵਿਗਾੜਦੀ ਹੈ। ਮੋਟੇ ਤੌਰ ਤੇ, ਇਹ ਆਰਥਿਕ ਅਸਮਾਨਤਾ ਨੂੰ ਵਧਾਉਂਦੀ ਹੈ ਅਤੇ ਦੇਸ਼ ਦੇ ਸਮਾਜਕ ਤਾਣੇ-ਬਾਣੇ ਉਪਰ ਮਾੜਾ ਅਸਰ ਪਾਉਂਦੀ ਹੈ। ਪਿਛਲੇ ਤਿੰਨ ਸਾਲਾਂ ਵਿੱਚ, ਬਹੁਤ ਸਾਰੇ ਕਦਮ ਉਠਾਏ ਅਤੇ ਕਾਲੇ ਧਨ ਖਿਲਾਫ ਲਗਭਗ ਜੰਗ ਹੀ ਛੇੜੀ ਹੋਈ ਹੈ। ਇਨ੍ਹਾਂ ਵਿੱਚ ਵਿਧਾਨਕ ਅਤੇ ਪ੍ਰਸ਼ਾਸਕੀ ਪਹਿਲਾਂ ਰਾਹੀਂ ਨੀਤੀ ਦੇ ਪੱਧਰ ਉਤੇ ਸੁਧਾਰ, ਅਸਰਦਾਰ ਲਾਗੂਕਰਨ, ਸਮਰਥਾ ਵਧਾਉਣ ਅਤੇ ਅੰਕੜਾ ਗਣਿਤ ਰਾਹੀਂ ਸੂਝ-ਬੂਝ ਵਿਕਸਤ ਕਰਨਾ ਸ਼ਾਮਲ ਹੈ।

## ਸਫਾ-ਸੁਥਰੇ ਅਰਥਤੰਤਰ ਲਈ ਕਰ ਪ੍ਰਸ਼ਾਸਨ

ਕਾਲੇ ਧਨ ਦੇ ਖ਼ਤਰੇ ਤੋਂ ਬਚਣ ਲਈ ਹੇਠ ਦਿੱਤੇ ਕਾਰਗਰ ਕਦਮ ਉਠਾਏ ਗਏ ਹਨ :

- ਕਾਲੇ ਧਨ ਦੀ ਛਾਣਬੀਣ ਲਈ, ਸਾਬਕਾ ਜੱਜ ਸੁਪਰੀਮ ਕੋਰਟ ਐੱਮ ਬੀ ਸ਼ਾਹ ਦੀ ਪ੍ਰਧਾਨਗੀ ਹੇਠ ਇਕ ਵਿਸ਼ੇਸ਼ ਜਾਂਚ ਦਲ (ਐੱਸ ਆਈ ਟੀ) ਦਾ ਗਠਨ ਕੀਤਾ ਗਿਆ।
- ਵਿਦੇਸ਼ਾਂ ਵਿੱਚ ਜਮ੍ਹਾਂ ਕਾਲੇ ਧਨ ਨਾਲ ਅਸਰਦਾਰ ਤਰੀਕੇ ਨਾਲ ਨਜਿੱਠਣ ਲਈ 'ਕਾਲਾ ਧਨ (ਅਣ ਐਲਾਨੀ ਵਿਦੇਸ਼ੀ ਆਮਦਨ ਅਤੇ

ਜਾਇਦਾਦ) ਅਤੇ ਕਰ ਲਾਗੂ ਕਰਨ ਕਾਨੂੰਨ 2015' ਬਣਾਇਆ ਗਿਆ ਹੈ ਜਿਸ ਵਿੱਚ 3-10 ਸਾਲਾਂ ਤੱਕ ਦੀ ਕੈਦ ਸਮੇਤ ਸਖ਼ਤ ਸਜ਼ਾਵਾਂ ਦਾ ਪ੍ਰਾਵਧਾਨ ਹੈ। ਮਨੀ ਲਾਂਡਰਿੰਗ ਕਾਨੂੰਨ ਅਧੀਨ, ਕਰ ਚੋਰੀ ਨੂੰ ਇਕ ਪੁਸ਼ਟੀ ਕਾਰਕ ਜ਼ੁਰਮ ਬਣਾਇਆ ਗਿਆ ਹੈ।

- ਕਈ ਮਜ਼ਬੂਰੀਆਂ ਹੁੰਦੇ ਹੋਏ ਵੀ, ਭਾਰਤੀਆਂ ਵਲੋਂ ਵਿਦੇਸ਼ਾਂ ਵਿੱਚ ਬੈਂਕਾਂ ਵਿੱਚ ਰੱਖੇ 8,186 ਕਰੋੜ ਰੁਪਏ ਕਰ ਦੇ ਘੇਰੇ ਅੰਦਰ ਲਿਆਂਦੇ ਗਏ ਹਨ।

- ਪਨਾਮਾ ਪੇਪਰ ਲੀਕ ਮਾਮਲਿਆਂ ਦੀ ਤੇਜ਼ੀ ਨਾਲ ਅਤੇ ਤਾਲਮੇਲ ਵਾਲੀ ਜਾਂਚ ਪੜਤਾਲ ਕਰਨ ਲਈ ਇਕ ਬਹੁ-ਏਜੰਸੀ ਗਰੁੱਪ (ਐੱਮ ਏ ਜੀ) ਦੀ ਸਥਾਪਨਾ ਕੀਤੀ ਗਈ ਹੈ।

- ਦੂਸਰੇ ਦੇਸ਼ਾਂ ਨਾਲ ਦੋਹਰੇ ਕਰ ਤੋਂ ਬਚਣ ਲਈ ਸਮਝੌਤੇ/ਕਰਾਂ ਸੰਬੰਧੀ ਸੂਚਨਾ ਦੀ ਅਦਲਾ-ਬਦਲੀ ਲਈ ਸਮਝੌਤੇ/ਬਹੁਦੇਸ਼ੀ ਕੰਨਵੈਸ਼ਨਾਂ ਆਦਿ ਲਾਗੂ ਕਰਨੇ।

- ਕਾਲੇ ਧਨ ਖਿਲਾਫ ਵਿਸ਼ਵਵਿਆਪੀ ਕੋਸ਼ਿਸ਼ਾਂ ਦੀ ਮਦਦ ਲਈ ਸੂਚਨਾ ਦੀ ਆਪਣੇ ਆਪ ਅਦਲਾ-ਬਦਲੀ ਦੇ ਸੰਬੰਧ ਵਿੱਚ ਬਹੁ-ਦੇਸ਼ੀ ਅਧਿਕਾਰਤ ਅਥਾਰਿਟੀ ਸਮਝੌਤੇ ਵਿੱਚ ਸ਼ਾਮਲ ਹੋਣਾ।

- ਅਮਰੀਕਾ ਨਾਲ ਉਸ ਦੇ ਵਿਦੇਸ਼ੀ ਖਾਤਾ ਕਰ ਪਾਲਣਾ ਕਾਨੂੰਨ ਅਧੀਨ ਸੂਚਨਾ ਸਾਂਝੀ ਕਰਨ ਦੇ ਸਮਝੌਤੇ ਵਿੱਚ ਸ਼ਾਮਲ ਹੋਣਾ।

- ਮਾਰੀਸ਼ਸ, ਸਿੰਗਾਪੁਰ ਅਤੇ ਸਾਈਪਰਸ ਨਾਲ ਦੋਹਰੇ ਕਰ ਤੋਂ ਬਚਣ ਦੇ ਸਮਝੌਤਿਆਂ ਉਪਰ, ਸਮਝੌਤਿਆਂ ਦੀ ਕੁਵਰਤੋਂ, ਕਰ ਚੋਰੀ ਅਤੇ ਫੰਡਾਂ ਦੀ ਆਮਦ ਫਰੋਖਤ ਵੇਲੇ ਖਲਾਸੀ ਤੋਂ ਬਚਣ ਲਈ ਮੁੜ ਵਿਚਾਰ।

- ਸ਼ਮੂਲੀਅਤ ਨੋਟ ਭਾਵੇਂ ਵਿਦੇਸ਼ੀ ਨਿਵੇਸ਼ ਲਿਆਉਂਦੇ ਹਨ ਪਰ ਕਾਲੇ ਧਨ ਉਪਰ ਵਿਸ਼ੇਸ਼ ਦਲ ਰਾਹੀਂ ਇਨ੍ਹਾਂ ਨੂੰ ਦੇਸ਼ ਵਿੱਚ ਕਾਲਾ ਧਨ ਵਾਪਸ ਲਿਆਉਣ ਦੇ ਰਸਤੇ ਦੇ ਤੌਰ ਤੇ ਹੋਣ ਦੀ ਸੰਭਾਵਨਾ ਕਾਰਨ ਖ਼ਤਰੇ ਦੇ ਜ਼ੋਨ ਵਿੱਚ ਰੱਖਿਆ ਗਿਆ ਹੈ, ਸੇਬੀ ਵਲੋਂ ਅਧਿਕਾਰਤ ਖ਼ੁਦ ਜ਼ਾਹਰ ਕਰਨ ਦੀਆਂ ਵਾਧੂ ਲੋੜਾਂ ਅਤੇ ਮਨੀ ਲਾਂਡਰਿੰਗ ਉਤੇ ਕਾਬੂ ਪਾਉਣ ਲਈ ਸ਼ਮੂਲੀਅਤ ਨੋਟਾਂ ਦੀ ਸੀਮਿਤ ਅਦਲਾ-ਬਦਲੀ ਤਾਂ ਕਿ ਉਨ੍ਹਾਂ ਤੋਂ ਲਾਭ ਪ੍ਰਾਪਤ ਕਰਨ ਵਾਲਿਆਂ ਉਪਰ ਨਜ਼ਰ ਰਖੀ ਜਾ ਸਕੇ।

- ਬੇਨਾਮੀ ਲੈਣ-ਦੇਣ (ਰੋਕਥਾਮ) ਤਰਮੀਮੀ ਕਾਨੂੰਨ 2016 ਨੂੰ ਪਾਸ ਕਰਨਾ ਜਿਸ ਅਧੀਨ ਸਰਕਾਰ ਨੂੰ ਬੇਨਾਮੀ ਜਾਇਦਾਦ (ਬਿਨਾਂ ਮੁਆਵਜ਼ਾ ਦੇਣ ਦੇ), ਜੋ ਕਿਸੇ ਦੂਸਰੇ ਵਿਅਕਤੀ ਦੇ ਜਾਂ ਮਨਘੜੰਤ ਨਾਮ ਵਿੱਚ ਰਖੀ ਹੋਵੇ, ਜ਼ਬਤ ਕਰਨ ਦਾ ਅਧਿਕਾਰ ਦਿੰਦਾ ਹੈ। ਇਸ ਕਾਨੂੰਨ ਵਿੱਚ 7 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਮਾਲ ਵਿਭਗਾ ਅਨੁਸਾਰ, 245 ਬੇਨਾਮੀ ਲੈਣ-ਦੇਣ ਦੀ ਪਛਾਣ ਹੋ ਚੁੱਕੀ ਹੈ ਅਤੇ 55 ਕਰੋੜ ਰੁਪਏ ਦੀ ਜਾਇਦਾਦ 124 ਮਾਮਲਿਆਂ ਵਿੱਚ ਜ਼ਬਤ ਕੀਤੀ ਜਾ ਚੁੱਕੀ ਹੈ।

23064 ਛਾਪੇਮਾਰੀ/ਸਰਵੇ ਕੀਤੇ ਜਾ ਚੁੱਕੇ ਹਨ (ਆਮਦਨ ਕਰ 17525; ਸੀਮਾ ਕਰ 2509; ਕੇਂਦਰੀ ਐਕਸਾਈਜ਼ 1913; ਸੇਵਾ ਕਰ 1120) ਜਿਨ੍ਹਾਂ ਰਾਹੀਂ 1.37 ਲੱਖ ਕਰੋੜ ਰੁਪਏ ਦੀ ਕਰ ਚੋਰੀ ਦੀ ਪਛਾਣ ਹੋਈ ਹੈ (ਆਮਦਨ ਕਰ 69434 ਕਰੋੜ ਸੀਮਾ ਕਰ 11405 ਕਰੋੜ; ਕੇਂਦਰੀ ਐਕਸਾਈਜ਼ 13952 ਅਤੇ ਸੇਵਾ ਕਰ 42727 ਕਰੋੜ ਰੁਪਏ। 2814 ਮਾਮਲਿਆਂ ਵਿੱਚ ਮੁਕੱਦਮੇ ਦਰਜ ਕੀਤੇ ਗਏ ਜਨ੍ਹਾਂ ਅਧੀਨ 3893 ਲੋਕਾਂ ਨੂੰ ਫੜਿਆ ਗਿਆ ਹੈ।

- ਇਨਫੋਰਸਮੈਂਟ ਡਾਇਰੈਕਟੋਰੇਟ ਨੇ 519 ਮਾਮਲੇ ਦਰਜ ਕੀਤੇ ਅਤੇ 396 ਛਾਪੇ ਮਾਰੇ ਗਏ। 79 ਮਾਮਲਿਆਂ ਵਿੱਚ ਗ੍ਰਿਫ਼ਤਾਰੀਆਂ ਹੋਈਆਂ ਅਤੇ 14933 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਗਈ।

- 64275 ਐਲਾਨਕਾਰਾਂ ਨੇ 65,250 ਕਰੋੜ ਰੁਪਏ ਦੀ ਆਮਦਨ ਐਲਾਨ ਸਕੀਮ 2016 ਅਧੀਨ, ਜ਼ਾਹਰ ਕੀਤੀ ਹੈ ਜਿਸ ਨਾਲ ਘਰੇਲੂ ਕਾਲਾ ਧਨ ਜਮ੍ਹਾਂਖੋਰਾਂ ਨੂੰ ਸਾਫ ਹੋ ਜਾਣ ਦਾ ਮੌਕਾ ਮਿਲਿਆ।

## ਬਜਟ 2017-18 'ਭਾਰਤ ਨੂੰ ਬਦਲੋ, ਸਰਗਰਮ ਕਰੋ ਤੇ ਸਾਫ-ਸੁਥਰਾ ਬਣਾਓ'

ਵਿੱਤ ਮੰਤਰੀ ਨੇ ਕਾਲੇ ਧਨ ਖਿਲਾਫ ਮੁਹਿੰਮ ਨੂੰ ਅੱਗੇ ਲੈ ਜਾਣ ਲਈ ਹੇਠ ਦਿੱਤੇ ਮੁੱਖ ਸੁਧਾਰ ਸੁਝਾਏ ਹਨ :

- ਕਾਰੋਬਾਰੀਆਂ ਨੂੰ ਨਕਦ ਖਰਚੇ ਲਈ ਕਟੌਤੀ 10,000 ਰੁਪਏ ਤੱਕ ਹੀ ਮਿਲੇਗੀ।

- ਦਾਨੀ ਸੰਸਥਾਵਾਂ ਇਕ ਸਰੋਤ ਤੋਂ ਸਿਰਫ਼ 2000 ਰੁਪਏ ਤੱਕ ਹੀ ਨਕਦ ਅੰਸ਼ਦਾਨ ਲੈ ਸਕਦੀਆਂ ਹਨ।

- ਇਕ ਮਦ ਉਪਰ ਸਿਰਫ 2 ਲੱਖ ਰੁਪਏ ਤੱਕ ਦਾ ਨਕਦ ਖਰਚਾ ਕੀਤਾ ਜਾ ਸਕਦਾ ਹੈ ਅਤੇ ਜੇਕਰ ਇਸ ਦੀ ਉਲੰਘਣਾ ਕੀਤੀ ਗਈ ਤਾਂ ਉਸ ਰਕਮ ਬਰਾਬਰ ਜ਼ੁਰਮਾਨਾ ਅਦਾ ਕਰਨਾ ਹੋਵੇਗਾ।

- ਮੁਢਲੀਆਂ ਖੇਤੀਬਾੜੀ ਕਰੈਡਿਟ ਸਭਾਵਾਂ, ਜਿਨ੍ਹਾਂ ਦਾ ਕਾਲਾ ਧਨ ਜਮ੍ਹਾਂਖੋਰੀ ਕਰ ਕੇ ਦੁਰਉਪਯੋਗ ਕੀਤਾ ਜਾ ਸਕਦਾ ਹੈ, ਨੂੰ ਕੰਪਿਊਟਰੀਕ੍ਰਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਦੀ ਕੋਰ ਬੈਂਕਿੰਗ ਪ੍ਰਣਾਲੀ ਨਾਲ ਜੋੜਿਆ ਜਾਵੇਗਾ।

- ਲੰਬੀ ਮਿਆਦ ਦੇ ਕੈਪੀਟਲ ਲਾਭ ਕਰਜ ਤੋਂ ਛੋਟ ਨੂੰ ਉਨ੍ਹਾਂ ਸ਼ੇਅਰਾਂ ਤੱਕ ਸੀਮਤ ਕਰ ਦਿੱਤਾ ਗਿਆ ਹੈ ਜਿਨ੍ਹਾਂ ਉਪਰ ਸਕਿਓਰਿਟੀ ਟਰਾਂਜੈਕਸ਼ਨ ਕਰ ਦੀ ਅਦਾਇਗੀ ਕੀਤੀ ਗਈ ਹੋਵੇ (ਅਤੇ ਹੋਰ ਖਾਲਸ ਮਾਮਲਿਆਂ ਵਿੱਚ, ਜਿਵੇਂ ਕਿ ਜਨਤਕ ਪੇਸ਼ਕਸ਼ਾਂ)। ਇਸ ਨਾਲ 'ਬਨਾਉਟੀ ਲੈਣ-ਦੇਣ' ਰਾਹੀਂ ਕਰ ਚੋਰੀ ਉਪਰ ਨਕੇਲ ਕੱਸੀ ਜਾਵੇਗੀ।

- ਆਰਥਿਕ ਉਲੰਘਣਾ ਕਰਨ ਵਾਲਿਆਂ ਸਮੇਤ ਜੋ ਦੇਸ਼ ਛੱਡ ਕੇ ਬਾਹਰ ਭੱਜ ਗਏ ਹਨ, ਉਲੰਘਣਕਾਰੀਆਂ ਦੀ ਦੇਸ਼ ਅੰਦਰ ਜਾਇਦਾਦ ਜ਼ਬਤ ਕਰਨ ਲਈ ਪ੍ਰਸਤਾਵਤ ਕਾਨੂੰਨ, ਜਦੋਂ ਤੱਕ ਉਹ ਆਪਣੇ ਆਪ ਨੂੰ ਦੇਸ਼ ਦੇ ਕਾਨੂੰਨ ਸਾਹਮਣੇ ਪੇਸ਼ ਨਹੀਂ ਕਰ ਦਿੰਦੇ।

- ਅਧਾਰ ਨੂੰ ਆਮਦਨ ਕਰ ਰਿਟਰਨ ਭਰਨ ਅਤੇ ਨਵਾਂ ਪੈਨ ਕਾਰਡ ਲੈਣ ਅਤੇ ਪੁਰਾਣੇ ਨੂੰ ਆਪਣੇ ਪਾਸ ਰੱਖਣ ਲਈ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਨਾਲ ਇਕ ਤੋਂ ਬਹੁਤੇ ਪੈਨ ਕਾਰਡ ਰੱਖਣ ਅਤੇ ਬੋਗਸ ਪੈਨ ਕਾਰਡ ਬਣਾਉਣ ਉਪਰ ਰੋਕ ਲਗੇਗੀ ਅਤੇ ਬੈਂਕ ਖਾਤੇ ਖੋਲ੍ਹਣ ਸਮੇਤ, ਵੱਖ-ਵੱਖ ਕਿਸਮ ਦੇ ਲੈਣ-ਦੇਣ ਲਈ 'ਆਪਣੇ ਗਾਹਕ ਨੂੰ ਜਾਣੋਂ' ਅਧੀਨ ਜਾਂਚ ਪੜਤਾਲ ਵਿੱਚ ਮਜ਼ਬੂਤੀ ਆਵੇਗੀ।

## ਇਮਾਨਦਾਰ ਕਰਦਾਤਾਵਾਂ ਨੂੰ ਇਨਾਮ

ਜਿਥੇ ਸਰਕਾਰ ਟੈਕਸ ਅਧਾਰ ਨੂੰ ਵਧਾਉਣ ਲਈ ਯਤਨਸ਼ੀਲ ਹੈ, ਇਹ ਇਕ ਪੂਰਵ ਅਨੁਮਾਨ ਅਤੇ ਠੋਸ ਕਰ ਪ੍ਰਸ਼ਾਸਨ ਸਥਾਪਤ ਕਰਨ ਦੀ

ਕੋਸ਼ਿਸ਼ ਵੀ ਕਰ ਰਹੀ ਹੈ ਜੋ ਨਿਵੇਸ਼ਕ ਸਹਾਈ ਅਤੇ ਵਿਕਾਸ ਕਰਨ ਵਾਲੀ ਹੋਵੇਗੀ। ਕੁੱਝ ਮੁੱਖ ਪਹਿਲਾਂ/ਨੀਤੀਗਤ ਤਬਦੀਲੀਆਂ ਜੋ ਵਧੇਰੇ ਸੁਚੱਜੇ ਕਰ ਪ੍ਰਸ਼ਾਸਨ ਲਈ ਹਨ ਹੇਠ ਦਿੱਤੀਆਂ ਜਾ ਰਹੀਆਂ ਹਨ :

- ਆਪਣੇ ਪਿਛਲੀ ਤਰੀਕ ਤੋਂ ਕਾਨੂੰਨ ਲਾਗੂ ਕਰਨ ਦੇ ਸਰਵਸਤਾਵਾਨ ਅਧਿਕਾਰ ਨੂੰ ਨਾ ਖੋ ਕੇ, ਸਰਕਾਰ ਨੇ ਇਹ ਸਪੱਸ਼ਟ ਕੀਤਾ ਹੈ ਕਿ ਇਹ ਆਪਣੇ ਇਸ ਅਧਿਕਾਰ ਨੂੰ ਬਹੁਤ ਧਿਆਨ ਪੂਰਬਕ ਅਤੇ ਵਿਵੇਕਤਾ ਨਾਲ ਲਾਗੂ ਕਰੇਗੀ।

- ਕਰ ਦਾਤਾ ਅਤੇ ਵਿਭਾਗ ਵਿਚਕਾਰ ਆਹਮਣੇ ਸਾਹਮਣੇ ਦੇ ਵਿਚਾਰ ਵਟਾਂਦਰੇ ਨੂੰ ਘੱਟ ਕਰਨ ਅਤੇ ਕਰਾਂ ਦੀ ਅਦਾਇਗੀ ਵਿੱਚ ਲਗਣ ਵਾਲੇ ਸਮੇਂ ਅਤੇ ਲਾਗਤ ਨੂੰ ਘੱਟ ਕਰਨ ਲਈ 7 ਸ਼ਹਿਰਾਂ ਵਿੱਚ ਈ-ਅਸੈਸਮੈਂਟ ਸ਼ੁਰੂ ਕੀਤੀ ਗਈ ਹੈ।

- 2015 ਵਿੱਚ ਸ਼ੁਰੂ ਕੀਤੇ ਈ-ਸਹਿਯੋਗ, ਜੋ ਉਨ੍ਹਾਂ ਕਰਦਾਤਾਵਾਂ ਲਈ ਹੈ ਜਿਨ੍ਹਾਂ ਦੀਆਂ ਰਿਟਰਨਾਂ ਨੂੰ ਜਾਂਚ ਲਈ ਚੁਣਿਆ ਗਿਆ ਹੈ, ਇਕ ਆਨਲਾਈਨ ਮਸ਼ੀਨਰੀ ਹੈ ਜੋ ਉਨ੍ਹਾਂ ਦੀਆਂ ਆਮਦਨ ਕਰ ਰਿਟਰਨਾਂ ਵਿੱਚ ਖਾਮੀਆਂ ਨੂੰ ਦੂਰ ਕਰਨ ਲਈ ਚਾਲੂ ਕੀਤਾ ਗਿਆ ਹੈ, ਦਾ ਪਸਾਰ ਕੀਤਾ ਜਾਵੇਗਾ ਤਾਂ ਕਿ ਸਮੇਂ ਅਤੇ ਖਰਚੇ ਵਿੱਚ, ਖ਼ਾਸ ਤੌਰ ਤੇ ਛੋਟੇ ਕਰ ਦਾਤਾਵਾਂ ਲਈ ਘੱਟ ਬੱਚਤ ਕੀਤੀ ਜਾ ਸਕੇ।

ਇਕ ਉੱਚ ਪੱਧਰੀ ਕਮੇਟੀ ਦੀਆਂ ਸਿਫਾਰਸ਼ਾਂ ਉਤੇ ਜੋ ਵਪਾਰ ਅਤੇ ਉਦਯੋਗ ਨਾਲ ਵਿਚਾਰ ਵਟਾਂਦਰੇ ਲਈ ਸਥਾਪਤ ਕੀਤੀ ਗਈ ਹੈ ਸਿੱਧੇ ਕਰ ਕੇਂਦਰੀ ਬੋਰਡ (ਸੀ ਬੀ ਡੀ ਟੀ) ਅਤੇ ਉਤਪਾਦਨ ਅਤੇ ਸੀਮਾਂ ਕਰ ਕੇਂਦਰੀ ਬੋਰਡ (ਸੀ ਬੀ ਈ ਸੀ) ਸਮੇਂ-ਸਮੇਂ ਕਰ ਕਾਨੂੰਨਾਂ ਉਪਰ ਸਪੱਸ਼ਟੀਕਰਨ ਜਾਰੀ ਕਰਨਗੇ।

- ਇਕ ਨਿਸ਼ਚਿਤ ਰਕਮ ਤੋਂ ਉਪਰ, ਇਥੋਂ ਦੇ ਬਸ਼ਿੰਦੇ ਕਰ ਦਾਤਾ ਆਪਣੀ ਆਮਦਨ ਕਰ ਦੇਣਦਾਰੀ ਉਪਰ ਅਗਾਊਂ ਹੁਕਮਨਾਮਾ ਲੈ ਸਕਦੇ ਹਨ।

- ਆਮਦਨ ਕਰ ਨਿਪਟਾਰਾ ਕਮਿਸ਼ਨ ਦਾ ਘੇਰਾ ਵਧਾ ਦਿੱਤਾ ਗਿਆ ਹੈ ਤਾਂ ਕਿ ਵਧੇਰੇ ਕਰ ਦਾਤਾ ਇਸ ਮੌਕੇ ਦਾ ਲਾਭ ਉਠਾ ਸਕਣ।

- ਪ੍ਰਧਾਨ ਮੰਤਰੀ ਦਫ਼ਤਰ (ਪੀ ਐੱਮ ਓ) ਵਲੋਂ ਮਾਨੀਟਰ ਕੀਤੀ ਜਾਣ ਵਾਲੀ 'ਕੇਂਦਰੀ ਜਨਤਕ ਸ਼ਿਕਾਇਤ ਨਿਵਾਰਨ ਅਤੇ ਮਾਨੀਟਰਿੰਗ ਪ੍ਰਣਾਲੀ' ਅਤੇ ਈ-ਨਿਵਾਰਨ ਪੋਰਟਲ ਰਾਹੀਂ ਆਪਣੀਆਂ ਸ਼ਿਕਾਇਤਾਂ ਉਪਰ ਸਮੇਂਬਧ ਸੁਣਵਾਈ ਅਤੇ ਨਿਪਟਾਰਾ ਕਰਵਾ ਸਕਦੇ ਹਨ।

- ਚੋਣਵੇਂ ਕਰ ਦਾਤਾਵਾਂ ਲਈ ਇਕ ਪੰਨੇ ਦਾ 'ਸਹਜ' ਆਮਦਨ ਕਰ ਰਿਟਰਨ (ਆਈ ਟੀ ਆਰ) ਫਾਰਮ ਆਮਦਨ ਕਰ ਵਿਭਾਗ 'ਪ੍ਰਾਜੈਕਟ ਅੰਦਰ ਝਾਤ' ਅਧੀਨ ਕਰਾਂ ਦੀ ਪਾਲਣਾ ਵਿੱਚ ਸੁਧਾਰ ਅਤੇ ਤੇਜ਼ੀ ਨਾਲ ਜਾਂਚ ਪੜਤਾਲ ਲਈ ਗ਼ੈਰ ਦਖ਼ਲਅੰਦਾਜ਼ੀ ਸੂਚਨਾ ਅਧਾਰਤ ਪਹੁੰਚ ਨੂੰ ਮਜ਼ਬੂਤ ਕਰਨ ਉਪਰ ਕੰਮ ਹੋ ਰਿਹਾ ਹੈ।

## ਨੋਟਬੰਦੀ

500 ਅਤੇ 1000 ਰੁਪਏ ਦੇ ਉੱਚੇ ਮੁੱਲ ਦੀ ਮੁਦਰਾ ਦੇ ਨੋਟਬੰਦੀ ਨਾਲ ਕਰ ਚੋਰੀ ਕਰਨ ਦੀ ਸਜ਼ਾ ਵਿੱਚ ਵਾਧੇ ਅਤੇ ਰਿਸ਼ਵਤਖੋਰੀ ਦੀਆਂ ਜੜ੍ਹਾਂ ਉਤੇ ਕਾਰਵਾਈ ਕਰਨ ਨਾਲ ਪ੍ਰਸ਼ਾਸਕੀ ਤਬਦੀਲੀ ਆਈ ਹੈ। ਇਸ ਦਾ ਉਦੇਸ਼ ਨਕਲੀ ਮੁਦਰਾ ਦਾ ਖਾਤਮਾ ਕਰਨਾ, ਅਰਥਤੰਤਰ ਨੂੰ ਵਧੇਰੇ ਡਿਜੀਟਲ ਬਣਾਉਣ, ਵਿੱਤੀ ਬੱਚਤਾਂ ਵਿੱਚ ਵਾਧਾ ਅਤੇ ਅਰਥਚਾਰੇ ਨੂੰ ਵਧੇਰੇ ਲੋਕਾਚਾਰੀ ਬਣਾਉਣਾ ਸੀ ਜੋ ਸਭ ਮਿਲ ਕੇ ਅੰਤ ਵਿੱਚ ਕੁੱਲ ਘਰੇਲੂ ਉਤਪਾਦਨ ਵਿੱਚ ਵਾਧਾ ਕਰਾਂ ਦੀ ਵਧੇਰੇ ਪਾਲਣਾ ਅਤੇ ਕਰਾਂ ਤੋਂ ਵਧੇਰੇ ਆਮਦਨ ਵਿੱਚ ਸਹਾਈ ਹੋਣਗੇ। ਨੋਟਬੰਦੀ ਤੋਂ ਬਾਅਦ, ਲਗਭਗ ਸਾਰੀ ਨਕਦੀ ਬੈਂਕਿੰਗ ਪ੍ਰਣਾਲੀ ਵਿਚ ਆ ਗਈ ਹੈ ਜਿਸ ਨਾਲ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਰੁਪਏ ਪੈਸੇ ਦੇ ਚਲਣ ਉਪਰ ਨਜ਼ਰ ਰੱਖਣ ਵਿੱਚ ਆਸਾਨੀ ਹੋਵੇਗੀ।

ਨਕਦ ਜਮ੍ਹਾ ਖਾਤਿਆਂ ਦੀ ਜਾਂਚ ਪੜਤਾਲ ਤੋਂ ਧੋਖਾਧੜੀ ਕਰਨ ਦੇ ਕਈ ਤਰੀਕੇ ਉੱਭਰ ਕੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ ਪਿਛਲੀ ਤਰੀਕ ਤੋਂ ਵਿਕਰੀ ਦਿਖਾਉਣਾ, ਬੇਨਾਮੀ ਜਮ੍ਹਾਂ ਖਾਤੇ, ਗਹਿਣੇ, ਸੋਨਾ-ਚਾਂਦੀ, ਐਸ਼ੋਆਰਾਮ ਦੀਆਂ ਵਸਤਾਂ ਅਤੇ ਵਿਦੇਸ਼ੀ ਮੁਦਰਾ ਦੀ ਗ਼ੈਰ ਪਛਾਣੇ ਜਾਣ ਵਾਲੇ (ਬਿਨਾਂ ਪੈਨ ਦੇ) ਵਿਅਕਤੀਆਂ ਨੂੰ ਵਿਕਰੀ, ਪੈਨ ਨੰਬਰ ਜ਼ਾਹਰ ਕਰਨ ਤੋਂ ਬਚਣ ਲਈ ਬਿਲਾਂ ਨੂੰ ਦੁਫਾੜ ਕਰਨਾ, ਸਹਿਕਾਰੀ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਨਾ (ਜਿਥੇ ਸਖਤੀ ਨਾਲ 'ਆਪਣਾ ਗਾਹਕ ਜਾਣੋਂ' ਦੀਆਂ ਮਦਾਂ ਲਾਗੂ ਨਹੀਂ ਕੀਤੀਆਂ ਜਾਂਦੀਆਂ, ਇਕ ਤੋਂ ਵੱਧ ਖਾਤਿਆਂ ਵਿੱਚ ਇਕੋ ਪੈਨ ਰਾਹੀਂ ਜਮ੍ਹਾਂ ਖਾਤੇ, ਆਦਿ।

ਅੰਕੜਿਆਂ ਤੋਂ ਪਤਾ ਲਗਾ ਹੈ ਕਿ ਕੁੱਲ 5.48 ਲੱਖ ਕਰੋੜ ਰੁਪਏ ਦੀ ਰਕਮ, 2 ਲੱਖ ਤੋਂ 80 ਲੱਖ ਰੁਪਏ ਦੀ ਰਾਸ਼ੀ ਵਿੱਚ 1.09 ਕਰੋੜ ਖਾਤਿਆਂ ਵਿੱਚ ਨੋਟਬੰਦੀ ਦੌਰਾਨ ਜਮ੍ਹਾਂ ਕੀਤੀ ਗਈ। 80 ਲੱਖ ਰੁਪਏ ਤੋਂ ਵੱਧ ਜਮ੍ਹਾਂ ਕੀਤੀ ਰਕਮ ਵਾਲੇ 1.48 ਲੱਖ ਖਾਤਿਆਂ ਵਿੱਚ 4.89 ਲੱਖ ਕਰੋੜ ਰੁਪਏ ਜਮ੍ਹਾਂ ਹੋਏ। ਸਾਫ ਸੁਥਰਾ ਉਪਰੇਸ਼ਨ ਦੇ ਹਿੱਸੇ ਵਜੋਂ, ਪਹਿਲੇ ਫੇਜ਼ ਵਿੱਚ ਆਮਦਨ ਕਰ ਵਿਭਾਗ ਨੇ 18 ਲੱਖ ਵਿਅਕਤੀਆਂ ਨੂੰ ਈ-ਮੇਲ ਅਤੇ ਟੈਕਸਟ ਸੰਦੇਸ਼ ਭੇਜੇ। ਵਿਭਾਗ ਦੀ ਈ-ਫਾਈਲਿੰਗ ਵੈੱਬਸਾਈਟ ਉਪਰ 12 ਲੱਖ ਖਾਤਾਧਾਰੀਆਂ ਕੋਲੋਂ ਜਵਾਬ ਆ ਗਿਆ ਹੈ, ਇਸ ਨਾਲ ਵਿਭਾਗ ਨੂੰ ਸਹੀ ਮਾਮਲਿਆਂ ਨੂੰ ਹੋਰ ਪੁੱਛ ਪੜਤਾਲ ਤੋਂ ਬਾਹਰ ਕਰਨ ਵਿੱਚ ਮਦਦ ਮਿਲੇਗੀ। ਰਾਜ ਸਭਾ ਵਿੱਚ ਇਕ ਲਿਖਤ ਉੱਤਰ ਵਿੱਚ ਵਿੱਤ ਮੰਤਰੀ ਨੇ ਜਵਾਬ ਦਿੱਤਾ ਕਿ ਆਮਦਨ ਕਰ ਵਿਭਾਗ ਨੇ ਨੋਟਬੰਦੀ ਤੋਂ ਬਾਅਦ 1100 ਛਾਪਿਆਂ ਅਤੇ ਸਰਵੇ ਉਪਰੇਸ਼ਨਾਂ ਰਾਹੀਂ 600 ਕਰੋੜ ਰੁਪਏ ਨਕਦੀ ਅਤੇ ਕੀਮਤੀ ਸਮਾਨ ਦੀ ਸ਼ਕਲ ਵਿੱਚ ਜ਼ਬਤ ਕੀਤਾ ਹੈ।

ਸਾਫ ਸੁਥਰਾ ਹੋ ਜਾਣ ਲਈ ਇਕ ਮੌਕਾ ਦੇਣ ਲਈ, ਸਰਕਾਰ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਦੀ ਘੋਸ਼ਣਾ ਕੀਤੀ ਸੀ। ਜਿਸ ਅਧੀਨ, ਉਹ ਵਿਅਕਤੀ ਜਿਨ੍ਹਾਂ ਨੇ ਆਪਣੇ ਜਮ੍ਹਾਂ ਖਾਤਿਆਂ ਵਿੱਚ ਜਮ੍ਹਾਂ ਪੂੰਜੀ ਘੋਸ਼ਤ ਕਰ ਦਿੱਤੀ ਹੈ (31 ਮਾਰਚ 2017 ਤੱਕ), ਉਹ 50 ਪ੍ਰਤਿਸ਼ਤ ਕਰ ਵਜੋਂ ਅਦਾ ਕਰ ਸਕਦੇ ਸਨ ਅਤੇ 25 ਪ੍ਰਤਿਸ਼ਤ ਗ਼ੈਰ ਵਿਆਜੀ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਵਿੱਚ ਚਾਰ ਸਾਲ ਲਈ ਜਮ੍ਹਾਂ ਰਖਣਗੇ। ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਵਿੱਚ ਜਮ੍ਹਾਂ ਹੋਈ ਰਾਸ਼ੀ ਦੇ ਹਾਲੇ ਕੋਈ ਅੰਕੜੇ ਪ੍ਰਾਪਤ ਨਹੀਂ ਹੋਏ ਹਨ। ਗਿਣਤੀ ਨੂੰ ਇਕ ਪਾਸੇ ਰੱਖ ਕੇ, ਇਹ ਮਹੱਤਵਪੂਰਨ ਹੈ ਕਿ ਆਮ ਆਦਮੀ ਨੂੰ ਇਕ ਅਜਿਹਾ ਢਾਂਚਾ ਮੁਹੱਈਆ ਕੀਤਾ ਗਿਆ ਸੀ ਜਿਸ ਅਧੀਨ ਉਹ ਆਪਣਾ ਅਣਜਾਣਪੁਣੇ ਵਿੱਚ ਕਮਾਇਆ ਧਨ ਬਾਕਾਇਦਾ ਨਿਯਮਬੱਧ ਕਰ ਸਕਦੇ ਸਨ।

## ਡਿਜੀਟਲ ਅਰਥਤੰਤਰ

ਅਰਥਤੰਤਰ ਵਿੱਚ ਨਕਦੀ ਦੀ ਬਹੁਤਾਤ, ਵੱਡੇ ਪੈਮਾਨੇ ਉਤੇ ਕਰ ਚੋਰੀ ਦਾ ਮੁੱਖ ਕਾਰਨ

ਹੈ। ਪੀ ਡਬਲਿਯੂ ਸੀ ਦੀ 2015 ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਕੁੱਲ ਲੈਣ-ਦੇਣ ਦਾ 98 ਪ੍ਰਤਿਸ਼ਤ ਹਿੱਸਾ ਆਇਤ ਅਨੁਸਾਰ ਅਤੇ ਕੁੱਲ ਕੀਮਤ ਦਾ 68 ਪ੍ਰਤਿਸ਼ਤ ਹਿੱਸਾ ਨਕਦੀ ਵਿੱਚ ਹੁੰਦਾ ਹੈ ਨੋਟਬੰਦੀ ਨੇ ਡਿਜੀਟਲ ਲੈਣ-ਦੇਣ ਵਿੱਚ ਬਹੁਤ ਵਾਧਾ ਕੀਤਾ ਹੈ। ਜਿਥੇ ਡਿਜੀਟਲ ਅਰਥਤੰਤਰ ਦੇ ਬਹੁਤ ਲਾਭ ਹਨ, ਪਰ ਇਹ ਨਾਲ-ਨਾਲ ਪਾਰਦਰਸ਼ਿਤਾ ਵੀ ਲਿਆਉਂਦਾ ਹੈ। ਅੰਤਰਰਾਸ਼ਟਰੀ ਪਾਰਦਰਸ਼ਿਤਾ ਦੇ ਰਿਸ਼ਵਤਖੋਰੀ ਪ੍ਰਤੱਖਣ ਇੰਡੈਕਸ ਵਿੱਚ ਸਭ ਤੋਂ ਉਪਰਲੇ ਦੇਸ਼ਾਂ ਵਿੱਚ ਸਮੁੱਚੇ ਲੈਣ-ਦੇਣ ਦਾ 10 ਪ੍ਰਤਿਸ਼ਤ ਤੋਂ ਘੱਟ ਹਿੱਸਾ ਨਕਦ ਭੁਗਤਾਨ ਰਾਹੀਂ ਹੁੰਦਾ ਹੈ। ਇਸ ਰੈਂਕਿੰਗ ਵਿੱਚ, ਭਾਰਤ ਬਹੁਤ ਪਿਛੇ 79ਵੇਂ ਰੈਂਕ ਉਤੇ ਹੈ। ਭਾਰਤ ਦੀ ਰਾਸ਼ਟਰੀ ਅਦਾਇਗੀ ਕਾਰਪੋਰੇਸ਼ਨ ਨੇ ਕਾਮਯਾਬੀ ਪੂਰਬਕ ਏਕੀਕ੍ਰਿਤ ਅਦਾਇਗੀ ਅੰਤਰ ਸਤਹੀ ਪਲੇਟਫਾਰਮ ਲਾਗੂ ਕੀਤਾ ਹੈ ਜੋ ਆਪਸੀ ਪ੍ਰੀਚਾਲਣ ਸੰਭਵ ਬਣਾਉਂਦਾ ਹੈ; ਭੀਮ (196 ਲੱਖ ਲੋਕਾਂ ਨੇ ਇਸ ਨੂੰ ਡਾਊਨਲੋਡ ਕੀਤਾ ਹੈ) ਅਤੇ ਆਧਾਰ ਪੇ ਹਮ-ਰੁਤਬਾ ਲੈਣ-ਦੇਣ ਅਤੇ ਕਾਊਂਟਰ ਉਪਰ ਡਿਜੀਟਲ ਲੈਣ-ਦੇਣ ਨੂੰ ਸੁਵਿਧਾਜਨਕ ਬਣਾ ਦੇਵੇਗਾ। ਰਿਜ਼ਰਵ ਬੈਂਕ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਲੰਬੀ ਮਿਆਦ ਦਾ ਲਾਭ ਮਿਲਣਾ ਸ਼ੁਰੂ ਹੋ ਗਿਆ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਏਕੀਕ੍ਰਿਤ ਅਦਾਇਗੀ ਅੰਤਰ ਸਤਹੀ ਅਧਾਰਤ ਦੇਣ-ਲੈਣ 20 ਪ੍ਰਤਿਸ਼ਤ ਵਧ ਕੇ ਮਾਰਚ 2017 ਵਿੱਚ 2,000 ਕਰੋੜ ਰੁਪਏ ਦਾ ਹੋ ਗਿਆ ਸੀ।

ਡਿਜੀਟਲ ਲੈਣ-ਦੇਣ ਲਈ ਪ੍ਰੇਰਕ ਦੇ ਤੌਰ ਤੇ, ਛੋਟੇ ਅਤੇ ਦਰਮਿਆਨੇ ਕਰ ਦਾਤਾਵਾਂ ਲਈ ਜਿਨ੍ਹਾਂ ਦੀ ਟਰਨਓਵਰ 2 ਕਰੋੜ ਰੁਪਏ ਤੋਂ ਘੱਟ ਹੈ, ਆਮਦਨ ਕਰ ਦੀ ਦਰ 8 ਪ੍ਰਤਿਸ਼ਤ ਤੋਂ ਘਟਾ ਕੇ 6 ਪ੍ਰਤਿਸ਼ਤ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸਰਕਾਰ ਨੇ ਬੀ ਸੀ ਡੀ/ਉਤਪਾਦਨ ਕਰ/ਕਾਊਂਟਰਵੇਲਿੰਗ ਕਰ ਅਤੇ ਪੀ ਓ ਐੱਸ ਮਸ਼ੀਨਾਂ ਅਤੇ ਮਾਈਕਰੋ ਏ ਟੀ ਐੱਮ ਮਸ਼ੀਨਾਂ ਨੂੰ ਕਰ ਮੁਕਤ ਕਰ ਦਿੱਤਾ ਗਿਆ ਹੈ। ਸਰਕਾਰ ਨੇ ਪੈਨ ਦੇ ਆਧਾਰ ਨਾਲ ਜੋੜਮੇਲ ਨੂੰ ਲਾਜ਼ਮੀ ਕਰਾਰ ਦਿੱਤਾ ਹੈ, ਇਸ ਤੋਂ ਵੀ ਅੱਗੇ ਦੇ ਕਦਮ ਦੇ ਤੌਰ ਤੇ ਇਹ 50,000 ਰੁਪਏ ਤੋਂ ਵੱਧ ਦੇ ਲੈਣ-ਦੇਣ ਪ੍ਰਮਾਣੀਕਰਨ ਆਧਾਰ ਨਾਲ ਜੋੜਨ ਦੀ ਸੋਚ ਸਕਦੀ ਹੈ।

## ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ)

ਜੀ ਐੱਸ ਟੀ ਆਜ਼ਾਦੀ ਤੋਂ ਬਾਅਦ ਦੇ ਕਰ ਸੁਧਾਰਾਂ ਵਿੱਚੋਂ ਇਕ ਸਭ ਤੋਂ ਵੱਡਾ ਸੁਧਾਰ ਹੈ ਅਤੇ ਇਸ ਦਾ ਉਦੇਸ਼ ਗੁੰਝਲਦਾਰ ਅਸਿੱਧੀ ਕਰ ਪ੍ਰਣਾਲੀ ਨੂੰ ਸੌਖਾ ਕਰਨਾ ਹੈ। ਇਸ ਨਾਲ ਇਕ ਸਾਂਝੀ ਭਾਰਤੀ ਮਾਰਕੀਟ ਬਣੇਗੀ, ਕਰ ਪ੍ਰਸ਼ਾਸਨ ਸੁਖਾਲਾ ਹੋ ਜਾਵੇਗਾ, ਕਰ ਪਾਲਣਾ ਵਧੇਗੀ, ਨਿਵੇਸ਼ ਅਤੇ ਵਿਕਾਸ ਨੂੰ ਬਹੁਤ ਹੁੰਗਾਰਾ ਮਿਲੇਗਾ ਅਤੇ ਸਿੱਟੇ ਵਜੋਂ ਵਧੇਰੇ ਮਾਲੀ ਆਮਦਨ ਹੋਵੇਗੀ ਕਿਉਂਕਿ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਲਗਾਏ ਜਾਣ ਵਾਲੇ ਸਾਰੇ ਕਰ (ਸੀਮਾ ਕਰ ਨੂੰ ਛੱਡ ਕੇ) ਇਸ ਵਿੱਚ ਸ਼ਾਮਲ ਹੋ ਜਾਣਗੇ। ਸੰਸਦ ਵਲੋਂ ਜੀ ਐੱਸ ਟੀ ਨਾਲ ਸੰਬੰਧਿਤ ਚਾਰ ਬਿਲਾਂ ਨੂੰ ਮਨਜ਼ੂਰੀ ਮਿਲ ਜਾਣ ਤੋਂ ਬਾਅਦ, ਜੀ ਐੱਸ ਟੀ ਆਪਣੇ ਲਾਗੂ ਹੋਣ ਦੇ 1 ਜੁਲਾਈ ਦੇ ਟੀਚੇ ਦੇ ਹੋਰ ਨੇੜੇ ਆ ਗਿਆ ਹੈ। ਜੀ ਐੱਸ ਟੀ ਸੂਚਨਾ ਤਕਨਾਲੋਜੀ ਦੇ ਨਵੀਨਤਮ ਢਾਂਚੇ ਅਤੇ ਕਰ ਚੋਰੀ ਲਈ ਸਖਤ ਸਜ਼ਾਵਾਂ ਅਤੇ ਜੁਰਮਾਨੇ ਦੇ ਪ੍ਰਾਵਧਾਨ ਨਾਲ ਭਾਰਤ ਵਿੱਚ ਦਰਮਿਆਨੀ ਅਤੇ ਲੰਬੀ ਮਿਆਦ ਵਿੱਚ ਕੁੱਲ ਘਰੇਲੂ ਉਤਪਾਦਨ ਦੇ ਅਨੁਪਾਤ ਵਿੱਚ ਕਰ ਆਮਦ ਬਹੁਤ ਵਧ ਸਕਦੀ ਹੈ। ਇਸ ਤੋਂ ਇਲਾਵਾ ਵਪਾਰਕ ਲੈਣ-ਦੇਣ ਦੀ ਸਹੀ ਜਾਣਕਾਰੀ ਆਪਣੇ ਆਪ ਸਿੱਧੇ ਕਰਾਂ ਦੇ ਜਮ੍ਹਾਂ ਹੋਣ ਵਿੱਚ ਉਛਾਲ ਲਿਆ ਦੇਵੇਗੀ।

## ਚੋਣਾਂ ਲਈ ਫੰਡ ਦੇਣ ਵਿੱਚ ਸੁਧਾਰ

ਲੋਕਤੰਤਰੀ ਸੁਧਾਰਾਂ ਦੇ ਸੰਗਠਨ, ਜੋ ਇਕ ਥਿੰਕ ਟੈਂਕ ਹੈ ਦੀ ਰਿਪੋਰਟ ਅਨੁਸਾਰ ਰਾਜਨੀਤਕ ਦਲਾਂ ਨੂੰ 2004-05 ਤੋਂ 2014-15 ਵਿਚਕਾਰ 7833 ਕਰੋੜ ਰੁਪਏ ਗ਼ੈਰ ਪਛਾਣੇ ਸਰੋਤਾਂ ਕੋਲੋਂ ਮਿਲੇ ਜੋ ਉਨ੍ਹਾਂ ਦੀ ਕੁੱਲ ਆਮਦਨ ਦਾ 69 ਪ੍ਰਤਿਸ਼ਤ ਹੈ, ਸਾਨੂੰ ਗ਼ੈਰ ਪਛਾਣੇ ਸਰੋਤਾਂ ਬਾਰੇ ਅੰਦਾਜ਼ਾ ਲਗਾਉਣ ਲਈ ਛੱਡ ਦਿੱਤਾ ਜਾਂਦਾ ਹੈ। ਉਦਯੋਗਿਕ ਅਤੇ ਵਪਾਰਕ ਘਰਾਣਿਆਂ ਵਲੋਂ ਰਾਜਨੀਤਕ ਦਲਾਂ ਨੂੰ ਫੰਡ ਦੇਣਾ ਜਿਸ ਵੇਲੇ ਛੁਪਾ ਕੇ ਰਖਿਆ ਜਾਂਦਾ ਹੈ ਤਾਂ ਉਹ ਨਿਹਿਤ ਸਵਾਰਥ ਨੂੰ ਜਨਮ ਦਿੰਦੇ ਹਨ। ਇਹ ਰਾਜਨੀਤੀ ਅਤੇ ਵਪਾਰ ਵਿਚਕਾਰ ਅਪਵਿੱਤਰ ਰਿਸ਼ਤੇ ਨੂੰ ਤੂਲ ਦਿੰਦਾ ਹੈ, ਰਾਜਨੇਤਾ ਨੂੰ ਉਸ ਉਪਰ ਕੀਤੀ ਕਿਰਪਾ ਨੂੰ ਚੁਕਾਉਣ ਲਈ ਉਕਸਾਉਂਦਾ ਹੈ ਅਤੇ ਇਸ ਤਰ੍ਹਾਂ ਲੋਕਤੰਤਰ ਅਤੇ ਲੋਕਾਂ ਦੀ ਆਵਾਜ਼ ਨੂੰ ਧੱਬਾ ਲਗਾਉਂਦਾ ਹੈ। ਇਸ ਲਈ ਸਾਫ ਸੁਥਰੇ ਅਰਥਤੰਤਰ ਲਈ ਰਾਜਨੀਤਕ ਫੰਡ ਦੇਣ ਵਿੱਚ ਪਾਰਦਰਸ਼ਤਾ ਜ਼ਰੂਰੀ ਹੈ।

2017 ਦੇ ਬਜਟ ਵਿੱਚ, ਇਕ ਸਰੋਤ ਤੋਂ ਰਾਜਨੀਤਕ ਦਲਾਂ ਨੂੰ ਨਕਦ ਫੰਡ ਦੇਣ ਨੂੰ 2000 ਰੁਪਏ ਤੱਕ ਸੀਮਤ ਕਰ ਦੇਣ ਨਾਲ ਇਸ ਦਿਸ਼ਾ ਵੱਲ ਪਹਿਲਾ ਕਦਮ ਪੁੱਟਿਆ ਗਿਆ ਹੈ, ਰਾਜਨੀਤਕ ਰਿਸ਼ਤੇ ਦੀ ਧਾਰਣਾ ਦਾ ਪ੍ਰਸਤਾਵ ਕੀਤਾ ਗਿਆ ਹੈ ਜਿਥੇ ਕਾਰਪੋਰੇਟ ਚੰਦੇ ਗੁਮਨਾਮ ਰਖੇ ਜਾਣਗੇ ਤਾਂ ਜੋ ਦੇਣ ਵਾਲੇ ਦੀ ਪਛਾਣ ਨੂੰ ਸੁਰੱਖਿਅਤ ਰਖਿਆ ਜਾ ਸਕੇ, ਪਰ ਸਰੋਤ ਦਾ ਪਤਾ ਲਗਾਇਆ ਜਾ ਸਕੇਗਾ।

## ਰਿਸ਼ਵਤਖੋਰੀ ਨੂੰ ਇਕ ਲਾਂਭੇ ਕਰਨਾ

ਆਜ਼ਾਦੀ ਵੇਲੇ ਤੋਂ ਹੁਣ ਤੱਕ, ਵਿਕਾਸ ਦਾ ਲਾਭ ਗਰੀਬਾਂ ਅਤੇ ਲੋੜਵੰਦਾਂ ਤੱਕ ਪਹੁੰਚਾਉਣ ਲਈ, ਕਲਿਆਣਕਾਰੀ ਸਕੀਮਾਂ ਵਿੱਚ ਬੇਅੰਤ ਵਾਧਾ ਹੋਇਆ ਹੈ। ਪਰ ਇਨ੍ਹਾਂ ਸਾਲਾਂ ਵਿੱਚ ਰਿਸ਼ਵਤਖੋਰੀ ਵੀ ਬਹੁਤ ਵਧੀ ਹੈ ਜਿਸ ਨਾਲ ਵੱਡੇ ਪੈਮਾਨੇ ਉਤੇ ਇਨ੍ਹਾਂ ਦੇ ਫੰਡ ਲੀਕ ਹੋ ਕੇ ਅਯੋਗ ਹੱਥਾਂ ਵਿੱਚ ਚਲੇ ਜਾਂਦੇ ਹਨ, ਉਦਾਹਰਣ ਵਜੋਂ, 2015-16 ਦੇ ਆਰਥਿਕ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਜਨਤਕ ਵੰਡ ਪ੍ਰਣਾਲੀ ਜਿਹੀ ਫਲੈਗਸ਼ਿਪ ਸਕੀਮ ਅਧੀਨ 40-50 ਪ੍ਰਤਿਸ਼ਤ ਲਾਭ ਲੀਕ ਹੋ ਜਾਣ ਕਾਰਨ ਪ੍ਰਾਪਤ ਨਹੀਂ ਹੁੰਦਾ। ਸਰਕਾਰ ਨੇ ਇਕ ਨਵਾਂ ਰਸਤਾ ਖੋਜਿਆ ਹੈ, ਸਿੱਧੇ ਲਾਭ ਜਮ੍ਹਾਂ (ਡੀ ਬੀ ਟੀ), ਜਿਸ ਨਾਲ ਲਾਭ ਦੇ ਬਰਾਬਰ ਦੀ ਰਾਸ਼ੀ ਨੂੰ ਲਾਭਪਾਤਰ ਗਰੀਬ ਦੇ ਖਾਤੇ ਵਿੱਚ ਰਿਸ਼ਵਤਖੋਰੀ ਨੂੰ ਇਕ ਲਾਂਭੇ ਕਰ ਕੇ ਸਿੱਧੇ ਜਮ੍ਹਾਂ ਕਰ ਦਿੱਤਾ ਜਾਂਦਾ ਹੈ। ਬੈਂਕਾਂ ਨੂੰ ਗਰੀਬਾਂ ਅਤੇ ਸ਼ੋਸ਼ਿਤ ਵਰਗਾਂ ਤੱਕ ਪਹੁੰਚਾਉਣ ਲਈ, 2014 ਵਿੱਚ ਵੱਡੇ ਪੈਮਾਨੇ ਉਤੇ ਇਕ ਲਹਿਰ ਚਲਾਈ ਗਈ ਸੀ ਜਿਸ ਉਪਰ ਡੀ ਬੀ ਟੀ ਦਾ ਢਾਂਚਾ ਖੜ੍ਹਾ ਹੈ, ਜਨ ਧਨ (25.7 ਕਰੋੜ ਖਾਤੇ ਖੁੱਲ੍ਹੇ), ਆਧਾਰ (112 ਕਰੋੜ ਕਾਰਡ ਬਣੇ) ਅਤੇ ਮੋਬਾਈਲ ਦੀ ਤੱਕੜੀ ਨੇ ਪਾਰਦਰਸ਼ਤਾ ਅਤੇ ਸ਼ਮੂਲੀਅਤ ਦੀ ਨੀਂਹ ਰੱਖੀ ਹੈ। ਦੱਸਿਆ ਗਿਆ ਹੈ ਕਿ ਅੱਜ ਡੀ ਬੀ ਟੀ ਅਧੀਨ 17 ਮੰਤਰਾਲਿਆਂ ਵਿੱਚ 84 ਸਕੀਮਾਂ ਚਲ ਰਹੀਆਂ ਹਨ ਜਿਸ ਨਾਲ ਪਿਛਲੇ ਤਿੰਨ ਸਾਲਾਂ ਵਿੱਚ 50,000 ਕਰੋੜ ਰੁਪਏ ਦੀ ਬੱਚਤ ਹੋਈ ਹੈ। ਵਧੇਰੇ ਪਾਰਦਰਸ਼ਿਤਾ ਲਿਆਉਣ ਲਈ, ਲਾਭਪਾਤਰਾਂ ਦੀ ਸੂਚੀ ਨੂੰ ਵੈਬਸਾਈਟ ਉਤੇ ਪਾ ਦੇਣਾ ਅਗਲਾ

ਕਦਮ ਹੋਵੇਗਾ ਤਾਂ ਕਿ ਕੋਈ ਵੀ ਉਸ ਨੂੰ ਜਾਂਚ ਸਕੇ।

ਸਰਕਾਰ ਨੇ ਖਦਾਨਾਂ ਅਤੇ ਖਣਿਜ ਪਦਾਰਥਾਂ (ਵਿਕਾਸ ਅਤੇ ਨਿਯੰਤ੍ਰਣ) ਕਾਨੂੰਨ ਅਧੀਨ ਕੁਦਰਤੀ ਸਰੋਤਾਂ ਨੂੰ ਅਲਾਟ ਕਰਨ ਲਈ ਬੋਲੀ ਲਗਾਉਣ ਦੇ ਇਕੋ-ਇਕ ਰਸਤੇ ਨੂੰ ਲਾਜ਼ਮੀ ਕਰ ਦੇਣ ਨਾਲ ਅਤੇ ਸਰਕਾਰੀ ਮੰਤਰਾਲਿਆਂ/ਮਹਿਕਮਿਆਂ, ਜਨਤਕ ਸੇਵਾ ਇਕਾਈਆਂ ਅਤੇ ਖੁਦਮੁਖਤਿਆਰ ਸੰਸਥਾਨਾਂ ਲਈ ਸਰਕਾਰੀ ਈ-ਮਾਰਕੀਟਿੰਗ ਦਾ ਰਸਤਾ ਨਿਸ਼ਚਤ ਕਰ ਕੇ ਇਸ ਨੂੰ ਸਰਲ ਬਣਾ ਦਿੱਤਾ ਹੈ ਅਤੇ ਇਸ ਵਿੱਚ ਹੋ ਰਹੀ ਵੱਡੇ ਪੈਮਾਨੇ ਉਤੇ ਰਿਸ਼ਵਤਖੋਰੀ ਨੂੰ ਖਤਮ ਕਰ ਦਿੱਤਾ ਗਿਆ ਹੈ। ਅਜਿਹੇ ਕਦਮ ਰਿਸ਼ਵਤਖੋਰੀ ਦੇ ਮੁੱਢ ਉਤੇ ਹੀ ਹਮਲਾ ਕਰਦੇ ਹਨ ਅਤੇ ਰਾਸ਼ਟਰ ਵਿਕਾਸ ਸਰਗਰਮੀਆਂ ਲਈ ਲੋੜੀਂਦੇ ਸਰੋਤਾਂ ਵਿੱਚ ਵਾਧਾ ਕਰਦੇ ਹਨ।

## ਗ਼ੈਰ ਮੁਕੰਮਲ ਏਜੰਡਾ

ਸਾਫ ਸੁਥਰਾ ਭਾਰਤ ਬਣਾਉਣ ਦੀ ਸਰਕਾਰ ਦੀ ਹਿੰਮਤ ਅਤੇ ਵਚਨਬੱਧਤਾ ਦੀ ਦਾਦ ਦੇਣੀ ਪਵੇਗੀ ਪਰ ਇਸ ਮੰਤਵ ਲਈ, ਲਗਾਤਾਰ ਅਤੇ ਪੱਧਤਵਾਰ ਹੱਲ ਲਈ ਹੇਠ ਦਿੱਤੇ ਕੁੱਝ ਹੋਰ ਕਦਮ ਉਠਾਉਣੇ ਪੈਣਗੇ, ਜੋ ਇਕ ਵੰਨਗੀ ਹਨ, ਪਰ ਤਫਸੀਲੀ ਨਹੀਂ ਹਨ :

- ਅਸਰਦਾਰ ਅਤੇ ਰਿਸ਼ਵਤਖੋਰੀ ਰਹਿਤ ਪ੍ਰਸ਼ਾਸਨ ਲਈ, ਕਰ ਕਾਨੂੰਨਾਂ ਅਤੇ ਤਰੀਕਿਆਂ ਨੂੰ ਸਰਲ ਬਣਾਉਣਾ ਅਤਿ ਜ਼ਰੂਰੀ ਹੈ। ਇਸ ਵਿੱਚ ਮਨਮਰਜ਼ੀ ਦਾ ਫੈਸਲਾ ਕਰਨ ਅਤੇ ਮੁਕੱਦਮੇਬਾਜ਼ੀ ਵਿੱਚ ਪੈਣ ਦੀ ਘੱਟ ਤੋਂ ਘੱਟ ਗੁੰਜਾਇਸ਼ ਹੋਣੀ ਚਾਹੀਦੀ ਹੈ। 2016-17 ਦੇ ਬਜਟ ਬਿਆਨ ਵਿੱਚ ਇਹ ਪ੍ਰਗਟ ਕੀਤਾ ਗਿਆ ਸੀ ਕਿ ਪਹਿਲੀ ਅਪੀਲੇਟ ਅਥਾਰਿਟੀ ਸਾਹਮਣੇ 3 ਲੱਖ ਕਰ ਮਾਮਲੇ ਨਿਪਟਾਰੇ ਲਈ ਪਏ ਹਨ ਜਿਨ੍ਹਾਂ ਵਿੱਚ 5.5 ਲੱਖ ਕਰੋੜ ਰੁਪਏ ਝਗੜੇ ਵਿੱਚ ਫਸੇ ਪਏ ਹਨ।

- ਕਾਨੂੰਨੀ ਪ੍ਰਾਵਧਾਨਾ ਦੀ ਦੁਰਵਰਤੋਂ ਇਕ ਹੋਰ ਖੇਤਰ ਹੈ ਜਿਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ, ਅਸਾਨ ਕਾਰਪੋਰੇਟ ਕਾਇਦਿਆਂ ਦੀ ਦੁਰਵਰਤੋਂ ਕਰ ਕੇ, ਸਮੇਂ ਨਾਲ ਦਿਖਾਵਟੀ ਕੰਪਨੀਆਂ ਖੁੰਭਾਂ ਵਾਂਗ ਪੈਦਾ ਹੋ ਗਈਆਂ ਹਨ। ਇਕੋ ਪਤੇ ਉਤੇ ਸੈਂਕੜੇ ਦਿਖਾਵਟੀ ਕੰਪਨੀਆਂ ਰਜਿਸਟਰ ਹਨ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਦੀ ਪੂੰਜੀ ਬਹੁਤ ਥੋੜ੍ਹੀ ਹੈ, ਇਕ ਨੌਕਰ ਹੈ ਜਾਂ ਕੋਈ ਵੀ ਕਰਮਚਾਰੀ ਨਹੀਂ ਹੈ ਅਤੇ ਗ਼ੈਰ ਸਾਧਨ ਯੁਕਤ ਡਾਇਰੈਕਟ ਹਨ। ਇਨ੍ਹਾਂ ਸਾਲਾਂ ਵਿੱਚ, ਇਨ੍ਹਾਂ ਦਿਖਾਵਟੀ ਕੰਪਨੀਆਂ ਨੇ ਝੂਠੇ ਬਿਲ ਤਿਆਰ ਕਰਨ, ਬੋਗਸ ਸ਼ੇਅਰ ਪੂੰਜੀ ਦਿਖਾਉਣ, ਬੋਗਸ ਕਰਜ਼ੇ ਦੇਣ ਅਤੇ ਇਥੋਂ ਤੱਕ ਕਿ ਕਿਸੇ ਵੀ ਝੂਠੇ ਵਿੱਤੀ ਲੈਣ-ਦੇਣ ਲਈ ਇਕ ਬਹੁਤ ਤੇਜ਼ੀ ਨਾਲ ਚਲਣ ਵਾਲੀ ਪ੍ਰਣਾਲੀ ਖੜ੍ਹੀ ਕਰ ਲਈ ਹੈ।ਇਨ੍ਹਾਂ ਦੀ ਵੱਡੀ ਗਿਣਤੀ ਹੋਣ ਕਾਰਨ ਇਨ੍ਹਾਂ ਨੂੰ ਪਛਾਨਣਾ ਬਹੁਤ ਔਖਾ ਹੈ ਅਤੇ ਜੇਕਰ ਪਛਾਣ ਲਈਆਂ ਵੀ ਜਾਣ ਤਾਂ ਅੱਜ ਦੇ ਸਬੂਤਾਂ ਦੇ ਮਿਆਰ ਦੇ ਅਧਾਰ ਉਤੇ ਸਾਬਤ ਕਰਨਾ ਬਹੁਤ ਔਖਾ ਹੈ। ਸੂਚਨਾ ਤਕਨਾਲੋਜੀ ਜਾਂਚ ਪੜਤਾਲ ਨੇ 2013-14 ਤੋਂ 2015-16 ਵਿਚਕਾਰ 1155 ਤੋਂ ਵੱਧ ਦਿਖਾਵਟੀ ਕੰਪਨੀਆਂ/ਅਦਾਰਿਆਂ ਦੀ ਪਛਾਣ ਕੀਤੀ ਸੀ ਜੋ 22,000 ਤੋਂ ਵੱਧ ਲਾਭਪਾਤਰਾਂ ਵਲੋਂ 13,300 ਕਰੋੜ ਰੁਪਏ ਦਾ ਨਕਲੀ ਲੈਣ-ਦੇਣ ਕਰਨ ਲਈ ਵਰਤੀਆਂ ਗਈਆਂ ਸਨ। ਪਰ ਇਨ੍ਹਾਂ ਕੰਪਨੀਆਂ ਖਿਲਾਫ ਅਪੀਲ ਕਚਹਿਰੀਆਂ ਵਿੱਚ ਕੀਤੇ ਮੁਕੱਦਮਿਆਂ ਦੇ ਮਿਲੇ-ਜੁਲੇ ਨਤੀਜੇ ਪ੍ਰਾਪਤ ਹੋਏ। ਅਜਿਹੇ ਅਪਰਾਧਾਂ, ਜਿਵੇਂ ਕਿ ਦਿਖਾਵਟੀ ਕੰਪਨੀ ਚਲਾਉਣ ਅਤੇ ਜਾਅਲੀ, ਲੈਣ-ਦੇਣ ਨੂੰ ਇਕ ਸੰਗਠਿਤ ਅਪਰਾਧ ਦਾ ਦਰਜਾ ਦੇਣ ਬਾਰੇ ਸੋਚਣਾ ਅਤੇ ਇਨ੍ਹਾਂ ਦੀ ਰੋਕਥਾਮ ਲਈ ਇਕ ਕਾਨੂੰਨੀ ਢਾਂਚਾ ਬਣਾਉਣਾ, ਲਾਜ਼ਮੀ ਹੈ।

- ਕਰ ਅਧਿਕਾਰੀਆਂ ਅਤੇ ਕਰ ਦਾਤਾਵਾਂ ਵਿਚਕਾਰ ਆਹਮਣੇ ਸਾਹਮਣੇ ਦੀ ਗੱਲਬਾਤ ਨੂੰ ਘੱਟ ਤੋਂ ਘੱਟ ਕਰਨਾ ਆਪਸੀ ਗੱਲਬਾਤ ਜੋ ਲੋੜੀਂਦੀ ਹੋਵੇ ਉਸ ਦੇ ਮਿਆਰ ਮਿਥਣਾ ਅਤੇ ਉਸ ਨੂੰ ਉੱਚ ਅਧਿਕਾਰੀਆਂ ਦੀ ਨਜ਼ਰ ਹੇਠ ਰਖਣਾ। ਆਮਦਨ ਕਰ ਵਿਭਾਗ ਵਲੋਂ ਸ਼ੁਰੂ ਕੀਤੀ ਗਈ ਈ-ਅਸੈਸਮੈਂਟ ਇਸ ਦਿਸ਼ਾ ਵੱਲ ਇਕ ਸਹੀ ਕਦਮ ਹੈ।

- ਵਿੱਤੀ ਐਕਸ਼ਨ ਟਾਕਸ ਫੋਰਸ (ਐਫ ਏ ਟੀ ਟੀ), ਜਿਸ ਦਾ ਭਾਰਤ ਇਕ ਮੈਂਬਰ ਹੈ, ਨੇ ਸੁਝਾਅ ਦਿੱਤਾ ਹੈ ਕਿ ਸਭ ਦੇਸ਼ਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਵਿੱਤੀ ਸੰਸਥਾਨ ਆਪਣੇ ਵਪਾਰਕ ਰਿਸ਼ਤਿਆਂ ਦਾ ਰਾਜਨੀਤੀ ਨਾਲ ਜੁੜੇ ਲੋਕਾਂ (ਉਹ ਲੋਕ ਜੋ ਕਿਸੇ ਮਹੱਤਵਪੂਰਨ ਜਨਤਕ ਕੰਮਕਾਜ ਵਿੱਚ ਲੱਗੇ ਹੋਣ) ਨਾਲ ਤਾਲਮੇਲ ਦੀ ਪਛਾਣ ਕਰਨ ਅਤੇ ਇਹ ਦੇਸ਼ ਬਚਾਉ ਦੇ ਤੌਰ ਤੇ ਇਕ ਢੁਕਵੀਂ ਖ਼ਤਰਾ ਪ੍ਰਬੰਧਨ ਪ੍ਰਣਾਲੀ ਨੂੰ ਹੋਂਦ ਵਿੱਚ ਲਿਆਉਣ।

- ਕੇਂਦਰ ਅਤੇ ਰਾਜ ਪੱਧਰ ਉਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਿਚਕਾਰ ਬਿਨਾਂ ਰੋਕ-ਟੋਕ ਤਾਲਮੇਲ ਨੂੰ ਉਤਸ਼ਾਹਤ ਕਰਨਾ।

## ਲਗਾਤਾਰ ਕੋਸ਼ਿਸ਼ਾਂ ਦੀ ਲੋੜ

ਰਿਸ਼ਵਤਖੋਰੀ ਖਤਮ ਕਰਨ ਅਤੇ ਅਰਥਤੰਤਰ ਨੂੰ ਸਾਫ ਸੁਥਰਾ ਬਣਾਉਣ ਦੇ ਸਰਕਾਰ ਵਲੋਂ ਉਠਾਏ ਸਾਹਸੀ ਕਦਮਾਂ ਨੇ ਪ੍ਰਸ਼ੰਸਾਯੋਗ ਨਤੀਜੇ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਜੇਕਰ ਇਸ ਮੁਹਿੰਮ ਨੂੰ ਇਸੇ ਜੋਸ਼ ਅਤੇ ਦੂਰਅੰਦੇਸ਼ੀ ਨਾਲ ਚਲਾਇਆ ਜਾਂਦਾ ਰਿਹਾ ਤਾਂ ਇਸ ਨਾਲ ਗਰੀਬਾਂ ਤੋਂ ਲੈ ਕੇ ਅਮੀਰਾਂ ਤੱਕ ਸਭ ਨੂੰ ਬੇਹਿਸਾਬ ਲਾਭ ਦੇਣ ਵਾਲਾ ਇਕ ਅਜਿਹਾ ਆਰਥਿਕ ਢਾਂਚਾ ਖੜ੍ਹਾ ਹੋ ਜਾਵੇਗਾ ਜਿਸ ਨਾਲ ਗਰੀਬੀ ਦੂਰ ਹੋਵੇਗੀ, ਰੋਜ਼ਗਾਰ ਦੇ ਬਹੁਤ ਮੌਕੇ ਪੈਦਾ ਹੋਣਗੇ ਅਤੇ ਬਹੁਤੀਆਂ ਲੋੜੀਂਦੀਆਂ ਮੁਹਾਰਤਾਂ ਵਿੱਚ ਵੀ ਨਵੀਨਤਾ ਆਵੇਗੀ, ਇਹ ਪ੍ਰਕਿਰਿਆ ਬਿਨਾਂ ਦਰਦ ਦੇ ਪੂਰੀ ਨਹੀਂ ਹੋ ਸਕਦੀ, ਜੋ ਬਦਲਾਉ ਵੇਲੇ ਹਰ ਹੀਲੇ ਸਹਿਣਾ ਪੈਂਦਾ ਹੈ। ਕੁਰਬਾਨੀ ਤੋਂ ਬਿਨਾਂ, ਕੁੱਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ ਅਤੇ ਇਸ ਮਾਮਲੇ ਵਿੱਚ ਇਕ ਸਾਫ ਸੁਥਰੇ ਅਤੇ ਪਾਰਦਰਸ਼ੀ ਅਰਥਤੰਤਰ ਲਈ ਬਹੁਤ ਘੱਟ ਕੀਮਤ ਅਦਾ ਕਰਨੀ ਪੈ ਰਹੀ ਹੈ।

*(ਲੇਖਕ ਐਮ ਵੀ ਭਾਨੂਮਤੀ, ਭਾਰਤੀ ਰੈਵੀਨਿਊ ਸੇਵਾ ਅਧਿਕਾਰੀ ਹੈ ਅਤੇ ਅੱਜਕੱਲ੍ਹ ਦਿੱਲੀ ਵਿੱਚ ਪ੍ਰਿੰਸੀਪਲ ਡਾਇਰੈਕਟਰ, ਆਮਦਨ ਕਰ (ਖੋਜਬੀਨ) ਪਦ ਉਤੇ ਕਾਰਜਰਤ ਹੈ।*

*ਰੋਹਿਤ ਝਾ, ਭਾਰਤੀ ਵਿੱਤੀ ਸੇਵਾਵਾਂ ਦੇ ਅਧਿਕਾਰੀ ਮੌਜੂਦਾ ਦਿੱਲੀ ਵਿੱਚ ਆਮਦਨ ਕਰ (ਜਾਂਚ) ਦੇ ਸਹਾਇਕ ਨਿਦੇਸ਼ਕ ਦੇ ਪਦ ਉਤੇ ਕਾਰਜਰਤ ਹਨ।)*

*e-mail :bhanumathi@incometax.gov.in*

*: rohit.d.jha@incometax.gov.in*

## (ਪੰਜਾਬੀ) ਦਾ ਅਗਲਾ ਅੰਕ

- **ਜੂਨ 2017 – ਇਹ ਅੰਕ *ਭਾਰਤੀ ਨੌਜਵਾਨ : ਉੱਭਰਦੀ ਸ਼ਕਤੀ* ਉੱਤੇ ਕੇਂਦਰਿਤ ਹੋਵੇਗਾ।**

# ਡਿਜੀਟਲ ਇੰਡੀਆ ਪ੍ਰੋਗਰਾਮ

ਓਮਕਾਰ ਰਾਏ

ਇਕ ਭਾਗੀਦਾਰੀ ਵਾਲੀ ਸ਼ਮੂਲੀਅਤ ਵਾਲੀ, ਜਵਾਬਦੇਹ ਅਤੇ ਪਾਰਦਰਸ਼ੀ ਸਰਕਾਰ ਦਾ ਨਿਰਮਾਣ ਕਰਨ ਦੀ ਪਿੱਠਭੂਮੀ ਵਿੱਚ ਡਿਜੀਟਲ ਇੰਡੀਆ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਸ਼ਹਿਰੀਆਂ/ਨਾਗਰਿਕਾਂ ਨੂੰ ਡਿਜੀਟਲ ਤੌਰ ਤੇ ਮਜਬੂਤ ਕਰਕੇ, ਲੋਕਤੰਤਰ ਦੀਆਂ ਜੜ੍ਹਾਂ ਡੂੰਘੀਆਂ ਕਰਨ ਲਈ ਇਕ ਨਵੀਂ ਪਾਰੀ ਦੀ ਸ਼ੁਰੂਆਤ ਹੈ।

### ਡਿਜੀਟਲ ਇੰਡੀਆ ਪ੍ਰੋਗਰਾਮ ਦੀ ਲੋੜ

ਹਰ ਸ਼ੁਰੂਆਤ ਦਾ ਇਕ ਕਾਰਨ ਹੁੰਦਾ ਹੈ – ਉਹ ਕਾਰਨ ਜੋ ਬਦਲਾਅਕਾਰੀ ਵਿਚਾਰਾਂ ਦੀ ਉਪਜ ਨੂੰ ਜ਼ਰੂਰੀ ਬਣਾਉਂਦੇ ਹਨ ਜਿਨ੍ਹਾਂ ਵਿੱਚ ਸਮਾਜ ਦੇ ਬੁਨਿਆਦੀ ਸਿਧਾਂਤਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਇਕ ਆਧੁਨਿਕ ਕ੍ਰਾਂਤੀਕਾਰੀ ਪ੍ਰਾਪਤੀਆਂ ਵਾਲੇ ਸਮਾਜ ਵਿੱਚ ਬਦਲਣ ਦੀ ਦ੍ਰਿਸ਼ਟੀ ਹੁੰਦੀ ਹੈ ਅਤੇ ਜੋ ਬੇਮਿਸਾਲ ਨਵੀਨਤਾ ਦਾ ਪ੍ਰਤੀਕ ਮੰਨੇ ਜਾਂਦੇ ਹਨ। ਹੁਣ ਭਾਰਤ ਕਿਉਂਕਿ ਵਿਸ਼ਵ ਦਾ ਉੱਭਰਦਾ ਹੋਇਆ ਅਰਥਚਾਰਾ ਬਣਨ ਲਈ ਪਰ ਤੋਲ ਰਿਹਾ ਹੈ, ਤਾਂ ਦੇਸ਼ ਲਈ ਭਾਗੀਦਾਰੀ ਵਾਲੇ ਲੋਕਤੰਤਰ ਵੱਲ ਵਧਣਾ ਜ਼ਰੂਰੀ ਹੋ ਜਾਂਦਾ ਹੈ – ਇਕ ਢੁੱਕਵਾਂ ਕਦਮ ਜਿਸ ਵਿੱਚ ਦੇਸ਼ ਦੇ ਸਾਰੇ ਨਾਗਰਿਕਾਂ ਦੀ ਜਨਤਕ ਜਾਣਕਾਰੀ ਤੱਕ ਪਹੁੰਚ ਹੋਵੇ, ਸਰਕਾਰੀ ਨੀਤੀਆਂ ਉਤੇ ਚਰਚਾ ਹੋਵੇ ਅਤੇ ਉਹ ਆਰਥਿਕ ਤੇ ਸਮਾਜਕ ਵਖਰੇਵਿਆਂ ਦੇ ਬਾਵਜੂਦ ਦੇਸ਼ ਦੀ ਨੀਤੀ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣ। ਹੁਣ ਸ਼ਾਸਨ ਇਕ ਪਾਸੜ ਪ੍ਰਕਿਰਿਆ ਨਹੀਂ; ਇਹ ਜ਼ਿਆਦਾ ਸ਼ਮੂਲੀਅਤ, ਸੰਵਾਦ ਅਤੇ ਸਹਿ-ਨਿਰਮਾਣ ਵਾਲੀ ਪ੍ਰਕਿਰਿਆ ਬਣ ਚੁੱਕੀ ਹੈ। ਭਾਰਤ ਵਰਗਾ ਅਗਾਂਹਵਧੂ ਦੇਸ਼ ਜਿਸ ਦੀ ਬਹੁ-ਗਿਣਤੀ ਵਸੋਂ ਨੌਜਵਾਨਾਂ ਦੀ ਹੈ, ਉਥੇ ਇਕ ਅਜਿਹੇ ਦੇਸ਼ ਬਾਰੇ ਸੋਚਣਾ ਤਰਕਸੰਗਤ ਹੋਵੇਗਾ। ਜਿਸ ਵਿੱਚ ਦੇਸ਼ ਦੇ ਸਮਾਜਕ-ਆਰਥਿਕ ਸੂਚਕ ਨੂੰ ਹੁਲਾਰਾ ਦੇਣ ਲਈ ਕ੍ਰਾਂਤੀਕਾਰੀ ਬਦਲਾਅ ਲੋੜੀਂਦੇ ਹਨ।

ਜਦ ਕਿ ਵਿਸ਼ਵ ਪਹੁੰਚ ਦੇ ਮਾਮਲੇ ਵਿੱਚ ਸਮਾਜ ਬਦਲ ਰਿਹਾ ਹੈ, ਇਸ ਮੁਕਾਮ ਉਤੇ ਜ਼ਿਆਦਾ ਖ਼ੁਸ਼ੀ ਵਾਲੀ ਗੱਲ ਇਹ ਹੈ ਕਿ ਤਕਨਾਲੋਜੀ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ, ਖ਼ਾਸ ਕਰਕੇ ਸੂਚਨਾ ਤਕਨਾਲੋਜੀ ਅਤੇ ਇਸ ਨੇ ਸਰਕਾਰ ਨੂੰ ਸੂਚਨਾ ਤਕਨਾਲੋਜੀ ਨੂੰ ਵਿਕਾਸ ਦਾ ਮੁੱਖ ਵਾਹਕ ਬਣਾਉਣ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਜਿਸ ਵਿੱਚ ਹਰੇਕ ਨਾਗਰਿਕ ਨੂੰ ਡਿਜੀਟਲ ਤਰੀਕੇ ਨਾਲ ਜੋੜ ਦਿੱਤਾ ਜਾਵੇਗਾ ਤਾਂ ਕਿ ਨਾਗਰਿਕਾਂ ਦੀ ਭਾਗੀਦਾਰੀ ਦੀ ਸ਼ਕਤੀ ਦਾ ਸ਼ਾਸਨ ਵਿੱਚ ਇਸਤੇਮਾਲ ਕੀਤਾ ਜਾ ਸਕੇ। ਵਰਤਮਾਨ ਸਰਕਾਰ ਦੀ ਕੋਸ਼ਿਸ਼ ਹੈ ਕਿ ਨਾਗਰਿਕਾਂ ਨੂੰ ਡਿਜੀਟਲ ਤੌਰ ਤੇ ਤਾਕਤ ਦੇ ਕੇ ਉਨ੍ਹਾਂ ਨੂੰ ਡਿਜੀਟਲ ਨਿਵਾਸੀ ਬਣਾਇਆ ਜਾਵੇ ਅਤੇ ਵਿਵਸਥਾ ਵਿੱਚ ਸਮਾਰਟ ਸ਼ਾਸਨ ਅਤੇ ਪਾਰਦਰਸ਼ਤਾ ਲਈ ਉਨ੍ਹਾਂ ਨੂੰ ਜਾਣਕਾਰੀ ਤੱਕ ਪਹੁੰਚ ਦਿੱਤੀ ਜਾਵੇ। ਇਹ ਡਿਜੀਟਲ ਇੰਡੀਆ ਨੂੰ ਸ਼ਾਸਨ ਦੇ ਕੇਂਦਰੀ ਮੰਚ ਉਤੇ ਲਿਆਉਣ ਦਾ ਸਭ ਤੋਂ ਵਧੀਆ ਮੌਕਾ ਹੈ – ਸਾਰੇ ਨਾਗਰਿਕਾਂ ਲਈ ਸੁਸ਼ਾਸਨ, ਪਹੁੰਚ ਅਤੇ ਗਰੀਬ।

### ਡਿਜੀਟਲ ਇੰਡੀਆ ਪ੍ਰੋਗਰਾਮ ਦੇ ਪਿੱਛੇ ਕਿਹੜੀ ਤਾਕਤ ਹੈ?

ਹਰੇਕ ਪ੍ਰੋਗਰਾਮ ਨੂੰ ਪ੍ਰਮੁੱਖ ਦ੍ਰਿਸ਼ਟੀ ਰਸਤਾ ਦਿਖਾਉਂਦੀ ਹੈ। ਡਿਜੀਟਲ ਇੰਡੀਆ ਵੀ ਸੂਚਨਾ ਤਕਨਾਲੋਜੀ ਦੀ ਸ਼ਕਤੀ ਦਾ ਇਸਤੇਮਾਲ ਕਰਕੇ ਸ਼ਾਸਨ ਅਤੇ ਜਨਤਕ ਸੇਵਾਵਾਂ ਦੇ ਮੌਜੂਦਾ ਵਾਤਾਵਰਨ ਨੂੰ ਬਦਲਣ ਲਈ ਸਰਕਾਰ ਦੀ ਦ੍ਰਿਸ਼ਟੀ ਆਕਰਸ਼ਿਤ ਕਰ ਰਿਹਾ ਹੈ। ਭਾਰਤੀ ਪ੍ਰਤਿਭਾ (ਆਈ ਟੀ) + ਭਾਰਤੀ ਤਕਨਾਲੋਜੀ (ਆਈ ਟੀ) = ਕੱਲ ਦਾ ਭਾਰਤ (ਆਈ ਟੀ) ਵਾਲੇ ਲੁਭਾਉਣੇ ਤੇ ਦਿੱਲ ਖਿੱਚਵੇਂ ਵਾਕ ਦਾ ਜ਼ੋਰ ਵੀ ਭਾਰਤ ਨੂੰ ਇਕ ਡਿਜੀਟਲ ਤਰੀਕੇ ਨਾਲ ਜੁੜਿਆ ਦੇਸ਼ ਬਣਾਉਣ ਵੱਲ ਹੈ। ਡਿਜੀਟਲ ਇੰਡੀਆ ਪ੍ਰੋਗਰਾਮ ਦੀ ਸ਼ੁਰੂਆਤ ਕਰਨ ਸਮੇਂ ਭਾਰਤ ਸਰਕਾਰ ਵਲੋਂ ਇਸ ਪ੍ਰੋਗਰਾਮ ਲਈ ਆਪਣੀ ਦ੍ਰਿਸ਼ਟੀ ਨੂੰ ਬਹੁਤ ਹੀ ਸਪੱਸ਼ਟਤਾ ਨਾਲ ਉਜਾਗਰ ਕੀਤਾ ਗਿਆ। ਇਹ ਦ੍ਰਿਸ਼ਟੀ ਭਾਰਤ ਨੂੰ ਡਿਜੀਟਲ ਤੌਰ ਤੇ ਤਾਕਤਵਰ ਸਮਾਜ ਅਤੇ ਜਾਣਕਾਰੀ ਦੀ ਆਰਥਿਕਤਾ ਵਿੱਚ ਬਦਲਣ ਦੀ ਹੈ। ਡਿਜੀਟਲ ਇੰਡੀਆ ਦਾ ਵਿਚਾਰ ਤਿੰਨ ਪ੍ਰਮੁੱਖ ਦ੍ਰਿਸ਼ਟੀ ਖੇਤਰਾਂ ਉਤੇ ਖੜ੍ਹਾ ਹੈ : ਹਰੇਕ ਨਾਗਰਿਕ, ਲਈ ਪ੍ਰਮੁੱਖ ਸੇਵਾ ਦੇ ਤੌਰ ਤੇ ਡਿਜੀਟਲ ਬੁਨਿਆਦੀ ਢਾਂਚਾ, ਸ਼ਾਸਨ ਅਤੇ ਮੰਗਣ ਤੇ ਸੇਵਾਵਾਂ ਦੇਣੀਆਂ ਅਤੇ ਨਾਗਰਿਕਾਂ ਨੂੰ ਡਿਜੀਟਲ ਤੌਰ ਤੇ ਮਜਬੂਤ ਬਣਾਉਣਾ।

"ਹਰੇਕ ਨਾਗਰਿਕ ਲਈ ਪ੍ਰਮੁੱਖ ਸੇਵਾ ਦੇ ਤੌਰ ਤੇ ਡਿਜੀਟਲ ਬੁਨਿਆਦੀ ਢਾਂਚਾ" ਦ੍ਰਿਸ਼ਟੀ ਵਜੋਂ ਡਿਜੀਟਲ ਇੰਡੀਆ ਦੇ ਵੱਡੇ ਟੀਚੇ ਹਾਸਲ ਕਰਨ ਵਿੱਚ ਮਦਦ ਕਰਦਾ ਹੈ। ਚੰਗੀਆਂ ਸੇਵਾਵਾਂ ਦੇਣ ਵਾਲੇ ਦੇਸ਼ ਲਈ ਚੰਗੀ ਤਰ੍ਹਾਂ ਜੁੜਿਆ ਦੇਸ਼ ਇਕ ਪੂਰਵ ਸ਼ਰਤ ਹੈ। ਸਰਕਾਰ ਦਾ ਉਦੇਸ਼ ਦੂਰ-ਦੁਰਾਡੇ ਦੇ ਪਿੰਡਾਂ ਨੂੰ ਬ੍ਰਾਡਬੈਂਡ ਅਤੇ ਤੇਜ਼ ਗਤੀ ਵਾਲੇ ਇੰਟਰਨੈੱਟ ਰਾਹੀਂ ਡਿਜੀਟਲ ਤੌਰ ਤੇ ਜੁੜਨ ਵਿੱਚ ਸਹਾਇਤਾ ਪ੍ਰਦਾਨ ਕਰਨਾ ਹੈ। ਇਹ ਅੱਗੋਂ ਯਕੀਨੀ ਬਣਾਉਂਦਾ ਹੈ ਕਿ ਹਰੇਕ ਨਾਗਰਿਕ ਲਈ ਈ-ਸ਼ਾਸਨ, ਸਮਾਜਕ ਲਾਭ ਅਤੇ ਵਿੱਤੀ ਸ਼ਮੂਲੀਅਤ ਦੇ ਟੀਚੇ ਹਾਸਲ ਕੀਤੇ ਜਾ ਸਕਣ।

ਦ੍ਰਿਸ਼ਟੀ ਦਾ ਦੂਜਾ ਖੇਤਰ "ਸ਼ਾਸਨ ਅਤੇ ਮੰਗੇ ਜਾਣ ਤੇ ਸੇਵਾਵਾਂ ਦੇਣਾ" ਸ਼ਾਸਨ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਰਫ਼ਤਾਰ ਉਤੇ ਧਿਆਨ ਕੇਂਦਰਿਤ ਕਰਦਾ ਹੈ। ਭਾਵੇਂ ਕਈ ਰਾਜ ਸਰਕਾਰਾਂ ਨੇ ਦਹਾਕਿਆਂ ਪਹਿਲੋਂ ਈ-ਸ਼ਾਸਨ ਦੀ ਸ਼ੁਰੂਆਤ ਕਰ ਦਿੱਤੀ ਸੀ ਪਰ ਸਰਕਾਰੀ ਸਕੀਮਾਂ ਅਤੇ ਪ੍ਰੋਗਰਾਮਾਂ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਹਾਲੇ ਵੀ ਮੁਕੰਮਲ ਨਹੀਂ ਹੋਈ। ਭਾਰਤ ਵਿੱਚ ਈ-ਸ਼ਾਸਨ ਦੀ ਸ਼ੁਰੂਆਤ ਉਸ ਸਮੇਂ ਹੋਈ ਜਦੋਂ ਰਾਜਾਂ

ਅਤੇ ਕੇਂਦਰ ਦੀਆਂ ਸਰਕਾਰਾਂ ਨੇ ਕਾਗਜ਼ੀ ਕੰਮ ਦਾ ਕੰਪਿਊਟਰੀਕਰਨ ਅਤੇ ਨੀਤੀਆਂ ਬਣਾਉਣ ਦੀਆਂ ਪ੍ਰਕਿਰਿਆਵਾਂ ਦਾ ਸਵੈ-ਚਾਲਨ ਅਰੰਭ ਕੀਤਾ।

ਤੀਜਾ ਦ੍ਰਿਸ਼ਟੀ ਖੇਤਰ "ਨਾਗਰਿਕਾਂ ਨੂੰ ਡਿਜੀਟਲ ਤੌਰ ਤੇ ਤਾਕਤਵਰ" ਬਣਾਉਣ ਉਤੇ ਧਿਆਨ ਕੇਂਦਰਿਤ ਕਰਦਾ ਹੈ। ਡਿਜੀਟਲ ਸੰਪਰਕ ਸਾਰੇ ਨਾਗਰਿਕਾਂ ਲਈ ਇਕੋ ਜਹੇ ਮੌਕਿਆਂ ਦਾ ਨਿਰਮਾਣ ਕਰਦਾ ਹੈ। ਜਨਸੰਖਿਆ ਅਤੇ ਸਮਾਜਕ-ਆਰਥਿਕ ਵਖਰੇਵਿਆਂ ਦੇ ਬਾਵਜੂਦ, ਅੱਜ ਦੇ ਭਾਰਤੀ ਨਾਗਰਿਕ ਡਿਜੀਟਲ ਪ੍ਰੇਮੀ ਹਨ। ਇਸ ਦਾ ਸਿਹਰਾ ਇੰਟਰਨੈੱਟ ਅਤੇ ਮੋਬਾਈਲ ਫ਼ੋਨ ਦੀ ਉਤਪਤੀ ਨੂੰ ਜਾਂਦਾ ਹੈ। ਡਿਜੀਟਲ ਇੰਡੀਆ ਪ੍ਰੋਗਰਾਮ ਦਾ ਨਿਸ਼ਾਨਾ ਡਿਜੀਟਲ ਸਾਖਰਤਾ, ਡਿਜੀਟਲ ਸਰੋਤਾਂ ਅਤੇ ਸਹਿਯੋਗੀ ਡਿਜੀਟਲ ਮੰਚਾਂ ਉਤੇ ਵਧੇਰੇ ਧਿਆਨ ਦੇ ਕੇ ਭਾਰਤ ਨੂੰ ਇਕ ਡਿਜੀਟਲ ਤੌਰ ਤੇ ਮਜਬੂਤ ਸਮਾਜ ਵਿੱਚ ਬਦਲਣਾ ਹੈ।

## ਡਿਜੀਟਲ ਇੰਡੀਆ ਪ੍ਰੋਗਰਾਮ ਦੀਆਂ ਨੀਹਾਂ

ਕਿਸੇ ਵੀ ਪ੍ਰੋਗਰਾਮ ਦੇ ਸਫਲ ਹੋਣ ਲਈ ਠੋਸ ਬੁਨਿਆਦ ਦੀ ਜ਼ਰੂਰਤ ਹੁੰਦੀ ਹੈ। ਡਿਜੀਟਲ ਇੰਡੀਆ ਪ੍ਰੋਗਰਾਮ ਨੂੰ ਸਭ ਤੋਂ ਪ੍ਰਭਾਵੀ ਪਹਿਲਕਦਮੀ ਬਣਾਉਣ ਲਈ ਭਾਰਤ ਸਰਕਾਰ ਵਲੋਂ ਡਿਜੀਟਲ ਇੰਡੀਆ ਦੇ ਨੌਂ ਥੰਮਾਂ ਦੀ ਵਿਆਖਿਆ ਕੀਤੀ ਗਈ ਹੈ। ਹਰੇਕ ਥੰਮ ਨਾ ਕੇਵਲ ਪ੍ਰੋਗਰਾਮ ਦੇ ਦਾਇਰੇ ਦਾ ਸਹਾਇਕ ਹੈ, ਸਗੋਂ ਇਹ ਪ੍ਰੋਗਰਾਮ ਦੀ ਬੇਰੋਕ ਸਫਲਤਾ ਲਈ ਵੀ ਵਿਆਪਕ ਯੋਗਦਾਨ ਪਾਉਂਦਾ ਹੈ।

## ਬ੍ਰਾਡਬੈਂਡ ਹਾਈਵੇਲ

ਡਿਜੀਟਲ ਇੰਡੀਆ ਪ੍ਰੋਗਰਾਮ ਦਾ ਪਹਿਲਾ ਥੰਮ ਹੈ, ਜਿਸ ਦੀ ਯੋਜਨਾ 2.5 ਲੱਖ ਪਿੰਡਾਂ ਦੀਆਂ ਪੰਚਾਇਤਾਂ ਨੂੰ ਨੈਸ਼ਨਲ ਆਪਟੀਕਲ ਫਾਈਬਰ ਨੈੱਟਵਰਕ (ਐੱਨ ਓ ਐੱਫ ਐੱਨ) ਨਾਲ ਜੋੜਨ ਦੀ ਹੈ। ਇਸ ਨਾਲ ਦਿਹਾਤੀ ਵਸੋਂ ਨੂੰ ਸਰਕਾਰੀ ਪ੍ਰੋਗਰਾਮਾਂ ਤੱਕ ਪ੍ਰਭਾਵੀ ਤੇ ਸੌਖੀ ਪਹੁੰਚ ਕਰਨੀ ਮੁਮਕਿਨ ਹੋ ਸਕੇਗੀ। ਐੱਨ ਓ ਐੱਫ ਐੱਨ ਨੂੰ ਇਸ ਦੀ ਤਰਕਸੰਗਤ ਮੰਜ਼ਿਲ ਤੱਕ ਪਹੁੰਚਣ ਨੂੰ ਹੁਲਾਰਾ ਦੇਣ ਲਈ ਭਾਰਤ ਸਰਕਾਰ ਵਲੋਂ ਭਾਰਤ ਬ੍ਰਾਡਬੈਂਡ ਨੈੱਟਵਰਕ ਲਿਮਿਟਡ (ਬੀ ਬੀ ਐੱਨ ਐੱਲ) ਦੀ ਸਥਾਪਨਾ ਕੀਤੀ ਗਈ ਹੈ। ਇਸ ਵਾਸਤੇ 1000 ਕਰੋੜ ਦੀ ਪੂੰਜੀ ਰਾਖਵੀਂ ਕੀਤੀ ਗਈ ਹੈ। ਬੀ ਬੀ ਐੱਨ ਐੱਲ ਦੀ ਜ਼ਿੰਮੇਵਾਰੀ ਦੇਸ਼ ਦੇ 641 ਜ਼ਿਲ੍ਹਿਆਂ ਦੇ 6600 ਬਲਾਕਾਂ ਵਿੱਚ 2,50,000 ਪਿੰਡਾਂ ਦੀਆਂ ਪੰਚਾਇਤਾਂ ਨੂੰ ਜੋੜ ਕੇ ਐੱਨ ਓ ਐੱਫ ਐੱਨ ਦਾ ਨਿਰਮਾਣ ਕਰਨ ਦੀ ਹੈ। ਇਸ ਪ੍ਰਜੈਕਟ ਤਹਿਤ ਸਾਰੀਆਂ ਪਿੰਡ ਪੰਚਾਇਤਾਂ ਦੇ ਵਸਨੀਕਾਂ ਨੂੰ ਇਕ ਸਮਾਨ ਪਹੁੰਚ ਪ੍ਰਾਪਤ ਹੋ ਜਾਵੇਗੀ। "ਮੋਬਾਈਲ ਸੰਪਰਕ ਲਈ ਇਕਸਮਾਨ ਪਹੁੰਚ" ਨਾਮਕ ਦੂਜੇ ਥੰਮ ਦਾ ਉਦੇਸ਼ ਦੇਸ਼ ਦੇ ਪਹੁੰਚ ਤੋਂ ਬਾਹਰੇ ਸਾਰੇ ਖਿੱਤਿਆਂ ਤੱਕ ਮੋਬਾਈਲ ਸੰਪਰਕ ਪ੍ਰਦਾਨ ਕਰਨ ਦਾ ਹੈ। ਅੱਜ, ਭਾਰਤ ਦੇ ਲਗਭਗ 42,000 ਪਿੰਡ ਮੋਬਾਈਲ ਦੇ ਦਾਇਰੇ ਤੋਂ ਸੱਖਣੇ ਹਨ। ਦੂਰ-ਸੰਚਾਰ ਵਿਭਾਗ ਲੋਡਲ ਏਜੰਸੀ ਦੇ ਤੌਰ ਤੇ ਇਸ ਪ੍ਰਜੈਕਟ ਦਾ ਪ੍ਰਬੰਧਨ ਕਰਦਾ ਹੈ ਜਿਸ ਦੀ ਲਾਗਤ 2014-18 ਦਰਮਿਆਨ 16,000 ਕਰੋੜ ਰੁਪਏ ਉਲੀਕੀ ਗਈ ਹੈ। ਇਸ ਤੋਂ ਇਸ਼ਾਰਾ ਮਿਲਦਾ ਹੈ ਕਿ 2018 ਤੱਕ ਪੂਰਾ ਭਾਰਤ ਮੋਬਾਈਲ ਦੇ ਦਾਇਰੇ ਹੇਠ ਆ ਜਾਵੇਗਾ।

ਤੀਜੇ ਥੰਮ "ਜਨਤਕ ਇੰਟਰਨੈੱਟ ਪਹੁੰਚ ਪ੍ਰੋਗਰਾਮ" ਤਹਿਤ ਸਰਕਾਰ ਦੀ ਯੋਜਨਾ 2.5 ਲੱਖ ਸਾਂਝੇ ਸੇਵਾ ਕੇਂਦਰ (ਸੀ ਐੱਸ ਸੀ ਐੱਸ) ਸਥਾਪਤ ਕਰਨ ਦੀ ਹੈ। ਹਰੇਕ ਪਿੰਡ ਵਿੱਚ ਇਕ ਸਾਂਝਾ ਸੇਵਾ ਕੇਂਦਰ ਹੋਵੇਗਾ। ਮੌਜੂਦਾ ਸਮੇਂ ਭਾਰਤ ਕੋਲ 2.42 ਲੱਖ ਸਾਂਝੇ ਸੇਵਾ ਕੇਂਦਰ ਹਨ ਜੋ 1.62 ਲੱਖ ਪੰਚਾਇਤਾਂ ਵਿੱਚ ਫੈਲੇ ਹੋਏ ਹਨ। ਸਾਂਝੇ ਸੇਵਾ ਕੇਂਦਰ ਸਰਕਾਰੀ ਅਤੇ ਵਪਾਰਕ ਸੇਵਾਵਾਂ ਲਈ ਬਹੁ-ਆਯਾਮੀ ਕੇਂਦਰ ਬਿੰਦੂ ਹੋਣਗੇ।

ਚੌਥਾ ਥੰਮ "ਈ-ਸ਼ਾਸਨ – ਤਕਨਾਲੋਜੀ ਰਾਹੀਂ ਸਰਕਾਰ ਵਿੱਚ ਸੁਧਾਰ" ਸਰਕਾਰਾਂ ਨੂੰ ਸੂਚਨਾ ਤਕਨਾਲੋਜੀ ਦਾ ਇਸਤੇਮਾਲ ਕਰਕੇ ਸਰਕਾਰੀ ਪ੍ਰਕਿਰਿਆਵਾਂ ਦੇ ਸਰਲੀਕਰਨ ਤੇ ਪ੍ਰਭਾਵੀ ਬਦਲਾਵਾਂ ਦੇ ਯੋਗ ਬਣਾਉਂਦਾ ਹੈ ਤਾਂ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਅੰਦਰ ਸਰਕਾਰੀ ਸੇਵਾਵਾਂ ਬੇਹਤਰ ਤਰੀਕੇ ਨਾਲ ਪ੍ਰਦਾਨ ਕੀਤੀਆਂ ਜਾ ਸਕਣ।

ਡਿਜੀਟਲ ਇੰਡੀਆ ਪ੍ਰੋਗਰਾਮ ਦਾ ਪੰਜਵਾਂ ਥੰਮ "ਈ-ਕ੍ਰਾਂਤੀ – ਇਲੈਕਟ੍ਰਾਨਿਕ ਢੰਗ ਨਾਲ ਸੇਵਾਵਾਂ" ਦੇਣਾ ਹੈ। ਭਾਰਤ ਵਿੱਚ ਸਾਰੇ ਨਾਗਰਿਕਾਂ ਨੂੰ ਸੁਸ਼ਾਸਨ ਦੇਣ ਅਤੇ ਈ-ਸ਼ਾਸਨ ਅਤੇ ਐੱਮ-ਸ਼ਾਸਨ ਦੀ ਤਰਕਸੰਗਤਤਾ ਨੂੰ ਧਿਆਨ ਵਿੱਚ ਰੱਖਦਿਆਂ, ਈ-ਕ੍ਰਾਂਤੀ "ਸ਼ਾਸਨ ਵਿੱਚ ਬਦਲਾਅ ਲਈ ਈ-ਸ਼ਾਸਨ ਵਿੱਚ ਬਦਲਾਅ" ਦੀ ਦ੍ਰਿਸ਼ਟੀ ਨੂੰ ਅੱਗੇ ਤੋਰਦੀ ਹੈ। ਈ-ਕ੍ਰਾਂਤੀ ਤਹਿਤ ਪਹਿਲਾਂ ਹੀ 44 ਪ੍ਰਜੈਕਟ ਚਲਾਏ ਜਾ ਰਹੇ ਹਨ। ਅੱਜ ਈ-ਕ੍ਰਾਂਤੀ 3325 ਸੇਵਾਵਾਂ ਪ੍ਰਦਾਨ ਕਰਦੀ ਹੈ, ਜਿਸ ਨੇ ਇਸ ਨੂੰ ਵੱਡੀ ਸਫਲਤਾ ਬਣਾ ਦਿੱਤੀ ਹੈ।

## ਸਾਰਿਆਂ ਲਈ ਜਾਣਕਾਰੀ

ਡਿਜੀਟਲ ਇੰਡੀਆ ਪ੍ਰੋਗਰਾਮ ਦਾ ਛੇਵਾਂ ਥੰਮ ਹੈ ਜੋ ਸ਼ਾਸਨ ਵਿੱਚ ਪਾਰਦਰਸ਼ਤਾ ਲਿਆਉਂਦਾ ਹੈ। ਖੁੱਲ੍ਹੇ ਡਾਟਾ ਮੰਚ ਤਹਿਤ ਮੰਤਰਾਲੇ ਅਤੇ ਵਿਭਾਗ ਜਾਣਕਾਰੀ ਅਗਾਊਂ ਤੌਰ ਤੇ ਜਨਤਾ ਦੀ ਵਰਤੋਂ ਲਈ ਜਾਰੀ ਕਰਦੇ ਹਨ। ਜਾਣਕਾਰੀ ਅਤੇ ਦਸਤਾਵੇਜ਼ਾਂ ਦੀ ਆਨਲਾਈਨ ਉਪਲਬਧਤਾ ਜਾਣਕਾਰੀ ਤੱਕ ਖੁੱਲ੍ਹੀ ਅਤੇ ਸੌਖੀ ਪਹੁੰਚ ਸੰਭਵ ਬਣਾ ਦਿੰਦੀ ਹੈ। ਡਿਜੀਟਲ ਇੰਡੀਆ ਪ੍ਰੋਗਰਾਮ ਦਾ ਸੱਤਵਾਂ ਤੇ ਸਭ ਤੋਂ ਮਹੱਤਵਪੂਰਨ ਥੰਮ "ਇਲੈਕਟ੍ਰਾਨਿਕ ਨਿਰਮਾਣ" ਹੈ ਸਰਕਾਰ ਦਾ ਇਕ ਅਧਿਐਨ ਕਹਿੰਦਾ ਹੈ ਕਿ ਇਲੈਕਟ੍ਰਾਨਿਕ ਵਸਤਾਂ ਦੀ ਮੰਗ 22 ਪ੍ਰਤਿਸ਼ਤ ਸੀ ਏ ਜੀ ਆਰ ਨਾਲ ਬੇਤਹਾਸ਼ਾ ਵਧ ਰਹੀ ਹੈ ਜਿਸ ਦੇ 2020 ਤੱਕ 400 ਮਿਲੀਅਨ ਅਮਰੀਕੀ ਡਾਲਰ ਤੱਕ ਪੁੱਜਣ ਦੀ ਆਸ ਹੈ। ਇਲੈਕਟ੍ਰਾਨਿਕ ਨਿਰਮਾਣ ਨੂੰ ਹੁਲਾਰਾ ਦੇਣ ਲਈ ਸਰਕਾਰ ਵਲੋਂ ਦੇਸ਼ ਅੰਦਰ ਇਲੈਕਟ੍ਰਾਨਿਕ ਖੇਤਰ ਦੇ ਵਿਕਾਸ ਲਈ ਅਨੇਕ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਹਨ। ਪਿਛਲੇ 2 ਸਾਲਾਂ ਦੌਰਾਨ ਇਲੈਕਟ੍ਰਾਨਿਕਸ ਦੇ ਨਿਰਮਾਣ ਲਈ ਨਿਵੇਸ਼ ਦੇ 250 ਤੋਂ ਵੱਧ ਪ੍ਰਸਤਾਵ ਮਿਲੇ ਹਨ ਜਿਸ ਵਿੱਚ ਕੁੱਲ ਨਿਵੇਸ਼ 1.28 ਲੱਖ ਕਰੋੜ ਦਾ ਹੋਵੇਗਾ।

"ਨੌਕਰੀਆਂ ਲਈ ਸੂਚਨਾ ਤਕਨਾਲੋਜੀ" ਦਾ ਅੱਠਵਾਂ ਥੰਮ ਹੈ। ਇਸ ਦੇ ਧਿਆਨ ਦਾ ਕੇਂਦਰ ਬਿੰਦੂ ਛੋਟੇ ਕਸਬਿਆਂ ਅਤੇ ਪਿੰਡਾਂ ਦੇ ਨੌਜਵਾਨਾਂ ਨੂੰ ਲੋੜੀਂਦੀ ਸਿਖਲਾਈ ਪ੍ਰਦਾਨ ਕਰਨਾ ਹੈ ਤਾਂ ਕਿ ਉਹ ਆਈ ਟੀ/ਆਈ ਟੀ ਈ ਐੱਸ ਖੇਤਰ ਵਿੱਚ ਰੋਜ਼ਗਾਰ ਦੇ ਮੌਕੇ ਹਾਸਲ ਕਰ ਸਕਣ। ਸਰਕਾਰ ਦਾ ਨਿਸ਼ਾਨਾ ਛੋਟੇ ਕਸਬਿਆਂ ਅਤੇ ਪਿੰਡਾਂ ਦੇ 10 ਮਿਲੀਅਨ ਵਿਦਿਆਰਥੀਆਂ ਨੂੰ ਅਗਲੇ 5 ਸਾਲਾਂ ਦੌਰਾਨ ਸੂਚਨਾ ਤਕਨਾਲੋਜੀ ਦੇ ਖੇਤਰ ਵਿੱਚ ਨੌਕਰੀਆਂ ਲਈ ਸਿਖਲਾਈ ਦੇਣ ਦਾ ਹੈ। ਸਰਕਾਰ ਦਾ ਹੁਨਰ ਵਿਕਾਸ ਦੇ ਹਿੱਸੇ ਵਜੋਂ ਤਿੰਨ ਲੱਖ ਸੇਵਾ ਵਾਲੇ ਏਜੰਟਾਂ ਨੂੰ ਸਿਖਲਾਈ ਦੇਣ ਦਾ ਵੀ ਟੀਚਾ ਹੈ ਤਾਂ ਕਿ ਉਹ ਵਿਵਹਾਰਕ ਵਪਾਰਕ ਸੇਵਾ ਦੇਣ ਵਾਲੇ ਆਈ ਟੀ ਸੇਵਾ ਕੇਂਦਰ ਖੋਲ੍ਹ ਸਕਣ। ਇਸ ਪ੍ਰੋਗਰਾਮ ਤਹਿਤ ਸੋਚੀ ਗਈ

ਭਾਰਤ ਦੀ ਬੀ ਪੀ ਓ ਪ੍ਰੋਤਸਾਹਨ ਸਕੀਮ (ਆਈ ਬੀ ਪੀ ਐੱਸ) ਦਾ ਟੀਚਾ ਦੇਸ਼ ਭਰ ਦੇ ਬੀ ਪੀ ਓ/ਆਈ ਟੀ ਈ ਐੱਸ ਸੰਚਾਲਨ ਕੇਂਦਰਾਂ ਵਿੱਚ 48,300 ਸੀਟਾਂ ਸਥਾਪਤ ਕਰਕੇ ਉੱਦਮੀਆਂ ਨੂੰ ਪ੍ਰੋਤਸਾਹਨ ਦੇਣਾ ਹੈ। ਇਥੇ ਪੇਂਡੂ ਅਤੇ ਛੋਟੇ ਸ਼ਹਿਰਾਂ ਦੇ 150,000 ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀਆਂ ਸੰਭਾਵਨਾਵਾਂ ਬਣਨਗੀਆਂ। 493 ਕਰੋੜ ਰੁਪਏ ਪ੍ਰਜੈਕਟ ਰੂਪ ਰੇਖਾ ਵਾਲੀ ਇਹ ਸਕੀਮ ਛੋਟੇ ਸ਼ਹਿਰਾਂ ਵਿੱਚ ਬੁਨਿਆਦੀ ਢਾਂਚੇ ਅਤੇ ਮਨੁੱਖੀ ਸ਼ਕਤੀ ਦੇ ਮਾਮਲੇ ਵਿੱਚ ਸਮਰੱਥਾ ਦਾ ਵਿਕਾਸ ਕਰਨ ਵਿੱਚ ਮਦਦ ਕਰੇਗੀ, ਜੋ ਦੇਸ਼ ਅੰਦਰ ਆਈ ਟੀ/ਆਈ ਟੀ ਈ ਐੱਸ ਅਧਾਰਤ ਵਿਕਾਸ ਦੀ ਅਗਲੀ ਲਹਿਰ ਦਾ ਅਧਾਰ ਬਣੇਗੀ। ਇਸੇ ਪ੍ਰਕਾਰ, ਉੱਤਰ ਪੂਰਬ ਬੀ ਪੀ ਓ ਪ੍ਰੋਤਸਾਹਨ ਸਕੀਮ (ਐੱਨ ਈ ਬੀ ਪੀ ਐੱਸ) ਉੱਤਰ ਪੂਰਬ ਦੇ ਖੇਤਰ ਵਿੱਚ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕਿਆਂ ਦਾ ਨਿਰਮਾਣ ਅਤੇ ਆਈ ਟੀ/ਆਈ ਟੀ ਈ ਐੱਸ ਉਦਯੋਗ ਦੇ ਵਿਕਾਸ ਨਾਲ ਬੀ ਪੀ ਓ/ਆਈ ਟੀ ਈ ਐੱਸ ਸੰਚਾਲਕਾਂ ਨੂੰ ਪ੍ਰੋਤਸਾਹਿਤ ਕਰੇਗੀ। ਐੱਨ ਈ ਬੀ ਪੀ ਐੱਸ, ਜਿਸ ਦਾ ਨਿਸ਼ਾਨਾ 5000 ਸੀਟਾਂ ਹਨ, ਉੱਤਰ ਪੂਰਬੀ ਖੇਤਰ ਵਿੱਚ 15000 ਨੌਜਵਾਨਾਂ ਨੂੰ ਰੋਜ਼ਗਾਰ ਪ੍ਰਦਾਨ ਕਰ ਸਕਦੀ ਹੈ। ਇਸ ਦੇ ਨਾਲ ਹੀ, ਸਰਕਾਰ ਦੀ ਯੋਜਨਾ ਟੈਲੀਕਾਮ ਅਤੇ ਟੈਲੀਕਾਮ ਸੰਬੰਧਿਤ ਸੇਵਾਵਾਂ ਵਿੱਚ ਪੇਂਡੂ ਕਾਮਾਸ਼ਕਤੀ ਨੂੰ ਸਿਖਿਅਤ ਕਰਨ ਦੀ ਹੈ। ਇਸ ਮੰਤਵ ਲਈ 5 ਲੱਖ ਦਿਹਾਤੀ ਕਾਮਾਸ਼ਕਤੀ ਨੂੰ ਸਿੱਖਿਅਤ ਕਰਨ ਦਾ ਟੀਚਾ ਮਿਥਿਆ ਗਿਆ ਹੈ।

ਅੰਤ ਵਿੱਚ, ਨੌਵਾਂ ਥੰਮ "ਅਗੇਤੀ ਕਟਾਈ ਪ੍ਰੋਗਰਾਮ" ਹੈ ਜਿਸ ਵਿੱਚ ਉਹ ਪ੍ਰਜੈਕਟ ਸ਼ਾਮਲ ਹਨ ਜਿਨ੍ਹਾਂ ਨੂੰ ਥੋੜ੍ਹੇ ਸਮੇਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ। ਇਸ ਪ੍ਰੋਗਰਾਮ ਤਹਿਤ ਕੁੱਝ ਪ੍ਰਜੈਕਟਾਂ ਵਿੱਚ ਸੁਨੇਹਿਆਂ, ਸਾਰੇ ਵਿਸ਼ਵ ਵਿਦਿਆਲਿਆਂ ਵਿੱਚ ਵਾਈ ਫਾਈ, ਸਰਕਾਰ ਅੰਦਰ ਸੁਰੱਖਿਆ ਈ-ਮੇਲ, ਜਨਤਕ ਵਾਈ-ਫਾਈ ਹਾਟ ਸਪਾਟ ਅਤੇ ਐੱਸ ਐੱਮ ਐੱਸ ਅਧਾਰਤ ਮੌਸਮ ਦੀ ਜਾਣਕਾਰੀ ਲਈ ਆਈ ਟੀ ਮੰਚ ਸ਼ਾਮਲ ਹਨ।

## ਸੁਸ਼ਾਸਨ ਲਈ ਡਿਜੀਟਲ ਇੰਡੀਆ

ਸੁਸ਼ਾਸਨ ਪਰਦਰਸ਼ਤਾ ਅਤੇ ਨਾਗਰਿਕਾਂ ਦੇ ਸ਼ਕਤੀਕਰਨ ਤੋਂ ਪੈਦਾ ਹੁੰਦਾ ਹੈ। ਪੂਰੇ ਦੇਸ਼ ਲਈ ਡਿਜੀਟਲ ਇੰਡੀਆ ਨੂੰ ਇਕ ਬਦਲਾਅਕਾਰੀ ਪ੍ਰੋਗਰਾਮ ਬਣਾਉਣ ਲਈ ਅਤੇ ਸੁਸ਼ਾਸਨ ਯਕੀਨੀ ਬਣਉਣ ਲਈ ਭਾਰਤ ਸਰਕਾਰ ਵਲੋਂ ਬਹੁ-ਆਯਾਮੀ ਰਣਨੀਤੀਆਂ ਅਪਣਾਈਆਂ ਗਈਆਂ ਹਨ ਤਾਂ ਕਿ ਕਈ ਸਾਰੀਆਂ ਪਹਿਲਕਦਮੀਆਂ ਸ਼ੁਰੂ ਕੀਤੀਆਂ ਜਾ ਸਕਣ। ਇਨ੍ਹਾਂ ਪਹਿਲਕਦਮੀਆਂ ਵਿੱਚ ਡਿਜੀ ਧਨ ਅਭਿਆਨ, ਅਧਾਰ ਪੇਅ, ਭੀਮ, ਸੀ ਐੱਸ ਸੀ, ਡਿਜੀ ਲਾਕਰ, ਦਿਸ਼ਾ, ਲਾਭਾਂ ਦੀ ਸਿੱਧੀ ਤਬਦੀਲੀ ਅਤੇ ਈ-ਪੰਚਾਇਤ ਸ਼ਾਮਲ ਹਨ। ਨੋਟਬੰਦੀ, ਜਿਸ ਕਾਰਨ ਸਰਕਾਰ ਨੂੰ ਕਾਲੇ ਧਨ ਖਿਲਾਫ ਹਥਿਆਰ ਚੁੱਕਣੇ ਪਏ ਅਤੇ ਲੋਕਾਂ ਨੂੰ ਘੱਟ ਤੋਂ ਘੱਟ ਨਕਦ ਲੈਣ ਦੇਣ ਲਈ ਉਤਸਾਹਿਤ ਕੀਤਾ ਗਿਆ, ਉਨ੍ਹਾਂ ਲਈ ਡਿਜੀ ਧਨ ਅਭਿਆਨ ਦੀ ਪਹਿਲਕਦਮੀ ਇਕ ਨਵਾਂ ਪ੍ਰੋਗਰਾਮ ਸੀ ਜਿਸ ਨਾਲ ਨਾਗਰਿਕ ਅਤੇ ਵਪਾਰੀ ਬੇਰੋਕ ਡਿਜੀਟਲ ਲੈਣ ਦੇਣ ਕਰ ਸਕਦੇ ਹਨ। ਦੇਸ਼ ਭਰ ਵਿੱਚ ਡਿਜੀ ਧਨ ਮੇਲੇ ਲਾ ਕੇ ਸਰਕਾਰ ਦਾ ਟੀਚਾ ਨਾਗਰਿਕਾਂ ਦਾ ਹੱਥ ਫੜ ਕੇ, ਡਿਜੀਟਲ ਲੈਣ ਦੇਣ ਲਈ ਵੱਖ-ਵੱਖ ਡਿਜੀਟਲ ਅਦਾਇਗੀ ਪ੍ਰਣਾਲੀਆਂ ਨੂੰ ਡਾਊਨਲੋਡ ਅਤੇ ਸਥਾਪਤ ਕਰਨਾ ਸੀ। ਸਰਕਾਰ ਵਲੋਂ ਨਾਲ ਹੀ ਨਾਲ ਭਾਰਤ ਇੰਟਰਫੇਸ ਫਾਰ ਮਨੀ (ਭੀਮ) ਨਾਮਕ ਡਿਜੀਟਲ ਅਦਾਇਗੀ ਮੰਚ ਵੀ ਸ਼ੁਰੂ ਕੀਤੇ ਗਏ। ਭੀਮ, ਯੂਨੀਫਾਈਡ ਪੇਮੈਂਟਸ ਇੰਟਰਫੇਸ (ਯੂ ਪੀ ਆਈ) ਰਾਹੀਂ ਭੁਗਤਾਨ ਅਤੇ ਲੈਣ ਦੇਣ ਨੂੰ ਬਹੁਤ ਸਾਦਾ, ਸੌਖਾ ਅਤੇ ਤੁਰਤ ਫੁਰਤ ਕਰਨ ਦੇ ਯੋਗ ਬਣਾਉਂਦਾ ਹੈ। 30 ਦਸੰਬਰ, 2016 ਨੂੰ ਇਸ ਦੀ ਸ਼ੁਰੂਆਤ ਤੋਂ ਲੈ ਕੇ ਭੀਮ ਕਈ ਗੁਣਾ ਵਧਿਆ ਹੈ। ਇਕ ਹਾਲੀਆ ਰਿਪੋਰਟ ਕਹਿੰਦੀ ਹੈ ਕਿ ਭੀਮ ਐਪ ਨੂੰ 17 ਮਿਲੀਅਨ ਵਾਰ ਡਾਊਨਲੋਡ ਕੀਤਾ ਗਿਆ ਅਤੇ ਫ਼ਰਵਰੀ 2017 ਤੱਕ ਇਸ ਰਾਹੀਂ 19.37 ਲੱਖ ਲੈਣ ਦੇਣ ਕੀਤੇ ਗਏ। ਜਨਵਰੀ ਅਤੇ ਫ਼ਰਵਰੀ 2017 ਦੇ ਮਹੀਨਿਆਂ ਵਿੱਚ ਭੀਮ ਐਪ ਰਾਹੀਂ 950 ਕਰੋੜ ਰੁਪਏ ਦਾ ਲੈਣ ਦੇਣ ਕੀਤਾ ਗਿਆ।

ਸਰਕਾਰ ਵਲੋਂ ਵਿੱਤੀ ਸ਼ਮੂਲੀਅਤ, ਜਨਤਕ ਖੇਤਰ ਦੇ ਸੇਵਾ ਸੁਧਾਰ, ਵਿੱਤੀ ਬਜਟ ਪ੍ਰਬੰਧਨ, ਅਰਾਮ ਵਧਾਉਣ ਅਤੇ ਬਿਨਾਂ ਦਿੱਕਤ ਵਾਲੀ ਲੋਕ ਮੁਖੀ ਸੁਸ਼ਾਸਨ ਵਿਵਸਥਾ ਲਈ, ਅਧਾਰ ਉਤੇ ਅਧਾਰਤ, ਦੁਨੀਆਂ ਦੀ ਸਭ ਤੋਂ ਵੱਡੀ ਬਾਇਓਮੈਟ੍ਰਿਕਸ ਉਤੇ ਅਧਾਰਤ ਪਛਾਣ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਗਈ। ਅੱਜ 1.13 ਬਿਲੀਅਨ ਭਾਰਤੀ ਨਾਗਰਿਕਾਂ ਕੋਲ ਅਧਾਰ ਕਾਰਡ ਹੈ। ਅਧਾਰ ਕਾਰਡ ਬੈਂਕ ਖਾਤਾ ਖੋਲ੍ਹਣ ਅਤੇ ਬੈਂਕ ਖਾਤੇ ਵਿੱਚ ਸਿੱਧੇ ਲਾਭ ਪ੍ਰਾਪਤ ਕਰਨ ਲਈ ਇਕ ਪ੍ਰਮੁੱਖ ਦਸਤਾਵੇਜ਼ ਬਣ ਗਿਆ ਹੈ। ਬਾਇਓਮੈਟ੍ਰਿਕਸ ਪ੍ਰਮਾਣੀਕਰਨ ਪ੍ਰਕਿਰਿਆ ਉਤੇ ਅਧਾਰਤ, ਅਧਾਰ ਪੇਅ ਅਧਾਰ ਨਾਲ ਜੁੜੇ ਖਾਤਾ ਧਾਰਕ ਨੂੰ ਸਿਰਫ ਅੰਗੂਠੇ ਦਾ ਨਿਸ਼ਾਨ ਦੇ ਕੇ ਸਾਰੇ ਬੈਂਕਿੰਗ ਲੈਣ-ਦੇਣ ਕਰਨ ਦੀ ਸਹੂਲਤ ਦੇਵੇਗਾ। 14 ਅਪ੍ਰੈਲ 2017 ਨੂੰ ਸ਼ੁਰੂ ਹੋਣ ਜਾ ਰਿਹਾ ਅਧਾਰ ਪੇਅ ਬਿਲੀਅਨ ਤੋਂ ਵੱਧ ਭਾਰਤੀਆਂ ਲਈ ਸਭ ਤੋਂ ਵੱਧ ਸ਼ਮੂਲੀਅਤ ਵਾਲਾ ਅਦਾਇਗੀ ਮੰਚ ਬਣਦਾ ਜਾਪਦਾ ਹੈ।

ਭਾਵੇਂ ਭਾਰਤ ਸਰਕਾਰ ਪੂਰੀ ਤਨਦੇਹੀ ਨਾਲ ਡਿਜੀਟਲ ਸਮਾਜ ਦੇ ਨਿਰਮਾਣ ਲਈ ਯਤਨਸ਼ੀਲ ਹੈ, ਜ਼ਮੀਨੀ ਪੱਧਰ ਉਤੇ ਨਾਗਰਿਕ ਪੱਖੀ ਸੇਵਾਵਾਂ ਯਕੀਨੀ ਬਣਾਉਣਾ ਇਕ ਜ਼ਿੰਮੇਵਾਰੀ ਬਣ ਜਾਂਦਾ ਹੈ। ਇਹ ਮਿਸ਼ਨ ਸਾਂਝੇ ਸੇਵਾ ਕੇਂਦਰਾਂ (ਸੀ ਐੱਸ ਸੀਜ਼) ਨੂੰ, ਪਿੰਡ ਪੰਚਾਇਤ ਪੱਧਰ ਉਤੇ 2.5 ਲੱਖ ਸਾਂਝੇ ਸੇਵਾ ਕੇਂਦਰਾਂ ਦੇ ਨੈੱਟਵਰਕ ਰਾਹੀਂ ਨਾਗਰਿਕ ਮੁਖੀ ਸੇਵਾਵਾਂ ਦੇਣ ਲਈ ਤਾਕਤ ਦਿੰਦਾ ਹੈ। ਸੀ ਐੱਸ ਸੀਜ਼ ਭੁਗਤਾਨ ਅਧਾਰਤ ਅਤੇ ਸੇਵਾ ਦੇਣ ਅਧਾਰਤ ਮਾਡਲ ਉਤੇ ਕੰਮ ਕਰਦਾ ਹੈ ਜਿਸ ਵਿੱਚ ਇਕਹਿਰੇ ਡਲਿਵਰੀ ਮੰਚ ਰਾਹੀਂ ਬਹੁਤ ਸਾਰੀਆਂ ਈ-ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਭਾਰਤ ਨੂੰ ਇਕ ਡਿਜੀਟਲ ਤੌਰ ਤੇ ਮਜਬੂਤ ਸਮਾਜ ਅਤੇ ਜਾਣਕਾਰੀ ਵਾਲੀ ਆਰਥਿਕਤਾ ਵਿੱਚ ਬਦਲਣ ਲਈ ਭਾਰਤ ਸਰਕਾਰ ਨੇ ਕੋਈ ਕਸਰ ਬਾਕੀ ਨਹੀਂ ਛੱਡੀ। ਸਰਕਾਰ ਵਲੋਂ ਡਿਜੀਟਲ ਇੰਡੀਆ ਤਹਿਤ ਡਿਜੀ ਲਾਕਰ ਨਾਮ ਦਾ ਇਕ ਮੋਹਰੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਜਿਸ ਦਾ ਮਤਲਬ ਜਨਤਕ ਕਲਾਊਡ ਤੇ ਸਾਂਝਾ ਨਿੱਜੀ ਥਾਂ ਪ੍ਰਦਾਨ ਕਰਨਾ ਅਤੇ ਇਸ ਕਲਾਊਡ ਉਤੇ ਸਾਰੇ ਜਨਤਕ ਦਸਤਾਵੇਜ਼/ਪ੍ਰਮਾਣ ਪੱਤਰ ਉਪਲਬਧ ਕਰਵਾਉਣਾ ਹੈ। ਪ੍ਰੌੜ੍ਹ ਈ-ਸ਼ਾਸਨ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦਿਆਂ, ਡਿਜੀ ਲਾਕਰ ਦਸਤਾਵੇਜ਼ ਅਤੇ ਪ੍ਰਮਾਣ ਪੱਤਰਾਂ ਦੇ ਡਿਜੀਟਲ ਜਾਰੀ ਕਰਨ ਅਤੇ ਪੁਸ਼ਟੀ ਦੀ ਸੁਵਿਧਾ ਪ੍ਰਦਾਨ ਕਰਦਾ ਹੈ ਜਿਸ ਨਾਲ ਦਸਤਾਵੇਜ਼ ਹੱਥੀਂ ਲੈ ਕੇ ਜਾਣ ਦੀ ਜ਼ਰੂਰਤ ਖਤਮ ਹੋ ਜਾਂਦੀ ਹੈ। ਅੱਜ

*ਬਾਕੀ ਸਫ਼ਾ 39 ਉੱਤੇ*

# ਜਨਤਕ ਵਿੱਤ ਵਿੱਚ ਡਿਜੀਟਲ ਨਵੀਨਤਾ

ਲੇਖਾ ਚੱਕਰਬਰਤੀ, ਸਮੀਕਸ਼ਾ ਅਗਰਵਾਲ

ਵਿਆਪਕ ਨੀਤੀਆਂ ਦਾ ਨਿਰਮਾਣ ਕਰਨ ਵਾਲਿਆਂ ਲਈ ਵਿੱਤੀ ਨੀਤੀ ਵਿੱਚ ਡਿਜੀਟਲ ਨਵੀਨਤਾ ਦਾ ਵਿਸ਼ੇਸ਼ ਮਹੱਤਵ ਹੈ, ਖ਼ਾਸ ਕਰਕੇ ਨੋਟਬੰਦੀ ਤੋਂ ਬਾਅਦ ਦੇ ਭਾਰਤ ਵਿੱਚ। ਭਾਰਤ ਵਲੋਂ ਜਨਤਕ ਵਿੱਤ ਵਿੱਚ ਡਿਜੀਟਲਕਰਨ ਦੇ ਪਹਿਲੇ ਤਿੰਨ ਅਨੁਭਵਾਂ ਦਾ ਵਖਾਲਾ ਕੀਤਾ ਜਾ ਰਿਹਾ ਹੈ - ਇਹ ਹਾਲੀਆ ਆਰਥਿਕ ਸਰਵੇਖਣ ਵਿੱਚ ਦਰਸਾਇਆ ਗਿਆ ਹੈ। ਇਸ ਵਿੱਚ ਇਸ ਗੱਲ ਨੂੰ ਉਭਾਰਿਆ ਗਿਆ ਹੈ ਕਿ ਜਨਤਕ ਵਿੱਤ ਵਿੱਚ ਡਿਜੀਟਲ ਸਰੂਪ ਕਰਨ ਨਾਲ ਸਰਕਾਰ ਨੂੰ ਵਰਤੀ ਜਾ ਰਹੀ ਤਕਨਾਲੋਜੀ ਦੀ ਮਦਦ ਸਦਕਾ ਲਾਭਪਾਤਰੀਆਂ ਦੀ ਸਹੀ ਪਛਾਣ ਕਰਨ ਵਿੱਚ ਮਦਦ ਮਿਲੀ ਹੈ। ਇਸ ਨਾਲ ਨਕਲੀ ਲਾਭਪਾਤਰੀਆਂ ਦਾ ਪੱਤਾ ਸਾਫ ਕਰਨ ਅਤੇ ਚੋਰੀ ਰੋਕਣ ਅਤੇ ਪਛਾਣ ਦੀਆਂ ਗਲਤੀਆਂ ਦਰੁਸਤ ਕਰਨ ਵਿੱਚ ਵੀ ਸਹਾਇਤਾ ਮਿਲੀ ਹੈ। ਜਿਵੇਂ ਕਿ ਸ਼ੁਰੂਆਤੀ ਅੰਕੜੇ ਦਰਸਾਉਂਦੇ ਹਨ ਕਿ ਜਨਤਕ ਵਿੱਤ ਅੰਦਰ ਡਿਜੀਟਲੀਕਰਨ ਲਾਗੂ ਕਰਨ ਨਾਲ ਭਾਰਤ ਭਲਾਈ ਯੋਜਨਾਵਾਂ ਦੇ ਲਾਭ ਮਗਨਰੇਗਾ ਅੰਦਰ 41 ਪ੍ਰਤਿਸ਼ਤ, ਪਹਿਲ (ਰਸੋਈ ਗੈਸ ਸਬਸਿਡੀ ਯੋਜਨਾ) ਲਈ 37 ਪ੍ਰਤਿਸ਼ਤ, ਰਾਸ਼ਟਰੀ ਸਮਾਜਕ ਸਹਾਇਤਾ ਪ੍ਰੋਗਰਾਮ (ਐੱਨ ਐੱਸ ਏ ਪੀ) ਲਈ 7 ਪ੍ਰਤਿਸ਼ਤ ਅਤੇ ਰਾਸ਼ਟਰੀ ਵਜੀਫ਼ਾ ਸਕੀਮਾਂ ਲਈ 7 ਪ੍ਰਤਿਸ਼ਤ ਵਸੋਂ ਤੱਕ ਪਹੁੰਚਾਉਣ ਵਿੱਚ ਸਫਲਤਾ ਪ੍ਰਾਪਤ ਹੋਈ ਹੈ (ਭਾਰਤ ਦਾ ਆਰਥਿਕ ਸਰਵੇਖਨ, 2015-16)।

ਵਿੱਤੀ ਨੀਤੀ ਵਿੱਚ ਡਿਜੀਟਲੀਕਰਨ ਦਾ ਇਕ ਹੋਰ ਸਫਲ ਤਜਰਬਾ, ਪ੍ਰਧਾਨ ਮੰਤਰੀ ਜਨ ਧਨ ਯੋਜਨਾ ਨਾਮਕ ਨਵੀਂ ਸਕੀਮ ਹੈ। ਇਸ ਵਿੱਚ ਆਮ ਜਨਤਾ ਦੁਆਰਾ ਵੱਡੇ ਪੱਧਰ ਉਤੇ ਬਚਤ ਖਾਤੇ ਖੋਲ੍ਹਣ ਨਾਲ ਵਿੱਤੀ ਸੇਵਾਵਾਂ ਵਿੱਚ ਵਿੱਤੀ ਸ਼ਮੂਲੀਅਤ ਯਕੀਨੀ ਹੋਈ ਹੈ ਤਾਂ ਕਿ ਸਹੀ ਲਾਭਪਾਤਰੀਆਂ ਨੂੰ ਪੈਸਾ ਪੁੱਜਦਾ ਕੀਤਾ ਜਾ ਸਕੇ। ਇਸ ਨਾਲ ਸੰਬੰਧਿਤ ਇਕ ਹੋਰ ਤਜਰਬਾ ਅਧਾਰ ਕਾਰਡ ਦੀ ਸ਼ੁਰੂਆਤ ਹੈ ਜੋ ਦੇਸ਼ ਵਿੱਚ ਹਰੇਕ ਵਿਅਕਤੀ ਨੂੰ ਇਕ ਵਿਲੱਖਣ ਆਨ-ਲਾਈਨ ਪਛਾਣ ਪ੍ਰਦਾਨ ਕਰਦਾ ਹੈ। ਇਸ ਨੂੰ ਬੈਂਕ ਖਾਤਿਆਂ ਅਤੇ ਮੋਬਾਈਲ ਨੰਬਰਾਂ ਨਾਲ ਜੋੜ ਦਿੱਤਾ ਗਿਆ ਹੈ ਤਾਂ ਕਿ ਲੈਣ-ਦੇਣ ਨੂੰ ਸੁਖਾਲਾ ਬਣਾਇਆ ਜਾ ਸਕੇ। ਤੇਜ਼ੀ ਨਾਲ ਪੈਸਾ ਭੇਜਣ ਅਤੇ ਅਖੀਰਲੇ ਥਾਂ ਉਤੇ ਬੈਂਕਿੰਗ ਦੀ ਸਮੱਸਿਆ ਦਾ ਹੱਲ ਕਰਨ ਲਈ ਮੋਬਾਈਲ ਬੈਂਕਿੰਗ ਦੀ ਵਰਤੋਂ ਦੀ ਵੀ ਹੌਸਲਾ ਅਫ਼ਜ਼ਾਈ ਕੀਤੀ ਗਈ ਹੈ। ਜਨ ਧਨ ਖਾਤਿਆਂ, ਅਧਾਰ ਕਾਰਡ ਅਤੇ ਮੋਬਾਈਲ ਬੈਂਕਿੰਗ ਦੀ ਵਰਤੋਂ ਨੇ ਭਾਰਤ ਨੂੰ ਡਿਜੀਟਲ ਇਨਕਲਾਬ ਦੇ ਇਕ ਕਦਮ ਹੋਰ ਨੇੜੇ ਹੋਣ ਵਿੱਚ ਮਦਦ ਕੀਤੀ ਹੈ। ਜੋ ਇਸ ਦੀ ਉਡੀਕ ਕਰ ਰਿਹਾ ਹੈ।

ਵਿੱਤੀ ਖੇਤਰ ਵਿੱਚ ਡਿਜੀਟਲਕਰਨ ਦੇ ਅਜਿਹੇ ਵਿਸ਼ਵਵਿਆਪੀ ਤਜਰਬੇ ਕੀਨੀਆ ਵਿੱਚ ਵੀ ਹੋਏ ਹਨ ਜਿਥੇ ਇਹ ਪੁਖਤਾ ਕਰਨ ਲਈ ਭੂ-ਸਥਾਨਿਕ ਸਰਵੇਖਣ ਦੀ ਵਰਤੋਂ ਕੀਤੀ ਗਈ ਕਿ ਵਿੱਤੀ ਸੰਸਥਾਨਾਂ ਦਾ ਲਗਾਤਾਰ ਵਧਦੇ ਹੋਏ ਡਿਜੀਟਲ ਵਾਤਾਵਰਨ ਪ੍ਰਤਿ ਕੀ ਹੁੰਗਾਰਾ ਰਿਹਾ ਹੈ। ਕੀਨੀਆ ਵਿੱਚ ਜਨਸੰਖਿਆ ਦਾ ਇਕ ਵੱਡਾ ਹਿੱਸਾ 'ਵਿੱਤੀ ਪਹੁੰਚ ਬਿੰਦੂ' ਦੇ 5 ਕਿਲੋਮੀਟਰ ਦੇ ਦਾਇਰੇ ਵਿੱਚ ਹੈ। ਕੀਨੀਆ ਆਪਣੇ ਲੋਕਾਂ ਵਲੋਂ ਮੋਬਾਈਲ ਅਧਾਰਤ ਧਨ ਦੀ ਵਰਤੋਂ ਕਰਨ ਦੇ ਮਾਮਲੇ ਵਿੱਚ ਸਿਰਕੱਢਵਾਂ ਥਾਂ ਰੱਖਦਾ ਹੈ - 10 ਸਾਲ ਤੋਂ ਘੱਟ ਸਮੇਂ ਵਿੱਚ ਇਹ ਹਿੱਸੇਦਾਰੀ ਸਿਫਰ ਤੋਂ ਵਧ ਕੇ ਬਾਲਗ ਵਸੋਂ ਅੰਦਰ 75 ਪ੍ਰਤਿਸ਼ਤ ਤੋਂ ਉਪਰ ਪੁੱਜ ਗਈ ਹੈ (ਨਡੁੰਗੂ ਨਜੁਗੁਨਾ, ਅਰਮਾਂਡੋ ਮਾਰੇਲਜ਼ ਅਤੇ ਲਿਡੀਆ ਨਡੀਰੰਗੂ, 2016)।

ਵਿਸ਼ਵ ਦੇ ਅਨੁਭਵਾਂ ਤੋਂ ਸੇਧ ਲੈਂਦਿਆਂ ਭਾਰਤ ਨੇ ਜੇ ਏ ਐੱਮ ਤਿਕੜੀ (ਜਨ ਧਨ, ਅਧਾਰ ਅਤੇ ਮੋਬਾਈਲ) ਦੇ ਤਜਰਬੇ ਦੀ ਸਰੋਤਾਂ ਦੀ ਯੋਗ ਵਰਤੋਂ ਲਈ ਚੋਣ ਕੀਤੀ ਹੈ। ਮੁੱਖ ਤੌਰ ਤੇ, ਭਾਰਤ ਦੀ ਸਬਸਿਡੀ ਪ੍ਰਣਾਲੀ ਕਈ ਪ੍ਰਕਾਰ ਦੇ ਨੁਕਸਾਂ ਨਾਲ ਭਰੀ ਪਈ ਹੈ, ਜਿਵੇਂ ਕਿ ਚੋਰੀ ਅਤੇ ਜਾਅਲੀ ਲਾਭਪਾਤਰੀ। ਮਿਸਾਲ ਦੇ ਲਈ, ਭਾਰਤ ਦੀ ਜਨਤਕ ਵੰਡ ਪ੍ਰਣਾਲੀ ਪਛਾਣ ਦੀਆਂ ਗਲਤੀਆਂ ਦੀ ਬੁਰੀ ਤਰ੍ਹਾਂ ਸ਼ਿਕਾਰ ਹੈ, ਜਿਸ ਦਾ ਮੁੱਖ ਕਾਰਨ ਜਾਅਲੀ ਲਾਭਪਾਤਰੀ ਹਨ ਇਸੇ ਪ੍ਰਕਾਰ ਦਿਹਾਤੀ ਭਾਰਤ ਲਈ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਸਕੀਮ (ਮਗਨਰੇਗਾ) ਦੇ ਵੀ ਕਈ ਅਮਲ ਸੰਬੰਧੀ ਅਤੇ ਵਿਆਪਕ ਚੋਰੀ ਦੇ ਮੁੱਦੇ ਹਨ। ਰਸੋਈ ਗੈਸ ਸਬਸਿਡੀ ਦੇ ਮਾਮਲੇ ਵਿੱਚ ਤਾਂ ਅਜਿਹੀਆਂ ਚੋਰ ਮੋਰੀਆਂ ਹਨ ਕਿ ਖਪਤ ਖਰਚੇ ਦੇ ਹਿਸਾਬ ਨਾਲ ਵਸੋਂ ਦੇ ਸਿਖਰਲੇ 20 ਪ੍ਰਤਿਸ਼ਤ ਨੂੰ ਅਧਿਉਂ ਵੱਧ (60 ਪ੍ਰਤਿਸ਼ਤ) ਕੁੱਲ ਸਿੱਧੀ ਸਬਸਿਡੀ ਹਾਸਲ ਹੋਈ ਜਦ ਕਿ ਵਸੋਂ ਦੇ ਹੇਠਲੇ ਅੱਧੇ ਭਾਗ ਨੂੰ ਕੁੱਲ ਸਬਸਿਡੀ ਭੁਗਤਾਨ ਦਾ 1/10 ਤੋਂ ਵੀ ਘੱਟ (8 ਪ੍ਰਤਿਸ਼ਤ) ਪ੍ਰਾਪਤ ਹੋਇਆ। ਇਨ੍ਹਾਂ ਸਮੱਸਿਆਵਾਂ ਨੂੰ ਵੇਖਦਿਆਂ, ਇਸ ਪ੍ਰਣਾਲੀ ਦਾ ਡਿਜੀਟਲਕਰਨ ਹੀ ਇਕੋ-ਇਕ ਸਪੱਸ਼ਟ ਹੱਲ ਨਜ਼ਰ ਆਉਂਦਾ ਹੈ। 2011 ਵਿੱਚ ਨਿਲੇਕਨੀ ਟਾਸਕ ਫੋਰਸ ਦਾ ਗਠਨ ਅਧਾਰ ਉਤੇ ਅਧਾਰਿਤ ਏਕੀਕ੍ਰਿਤ ਅਦਾਇਗੀ ਢਾਂਚੇ ਦਾ ਪ੍ਰਸਤਾਵ ਤਿਆਰ ਕਰਲ ਲਈ ਕੀਤਾ ਗਿਆ ਸੀ ਜੋ ਗਰੀਬਾਂ ਨੂੰ ਸਬਸਿਡੀ ਦਾ ਭੁਗਤਾਨ ਕਰਨ ਲਈ ਇਕ ਜ਼ਿਆਦਾ ਕੁਸ਼ਲ ਅਤੇ ਲਾਗਤ ਪ੍ਰਭਾਵੀ ਪ੍ਰਣਾਲੀ ਹੈ। ਟਾਸਕ ਫੋਰਸ ਵਲੋਂ ਸਬਸਿਡੀ ਦਾ ਸਿੱਧਾ ਨਕਦ ਭੁਗਤਾਨ ਕਰਨ ਦੀ ਸਿਫਾਰਸ਼ ਕੀਤੀ ਗਈ। ਇਸ ਨੂੰ ਭੁਗਤਾਨ ਦੀ ਹੋਰ ਰੂਪ ਰੇਖਾ ਉਲੀਕਣ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ। ਨੈਸ਼ਨਲ ਇੰਸਟੀਚਿਊਟ ਆਫ

ਪਬਲਿਕ ਫਾਇਨਾਂਸ ਐਂਡ ਪਾਲਿਸੀ (ਐੱਨ ਆਈ ਪੀ ਐੱਫ ਪੀ) ਦੇ 2012 ਦੇ ਇਕ ਅਧਿਐਨ ਵਿੱਚ ਨੋਟ ਕੀਤਾ ਗਿਆ ਕਿ ਜਨਤਕ ਵੰਡ ਪ੍ਰਣਾਲੀ ਦੇ ਮਾਮਲੇ ਵਿੱਚ ਜੋ ਇਕ ਵਾਰ ਲਾਭਪਾਤਰੀਆਂ ਨੂੰ ਅਧਾਰ ਰਾਹੀਂ ਪੰਜੀਕ੍ਰਿਤ ਕਰ ਲਿਆ ਜਾਵੇ ਤਾਂ ਲਾਭ ਲੈਣੇ ਅਸਾਨ ਹੋਣਗੇ ਕਿਉਂਕਿ ਉਨ੍ਹਾਂ ਦਾ ਪ੍ਰਮਾਣੀਕਰਨ ਕੀਤਾ ਜਾ ਸਕੇਗਾ। ਮਗਨਰੇਗਾ ਦੇ ਮਾਮਲੇ ਵਿੱਚ ਜੇ ਉਜਰਤਾਂ ਦੀ ਅਦਾਇਗੀ ਅਧਾਰ ਭੁਗਤਾਨ ਪ੍ਰਣਾਲੀ ਰਾਹੀਂ ਕੀਤੀ ਜਾਵੇ ਤਾਂ ਇਸ ਨਾਲ 5 ਪ੍ਰਤਿਸ਼ਤ ਚੋਰੀ ਉਤੇ ਕਾਬੂ ਪਾਇਆ ਜਾ ਸਕਦਾ ਹੈ (ਐੱਨ ਆਈ ਪੀ ਐੱਫ ਪੀ 2012)। ਪਰ, ਸਰਾਫ (2016) ਵਲੋਂ ਨੋਟ ਕੀਤਾ ਗਿਆ ਕਿ ਜਦੋਂ ਪਛਾਣ ਦੇ ਦਸਤਾਵੇਜ਼ ਕਿਸੇ ਠੋਸ ਤਰਕਸੰਗਤ ਢਾਂਚੇ ਉਤੇ ਅਧਾਰਤ ਨਹੀਂ ਹੁੰਦੇ ਤਾਂ ਸੰਗਠਿਤ ਅਪਰਾਧ ਅਤੇ ਪਛਾਣ ਦੇ ਘਪਲੇ ਹੋਣ ਦੇ ਮੌਕੇ ਵਧ ਜਾਂਦੇ ਹਨ। ਹਾਲੀਆ ਆਰਥਿਕ ਸਰਵੇਖਣ ਵਿੱਚ ਨੋਟ ਕੀਤਾ ਗਿਆ ਕਿ 2015 ਅੰਦਰ, 4 ਮਿਲੀਅਨ ਪ੍ਰਤਿ ਹਫ਼ਤੇ ਦੀ ਦਰ ਨਾਲ 210 ਮਿਲੀਅਨ ਅਧਾਰ ਕਾਰਡ ਬਣਾਏ ਗਏ। ਲਗਭਗ 975 ਮਿਲੀਅਨ ਲੋਕਾਂ ਕੋਲ ਅਧਾਰ ਕਾਰਡ ਹਨ ਜੋ ਕੁੱਲ ਵਸੋਂ ਦਾ 75 ਪ੍ਰਤਿਸ਼ਤ ਅਤੇ ਬਾਲਗ ਵਸੋਂ ਦਾ 95 ਪ੍ਰਤਿਸ਼ਤ ਬਣਦੇ ਹਨ। ਅਧਾਰ ਕਾਰਡ ਦੀ ਘਣਤਾ ਉਨ੍ਹਾਂ ਰਾਜਾਂ ਵਿੱਚ ਜ਼ਿਆਦਾ ਹੈ ਜਿਥੇ ਇਕ ਤਿਹਾਈ ਰਾਜਾਂ ਵਿੱਚ ਦਾਇਰੇ ਦੀ ਦਰ 90 ਪ੍ਰਤਿਸ਼ਤ ਤੋਂ ਵੱਧ ਹੈ (ਆਰਥਿਕ ਸਰਵੇਖਣ, ਭਾਰਤ ਸਰਕਾਰ, 2015-16)।

ਤਾਲਿਕਾ-1 ਵਿੱਚ ਭਾਰਤ ਅੰਦਰ ਜਨ ਧਨ ਸਕੀਮ ਦੀ ਪਹੁੰਚ ਦਰਸਾਈ ਗਈ ਹੈ। ਪ੍ਰਧਾਨ ਮੰਤਰੀ ਜਨ ਧਨ ਯੋਜਨਾ ਨੇ ਯਕੀਨੀ ਬਣਾਇਆ ਕਿ ਆਮ ਜਨਤਾ ਬਚਤ ਖਾਤੇ ਖੁਲ੍ਹਵਾਏ ਤਾਂ ਜੋ ਸਬਸਿਡੀ ਦਾ ਪੈਸਾ ਅਸਲ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਸਿੱਧਾ ਤਬਦੀਲ ਕੀਤਾ ਜਾ ਸਕੇ।

ਰਸੋਈ ਗੈਸ ਸਬਸਿਡੀ ਲਾਭ ਦੀ ਸਿੱਧੀ ਤਬਦੀਲੀ ਕਰਨ ਲਈ 'ਪਹਿਲ' ਨਾਮਕ ਸਕੀਮ ਨੂੰ 2014 ਵਿੱਚ ਮੁੜ ਤੋਂ ਅਰੰਭ ਕੀਤਾ ਗਿਆ ਜਿਸ ਦਾ ਉਦੇਸ਼ ਰਸੋਈ ਗੈਸ ਖਪਤਕਾਰਾਂ ਨੂੰ ਸਿੱਧੇ ਲਾਭ ਪੁੱਜਦਾ ਕਰਨਾ ਸੀ। ਇਸ ਸਕੀਮ ਵਿੱਚ ਔਰਤਾਂ ਨੂੰ ਬੀ ਪੀ ਐੱਲ ਤਹਿਤ ਸਵੱਛ ਖਾਣਾ ਪਕਾਉਣ ਦਾ ਈਧਣ ਪ੍ਰਦਾਨ ਕਰਕੇ ਊਰਜਾ ਢਾਂਚੇ ਵਿੱਚ ਲਿੰਗਕ ਲੇਖੇ ਨੂੰ ਏਕੀਕ੍ਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਅੰਗ ਪ੍ਰਸੰਗਿਕ ਹੈ ਕਿਉਂਕਿ ਅਨੁਮਾਨ ਦਿਖਾਉਂਦੇ ਹਨ ਕਿ ਮਲੇਰੀਏ ਨਾਲੋਂ ਜ਼ਿਆਦਾ ਔਰਤਾਂ ਅਤੇ ਬੱਚੇ ਘਟੀਆ ਖਾਣਾ ਪਕਾਉਣ ਵਾਲੇ ਈਧਣ ਦੀ ਵਰਤੋਂ ਕਾਰਨ ਪੈਦਾ ਹੋਣ ਵਾਲੇ ਅੰਦਰਲੇ ਪ੍ਰਦੂਸ਼ਨ ਕਾਰਨ ਦਮ ਤੋੜ ਜਾਂਦੇ ਹਨ। ਇਹ ਈਧਣ ਉਹ ਲੰਮਾ ਪੈਂਡਾ ਮਾਰ ਕੇ ਇਕੱਠਾ ਕਰਦੇ ਹਨ। ਇਸ ਪ੍ਰੋਗਰਾਮ ਵਿੱਚ ਔਰਤਾਂ ਵਲੋਂ ਸਾਂਭ-ਸੰਭਾਲ ਆਰਥਿਕਤਾ ਵਿੱਚ ਕੀਤੇ ਯਤਨਾਂ ਦੀ ਤੀਬਰਤਾ ਦਾ ਵੀ ਖ਼ਿਆਲ ਰੱਖਿਆ ਗਿਆ ਹੈ। ਅਜਿਹੇ ਅੰਕੜਿਆਂ ਵਿੱਚ ਬਾਲਣ ਵਾਲੀ ਲੱਕੜ ਇਕੱਠੀ ਕਰਨ ਲਈ ਲਾਏ ਸਮੇਂ ਦਾ ਵੀ ਖੁਲਾਸਾ ਕੀਤਾ ਗਿਆ ਹੈ। ਇਹ ਅਧਿਐਨ ਸੈਂਟਰ ਫਾਰ ਸਟੈਟਿਸਟੀਕਲ ਆਰਗੇਨਾਈਜੇਸ਼ਨ ਆਫ ਇੰਡੀਆ ਵਲੋਂ ਕੀਤੇ ਗਏ (ਚੱਕਰਬਰਤੀ, 2016 ਅਤੇ 2014)। ਲਾਹੋਟੀ (2012) ਨੇ ਨੋਟ ਕੀਤਾ ਕਿ ਪਹਿਲ ਸਕੀਮ ਜਾਰੀ ਹੋਣ ਤੋਂ ਪਹਿਲਾਂ ਰਸੋਈ ਗੈਸ ਦੀ ਖਪਤ ਸ਼ਹਿਰੀ ਖੇਤਰਾਂ ਦੇ ਉਨ੍ਹਾਂ ਖੇਤਰਾਂ ਦੇ ਘਰਾਂ ਵਿੱਚ ਵੱਧ ਸੀ ਜਿਥੇ ਸਮਾਜਕ-ਆਰਥਿਕ ਸੂਚਕ ਬੇਹਤਰ ਸਨ। ਅਧਿਐਨ ਵਿੱਚ ਨੋਟ ਕੀਤਾ ਗਿਆ ਕਿ ਭਾਵੇਂ ਰਸੋਈ ਗੈਸ ਸਵੱਛ ਅਤੇ ਸਿਹਤਮੰਦ ਈਧਣ ਹੈ, ਪਰ ਦੇਸ਼ ਦੇ ਜ਼ਿਆਦਾਤਰ ਪਰਿਵਾਰ ਹਾਲੇ ਵੀ ਖਾਣਾ ਪਕਾਉਣ ਲਈ ਠੋਸ ਬਾਲਣਾਂ ਉਤੇ ਨਿਰਭਰ ਹਨ, ਜਿਨ੍ਹਾਂ ਦਾ ਸਿਹਤ ਉਤੇ ਮਾੜਾ ਅਸਰ ਪੈਂਦਾ ਹੈ। ਰਸੋਈ ਗੈਸ ਸਬਸਿਡੀਆਂ ਦਾ ਉਦੇਸ਼ ਗਰੀਬ ਪਰਿਵਾਰਾਂ ਤੱਕ ਇਸ ਦੀ ਪਹੁੰਚ ਵਧਾਉਣ ਅਤੇ ਠੋਸ ਬਾਲਣਾਂ ਤੋਂ ਰਸੋਈ ਗੈਸ ਵੱਲ ਜਾਣਾ ਸੀ, ਜੋ ਹਾਲੇ ਪੂਰੀ ਤਰ੍ਹਾਂ ਹਾਸਲ ਨਹੀਂ ਕੀਤਾ ਜਾ ਸਕਿਆ (ਲਾਹੋਟੀ, 2012)।

ਅਧਾਰ ਅਦਾਇਗੀ ਤਰੀਕੇ ਨੇ 'ਪਹਿਲ' ਸਕੀਮ ਨੂੰ ਸਫਲ ਬਣਾਉਣ ਵਿੱਚ ਸ਼ਾਨਦਾਰ ਭੂਮਿਕਾ ਨਿਭਾਈ ਹੈ। ਇਸ ਸਕੀਮ ਤਹਿਤ ਖਪਤਕਾਰਾਂ ਨੂੰ ਸਿਲੰਡਰ ਬਾਜ਼ਾਰ ਕੀਮਤ ਉਤੇ ਮਿਲਦੇ ਹਨ ਅਤੇ ਬੀ.ਪੀ.ਐੱਲ ਖਪਤਕਾਰਾਂ ਨੂੰ ਰਸੋਈ ਗੈਸ ਉਤੇ ਦਿੱਤੀ ਜਾਣ ਵਾਲੀ ਸਬਸਿਡੀ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੇਜ ਦਿੱਤੀ ਜਾਂਦੀ ਹੈ। ਸਬਸਿਡੀ ਪ੍ਰਾਪਤ ਕਰਨ ਲਈ ਖਪਤਕਾਰਾਂ ਨੂੰ ਜਾਂ ਤਾਂ ਆਪਣਾ ਅਧਾਰ ਨੰਬਰ ਆਪਣੇ ਬੈਂਕ ਖਾਤੇ ਨਾਲ ਜੋੜਨਾ ਹੋਵੇਗਾ ਜਾਂ ਆਪਣੇ ਬੈਂਕ ਖਾਤੇ ਨੂੰ 17 ਅੰਕਾਂ ਵਾਲੀ ਐੱਲ ਪੀ ਜੀ ਆਈ ਡੀ ਨਾਲ ਜੋੜਨਾ ਹੋਵੇਗਾ, ਜੇ ਉਨ੍ਹਾਂ ਕੋਲ ਅਧਾਰ ਨੰਬਰ ਮੌਜੂਦ ਨਹੀਂ ਹੈ।

ਇਸ ਸਕੀਮ ਦਾ ਉਦੇਸ਼ ਦੇਸ਼ ਦੇ 676 ਜ਼ਿਲ੍ਹਿਆਂ ਦੇ 15.3 ਕਰੋੜ ਖਪਤਕਾਰਾਂ ਨੂੰ ਇਸ ਦੇ ਦਾਇਰੇ ਹੇਠ ਲਿਆਉਣਾ ਸੀ। ਹੌਲੀ-ਹੌਲੀ ਇਸ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰ ਦਿੱਤਾ ਗਿਆ (ਭਾਰਤ ਸਰਕਾਰ, 2014)। ਭਾਰਤ ਸਰਕਾਰ ਵਲੋਂ 'ਪਹਿਲ' ਯੋਜਨਾ ਨੂੰ ਇਕ ਵਿਆਪਕ ਸਫਲਤਾ ਐਲਾਨਿਆ ਗਿਆ। ਭਾਰਤ ਦੇ 2015-16 ਦੇ ਆਰਥਿਕ ਸਰਵੇਖਣ ਵਿੱਚ ਦਾਅਵਾ ਕੀਤਾ ਗਿਆ ਲਾਭਾਂ ਦੀ ਸਿੱਧੀ ਅਦਾਇਗੀ ਨਾਲ ਰਸੋਈ ਗੈਸ ਦੀ ਚੋਰੀ 24 ਪ੍ਰਤਿਸ਼ਤ ਘਟ ਗਈ, ਅਸਲ ਲਾਭਪਾਤਰੀ ਬਹੁਤ ਸੀਮਤ ਸੰਖਿਆ ਵਿੱਚ ਇਸ ਤੋਂ ਬਾਹਰ ਹੋਏ (ਭਾਰਤ ਦਾ ਆਰਥਿਕ ਸਰਵੇਖਣ, 2015-16)। ਇਸ ਤੋਂ ਇਲਾਵਾ, ਰਸੋਈ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ ਵੀ ਔਖੀ ਹੋ ਗਈ ਹੈ। ਅੱਜ ਦੀ ਤਾਰੀਖ ਤੱਕ 'ਪਹਿਲ' ਯੋਜਨਾ ਤਹਿਤ 45412 ਕਰੋੜ ਰੁਪਏ ਰਕਮ ਦਾ ਸਿੱਧਾ ਨਕਦ ਭੁਗਤਾਨ ਕੀਤਾ ਗਿਆ ਅਤੇ 10546388 ਲੋਕਾਂ ਵਲੋਂ ਰਸੋਈ ਗੈਸ ਸਬਸਿਡੀ ਦਾ ਤਿਆਗ

ਤਾਲਿਕਾ-1 : ਜਨਤਕ ਵਿੱਤ ਦਾ ਡਿਜੀਟਲਕਰਨ : ਵਿੱਤੀ ਸੇਵਾਵਾਂ ਰਾਹੀਂ ਵਿੱਤੀ ਸ਼ਮੂਲੀਅਤ (ਕਰੋੜਾਂ ਵਿੱਚ)

| ਬੈਂਕ ਦਾ ਨਾਮ | ਪੇਂਡੂ | ਸ਼ਹਿਰੀ | ਕੁੱਲ | ਰੁਪਏ ਕਾਰਡਾਂ ਦੀ ਸੰਖਿਆ | ਅਧਾਰ ਨਾਲ ਜੁੜੇ | ਖਾਤਿਆਂ ਵਿੱਚ ਬਕਾਇਆ |
|---|---|---|---|---|---|---|
| ਜਨਤਕ ਖੇਤਰ ਦੇ ਬੈਂਕ | 12.32 | 10.22 | 22.54 | 17.58 | 14.93 | 49266.04 |
| ਖੇਤਰੀ ਦਿਹਾਤੀ ਬੈਂਕ | 3.97 | 0.66 | 4.63 | 3.53 | 2.76 | 11708.05 |
| ਨਿੱਜੀ ਬੈਂਕ | 0.55 | 0.37 | 0.91 | 0.84 | 0.44 | 2127.40 |
| ਕੁੱਲ | 16.84 | 11.24 | 28.08 | 21.95 | 18.13 | 63101.49 |

ਨੋਟ : ਇਹ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਤਹਿਤ, 22 ਮਾਰਚ 2017 ਤੱਕ ਖੋਲ੍ਹੇ ਗਏ ਖਾਤਿਆਂ ਦੀ ਸੰਖਿਆ ਹੈ। ਸਾਰੇ ਅੰਕੜੇ ਕਰੋੜ ਵਿੱਚ ਹਨ।

*ਸਰੋਤ: ਭਾਰਤ ਸਰਕਾਰ (2017), ਪੀ ਐੱਮ ਜੇ ਡੀ ਵਾਈ*

ਕੀਤਾ ਗਿਆ (ਭਾਰਤ ਸਰਕਾਰ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲਾ, 2014)।

ਜੇ ਏ ਐੱਮ ਤਿੱਕੜੀ ਨੂੰ ਅਜਿਹੇ ਖੇਤਰਾਂ ਵਿੱਚ ਵਰਤਣ ਦੀਆਂ ਹੋਰ ਸੰਭਾਵਨਾਵਾਂ ਮੌਜੂਦ ਹਨ ਜਿਥੇ ਕੇਂਦਰ ਸਰਕਾਰ ਦਾ ਚੋਖਾ ਨਿਯੰਤ੍ਰਣ ਹੈ ਅਤੇ ਜਿਥੇ ਚੋਰੀ ਜ਼ਿਆਦਾ ਹੈ ਤਾਂ ਜੋ ਜੇ ਏ ਐੱਮ ਤੋਂ ਵਿੱਤੀ ਬੱਚਤ ਜ਼ਿਆਦਾ ਹੋ ਸਕੇ। ਖਾਦਾਂ ਦੇ ਮਾਮਲੇ ਵਿੱਚ ਕੇਂਦਰ ਸਰਕਾਰ ਦਾ ਨਿਯੰਤ੍ਰਣ ਜ਼ਿਆਦਾ ਹੈ ਅਤੇ ਚੋਰੀ 40 ਪ੍ਰਤਿਸ਼ਤ ਦੇ ਆਸ ਪਾਸ ਹੈ ਜੋ ਖਾਦਾਂ ਦੀ ਸਬਸਿਡੀ ਲਈ ਜੇ ਏ ਐੱਮ ਦੀ ਵਰਤੋਂ ਕਰਨ ਦਾ ਵੱਡਾ ਅਧਾਰ ਬਣ ਸਕਦਾ ਹੈ। ਰਾਜ ਅਤੇ ਸਥਾਨਕ ਸਰਕਾਰਾਂ ਅਤੇ ਕੇਂਦਰ ਸਰਕਾਰ ਨਾਲ ਵਪਾਰ ਕਰਨ ਵਾਲੇ ਵਪਾਰਕ ਘਰਾਣੇ ਕੇਂਦਰ ਸਰਕਾਰ ਤਬਦੀਲੀ/ਅਦਾਇਗੀਆਂ ਉਤੇ ਨਿਰਭਰ ਕਰਦੇ ਹਨ ਜੋ ਸਰਕਾਰੀ ਸਬਸਿਡੀਆਂ ਵਾਂਗ ਹੀ ਭੇਜੇ ਜਾਂਦੇ ਹਨ।

ਜੇ ਏ ਐੱਮ ਨਾਲ ਭੁਗਤਾਨ ਤਬਦੀਲੀ ਦੀ ਕੁਸ਼ਲਤਾ ਵਿੱਚ ਵਾਧਾ ਹੋਇਆ ਹੈ ਕਿਉਂਕਿ ਚੋਰੀ ਉਤੇ ਦੇਰੀ ਘੱਟ ਹੋ ਗਈਆਂ ਹਨ ਅਤੇ ਪ੍ਰਸ਼ਾਸਕੀ ਬੋਝ ਵਿੱਚ ਵੀ ਕਮੀ ਆਈ ਹੈ। ਇਸ ਲਈ ਜੇ ਏ ਐੱਮ ਤਿੱਕੜੀ ਸਰਕਾਰ ਦੇ ਅੰਦਰ ਭੁਗਤਾਨ ਲਈ ਵੀ ਵਰਤੀ ਜਾ ਸਕਦੀ ਹੈ ਜਿਸ ਨਾਲ ਲਾਗਤ ਘਟੇਗੀ ਅਤੇ ਕੁਸ਼ਲਤਾ ਵਿੱਚ ਵਾਧਾ ਹੋਵੇਗਾ।

ਪਰ, ਇਨ੍ਹਾਂ ਯੋਜਨਾਵਾਂ ਦੀ ਪ੍ਰਭਾਵਿਕਤਾ ਨੂੰ ਅਜਿਹੇ ਮਿਸਾਲੀ ਸੁਧਾਰਾਂ ਦੇ ਬਾਵਜੂਦ ਹਾਲੇ ਵੀ ਅਨੇਕ ਸਮੱਸਿਆਵਾਂ ਦਾ ਸਾਹਮਣਾ ਹੈ। ਭਾਵੇਂ ਕਿ ਇਨ੍ਹਾਂ ਸਕੀਮਾਂ ਤਹਿਤ ਪੈਸੇ ਦੀ ਤਬਦੀਲੀ ਵਿੱਚ ਆਉਣ ਵਾਲੀਆਂ ਸ਼ਮੂਲੀਅਤ ਅਤੇ ਬੇਦਖਲੀ ਦੀਆਂ ਗਲਤੀਆਂ ਨੂੰ ਘੱਟ ਤੋਂ ਘੱਟ ਕਰ ਲਿਆ ਗਿਆ ਹੈ ਅਤੇ ਵਿਤਰਣ ਪ੍ਰਕਿਰਿਆ ਵਿੱਚ ਚੋਰੀ, ਬਰਬਾਦੀ ਅਤੇ ਭ੍ਰਿਸ਼ਟਾਚਾਰ ਉਤੇ ਕਾਫੀ ਹੱਦ ਤੱਕ ਕਾਬੂ ਪਾ ਲਿਆ ਗਿਆ ਹੈ, ਪਰ ਇਨ੍ਹਾਂ ਪ੍ਰੋਗਰਾਮਾਂ ਦੇ ਪ੍ਰਬੰਧਨ ਉਤੇ ਮਨੁੱਖੀ ਸ਼ਕਤੀ ਅਤੇ ਸਰੋਤਾਂ ਦਾ ਕਾਫੀ ਖਰਚਾ ਆ ਜਾਂਦਾ ਹੈ। 2015-16 ਦੇ ਆਰਥਿਕ ਸਰਵੇਖਣ ਵਿੱਚ ਇਹ ਨੋਟ ਕੀਤਾ ਗਿਆ ਕਿ ਭਾਰਤ ਅੰਦਰ ਸਬਸਿਡੀਆਂ ਤੱਕ ਪਹੁੰਚ ਦੀ ਪੱਧਤੀ ਵਿੱਚ ਪਛੜਿਆਪਨ ਹੈ, ਖ਼ਾਸ ਕਰਕੇ ਊਰਜਾ ਸਬਸਿਡੀਆਂ ਦੇ ਮਾਮਲੇ ਵਿੱਚ। ਇਸੇ ਪ੍ਰਕਾਰ, ਰਸੋਈ ਗੈਸ ਖਪਤਕਾਰ ਲਗਭਗ 36 ਪ੍ਰਤਿਸ਼ਤ ਦੀ ਸਬਸਿਡੀ ਦਰ ਦਾ ਲਾਭ ਲੈਂਦੇ ਹਨ (ਬਜ਼ਾਰ ਕੀਮਤ ਦੇ ਮੁਕਾਬਲੇ ਸਬਸਿਡੀ ਦੀ ਰਕਮ ਦਾ ਅਨੁਪਾਤ)। ਲਗਭਗ ਰਸੋਈ ਗੈਸ ਖਪਤ ਦਾ ਸਿਰਫ 9 ਪ੍ਰਤਿਸ਼ਤ ਹੀ ਇਸਤੇਮਾਲ ਕਰਦੇ ਹਨ। ਇਸ ਤੋਂ ਇਸ ਸਚਾਈ ਦਾ ਖੁਲਾਸਾ ਹੁੰਦਾ ਹੈ ਕਿ 91 ਪ੍ਰਤਿਸ਼ਤ ਸਬਸਿਡੀਆਂ ਦਾ ਫਾਇਦਾ ਰੱਜੇ-ਪੁੱਜੇ ਪਰਿਵਾਰ ਲੈ ਰਹੇ ਹਨ। ਆਖਰ ਵਿੱਚ, ਇਕ ਮੁਢਲੀ ਸਮੱਸਿਆ ਹੈ ਕਿ ਵਸਤੂ ਦੇ ਰੂਪ ਵਿੱਚ ਤਬਦੀਲੀ/ਭੁਗਤਾਨ ਕਰਨ ਨਾਲ ਪ੍ਰਾਪਤ ਕਰਤਾ ਇਹ ਫੈਸਲਾ ਕਰਨ ਜੋਗੇ ਨਹੀਂ ਰਹਿੰਦੇ ਕਿ ਉਨ੍ਹਾਂ ਦੀਆਂ ਵਿਸ਼ੇਸ਼ ਲੋੜਾਂ ਕੀ ਹਨ (ਘਟਕ, 2016)। ਇਸ ਲਈ, ਮੌਜੂਦਾ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਇਕ ਕਦਮ ਅਗਾਂਹ ਪੁੱਟਦਿਆਂ, ਇਕ ਸਮਾਨ ਬੁਨਿਆਦੀ ਆਮਦਨ (ਯੂ ਬੀ ਆਈ) ਨੀਤੀ ਉਤੇ ਅਮਲ ਕਰਨ ਨੂੰ ਅਰਥਸ਼ਾਸਤਰੀਆਂ ਵਲੋਂ ਵਿਚਾਰਿਆ ਜਾ ਰਿਹਾ ਹੈ। ਯੂ ਬੀ ਆਈ ਤਹਿਤ ਸਰਕਾਰ ਵਲੋਂ ਲੋਕਾਂ ਦੇ ਅਮੀਰ ਜਾਂ ਗਰੀਬ ਦਾ ਖ਼ਿਆਲ ਕੀਤੇ ਬਿਨਾਂ, ਬਿਨਾਂ ਸ਼ਰਤ, ਇਕ ਸਮਾਨ ਨਕਦ ਤਬਦੀਲੀ ਕੀਤੀ ਜਾਵੇਗੀ। 2016-17 ਦੇ ਆਰਥਿਕ ਸਰਵੇਖਣ ਵਿੱਚ ਜ਼ਿਕਰ ਹੈ ਕਿ ਯੂ ਬੀ ਆਈ ਉਤੇ ਅਮਲ ਹੋਣ ਨਾਲ, ਕਾਣੀ ਵੰਡ ਅਤੇ ਚੋਰੀਆਂ ਹੋਰ ਘਟਾਈਆਂ ਜਾ ਸਕਣਗੀਆਂ ਕਿਉਂਕਿ ਪੈਸਾ ਸਿੱਧਾ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਤਬਦੀਲ ਕੀਤਾ ਜਾਵੇਗਾ ਜਿਸ ਵਿੱਚ ਭਲਾਈ ਸੰਬੰਧਿਤ ਨੌਕਰਸ਼ਾਹੀ ਦੀ ਬਹੁਤ ਸੀਮਤ ਜਿਹੀ ਭੂਮਿਕਾ ਹੋਵੇਗੀ।

ਬਰਧਨ (2016) ਦਾ ਕਹਿਣਾ ਹੈ ਕਿ ਗਰੀਬੀ ਰੇਖਾ ਦੇ 75 ਪ੍ਰਤਿਸ਼ਤ ਉਤੇ ਨਿਰਧਾਰਤ ਕੀਤੀ ਬੁਨਿਆਦੀ ਆਮਦਨ ਕੁੱਝ ਭਲਾਈ ਪ੍ਰੋਗਰਾਮਾਂ ਦਾ ਹੀ ਬਦਲ ਬਣ ਸਕੇਗੀ, ਸਾਰਿਆਂ ਦਾ ਨਹੀਂ। ਉਨ੍ਹਾਂ ਮੁਤਾਬਕ ਜਨਤਕ ਸਿੱਖਿਆ, ਸਿਹਤ ਸੰਭਾਲ, ਬੱਚਿਆਂ ਦੇ ਪੋਸ਼ਣ ਪ੍ਰੋਗਰਾਮ ਅਤੇ ਜਨਤਕ ਕੰਮਾਂ ਦੇ ਰੋਜ਼ਗਾਰ ਗਰੰਟੀ ਦੇ ਪ੍ਰੋਗਰਾਮ ਬਣਾਈ ਰੱਖਣੇ ਮਹੱਤਵਪੂਰਨ ਹਨ। ਵਿੱਤੀ ਵਿਹਾਰਕਤਾ ਬਾਰੇ ਗੱਲ ਕਰਦਿਆਂ, ਜੇ ਯੂ ਬੀ ਆਈ ਦੀ ਰਕਮ ਪ੍ਰਤਿ ਵਿਅਕਤੀ ਪ੍ਰਤਿ ਸਾਲ 2014-15 ਦੀਆਂ ਕੀਮਤਾਂ ਦੇ ਮੁਤਾਬਕ ਮਹਿੰਗਾਈ ਦਰ ਸੂਚੀ ਦੇ 10,000 ਰੁਪਏ ਉਤੇ ਨਿਰਧਾਰਤ ਕਰ ਦਿੱਤੀ ਜਾਂਦੀ ਹੈ ਤਾਂ ਇਹ ਉਸ ਸਾਲ ਦੇ ਕੁੱਲ ਘਰੇਲੂ ਉਤਪਾਦ ਦਾ 10 ਪ੍ਰਤਿਸ਼ਤ ਹੋਵੇਗੀ। ਇੰਨੀ ਕੁ ਰਕਮ ਦੀ ਦੇਸ਼ ਅੰਦਰ ਚੱਲ ਰਹੀਆਂ ਪਿਛਾਂਹ ਖਿੱਚੂ ਸਬਸਿਡੀਆਂ ਅਤੇ ਅਕੁਸ਼ਲ ਭਲਾਈ ਪ੍ਰੋਗਰਾਮਾਂ ਦੇ ਚਲਦਿਆਂ ਵਿਵਸਥਾ ਕੀਤੀ ਜਾ ਸਕਦੀ ਹੈ।

ਬੈਨਰਜੀ (2016) ਅਤੇ ਘਟਕ (2016) ਵਲੋਂ ਨੋਟ ਕੀਤਾ ਗਿਆ ਕਿ ਮਗਨਰੇਗਾ ਅਤੇ ਜਨਤਕ ਵੰਡ ਪ੍ਰਣਾਲੀ ਵਰਗੀਆਂ ਸਕੀਮਾਂ ਦੁਰਭਾਵਨਾ ਵਾਲੀਆਂ ਹਨ ਅਤੇ ਭਾਰਤ ਸਬਸਿਡੀਆਂ ਘੱਟ ਕਰਕੇ, ਫਜ਼ੂਲ ਖਰਚ ਵਿੱਚ ਕਟੌਤੀ ਕਰਕੇ ਅਤੇ ਕਰ ਵਿਵਸਥਾ ਵਿੱਚ ਸੁਧਾਰ ਕਰਕੇ ਬੁਨਿਆਦੀ ਆਮਦਨ ਪ੍ਰਦਾਨ ਕਰ ਸਕਦਾ ਹੈ। ਰੇਅ (2016) ਨੇ ਸਵਾਲ ਉਠਾਇਆ ਕਿ ਨਾਗਰਿਕਾਂ ਨੂੰ ਦਿੱਤੀ ਜਾਣ ਵਾਲੀ ਬੁਨਿਆਦੀ ਆਮਦਨ ਆਧੁਨਿਕ ਇਲੈਕਟ੍ਰਾਨਿਕ ਭੁਗਤਾਨ ਢਾਂਚੇ ਨੂੰ ਏਕੀਕ੍ਰਿਤ ਕਰਕੇ, ਦੇਸ਼ ਦੇ ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ ਨਿਰਧਾਰਤ ਕੀਤੀ ਜਾ ਸਕਦੀ ਹੈ। ਦੇਸ਼ ਅੰਦਰ ਆਧੁਨਿਕ ਇਲੈਕਟ੍ਰਾਨਿਕ ਭੁਗਤਾਨ ਢਾਂਚਾ ਹੌਲੀ-ਹੌਲੀ ਵਿਕਸਤ ਹੋ ਰਿਹਾ ਹੈ ਅਤੇ ਇਕਸਮਾਨ ਬੁਨਿਆਦੀ ਆਮਦਨ, ਨੌਕਰਸ਼ਾਹੀ ਦੀਆਂ ਸਫਾਂ ਨੂੰ ਬਾਹਰ ਰੱਖ ਕੇ, ਭਾਰਤ ਨੂੰ ਗਰੀਬੀ ਨਾਲ ਲੜਨ ਵਿੱਚ ਮਦਦ ਕਰ ਸਕਦੀ ਹੈ। ਯੂ ਬੀ ਆਈ ਦਾ ਮੁੱਖ ਲਾਭ ਇਹ ਹੈ ਕਿ ਇਹ ਸੇਧਿਤ ਸਮੱਸਿਆ ਤੋਂ ਲਾਂਭੇ ਹੈ ਕਿਉਂਕਿ ਭੁਗਤਾਨ ਇਕ ਸਮਾਨ ਹੋਵੇਗਾ। ਇਸ ਨੂੰ ਆਰਥਿਕ ਵਿਕਾਸ ਪ੍ਰਕਿਰਿਆ ਵਿਚਲੀਆਂ ਵਧ ਰਹੀਆਂ ਗ਼ੈਰ-ਬਰਾਬਰੀਆਂ ਦਾ ਘਰ ਪੂਰਾ ਕਰਨ ਲਈ ਇਕ ਤਬਦੀਲੀ ਦੇ ਤੌਰ ਤੇ ਵੀ ਕਲਪਿਤ ਕੀਤਾ ਜਾ ਰਿਹਾ ਹੈ।

ਵਿੱਤੀ ਸੁਦ੍ਰਿੜ੍ਹੀਕਰਨ ਅਤੇ ਵਿੱਤੀ ਨਿਯਮਾਂ ਦੀ ਪਿੱਠਭੂਮੀ ਵਿੱਚ ਭਾਰਤ ਨੂੰ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦੇ 3 ਪ੍ਰਤਿਸ਼ਤ ਤੋਂ ਹੇਠਾਂ ਰੱਖਣ ਦੀ ਲੋੜ ਹੈ (ਚੱਕਰਬਰਤੀ, 2016 ਬੀ)। ਸਬਸਿਡੀ ਪ੍ਰਬੰਧਨ ਪ੍ਰਦਾਲੀ ਨੂੰ ਸਰਲ ਕਰਨ ਅਤੇ ਵਿੱਤੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਡਿਜੀਟਲਕਰਨ ਦੀ ਭੂਮਿਕਾ ਸਪੱਸ਼ਟ ਹੈ ਜਿਸ ਨਾਲ ਸਰੋਤਾਂ ਦੀ ਯੋਗ ਵਰਤੋਂ ਹੋ ਸਕੇਗੀ।

*(ਲੇਖਕ ਕ੍ਰਮਵਾਰ ਵਿੱਤ ਮੰਤਰਾਲੇ ਦੇ ਖੁਦਮੁਖਤਿਆਰ ਖੋਜ ਸੰਸਥਾਨ ਜਨਤਕ ਵਿੱਤ ਅਤੇ ਨੀਤੀ ਬਾਰੇ ਰਾਸ਼ਟਰੀ ਸੰਸਥਾ ਵਿੱਚ ਸਹਾਇਕ ਪ੍ਰੋਫੈਸਰ ਹਨ। ਐੱਨ ਆਈ ਪੀ ਐਫ ਪੀ ਵਿੱਚ ਇਕ ਇਨਟਰਨ ਹਨ।*

*e-mail :lekhachakraborty@gmail.com*
*:samiksha.agarwal94@gmail.com*

# ਮਜਬੂਤ ਵਿੱਤ ਪ੍ਰਬੰਧਨ ਲਈ 7 ਕਦਮ

ਸ਼ਿਸ਼ਿਰ ਸਿਨਹਾ

ਇਕ ਚੁਣੀ ਹੋਈ ਸਰਕਾਰ ਨੂੰ ਬਹੁਤ ਸਾਰੇ ਸਮੂਹਾਂ ਨੂੰ ਸੰਤੁਸ਼ਟ ਕਰਨਾ ਹੁੰਦਾ ਹੈ। ਇਕ ਸਮੂਹ ਮਤਦਾਤਾਵਾਂ ਦਾ ਹੋ ਸਕਦਾ ਹੈ (ਜਿਸ ਵਿੱਚ ਸੱਤਾਧਾਰੀ ਧਿਰ/ਸਾਂਝੀ ਸਰਕਾਰ ਦੇ ਹੱਕ ਵਿੱਚ ਅਤੇ ਖਿਲਾਫ ਵੋਟ ਪਾਉਣ ਵਾਲੇ ਦੋਨੋਂ ਸ਼ਾਮਲ ਹੋ ਸਕਦੇ ਹਨ)। ਇਕ ਹੋਰ ਸਮੂਹ ਅਰਥਸ਼ਾਸਤਰੀਆਂ, ਦਰਜਾਬੰਦੀ ਏਜੰਸੀਆਂ, ਮੁਲਾਂਕਣਕਾਰਾਂ ਆਦਿ ਦਾ ਹੋ ਸਕਦਾ ਹੈ। ਪਹਿਲੇ ਸਮੂਹ ਦੀ ਇੱਛਾ ਜ਼ਿਆਦਾ ਤੋਂ ਜ਼ਿਆਦਾ ਭਲਾਈ ਸਕੀਮਾਂ ਦੀ ਹੋ ਸਕਦੀ ਹੈ ਜਦ ਕਿ ਦੂਸਰਾ ਸਮੂਹ ਕਹੇਗਾ ਕਿ ਸਰਕਾਰ ਨੂੰ ਪੂੰਜੀਗਤ ਖਰਚ ਉਤੇ ਵੱਧ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਕਾਰਪੋਰੇਟ ਜਗਤ ਦਾ ਇਕ ਤੀਸਰਾ ਸਮੂਹ ਵੀ ਹੋ ਸਕਦਾ ਹੈ। ਇਸ ਸਮੂਹ ਲਈ ਜ਼ਿਆਦਾ ਤੋਂ ਜ਼ਿਆਦਾ ਕਰ ਲਾਭ/ਰਿਆਇਤਾਂ ਪ੍ਰਾਪਤ ਕਰਨੀਆਂ ਅਹਿਮ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਜਨਤਾ ਲਈ ਜ਼ਿਆਦਾ ਤੋਂ ਜ਼ਿਆਦਾ ਭਲਾਈ ਸਕੀਮਾਂ ਉਤੇ ਖਰਚਾ ਕਰਨਾ ਹੋਰ ਕੁੱਝ ਨਹੀਂ, ਸਿਰਫ ਲੋਕ ਲੁਭਾਊ ਹੈ।

ਹੁਣ, ਕਿਸੇ ਵੀ ਵਿੱਤ ਮੰਤਰੀ ਲਈ ਇਨ੍ਹਾਂ ਤਿੰਨਾਂ ਸਮੂਹਾਂ ਨੂੰ ਸੰਤੁਸ਼ਟ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਉਸ ਨੂੰ ਲੋਕਾਂ ਨੂੰ ਖ਼ੁਸ਼ ਕਰਨਾ ਪਵੇਗਾ ਕਿਉਂਕਿ ਉਸ ਦੀ ਪਾਰਟੀ ਮਿਆਦ ਪੂਰੀ ਕਰਨ ਤੋਂ ਬਾਅਦ ਵੋਟਾਂ ਮੰਗਣ ਲਈ ਇਕ ਵਾਰ ਫਿਰ ਲੋਕਾਂ ਦੀ ਕਚਹਿਰੀ ਵਿੱਚ ਜਾਵੇਗੀ। ਉਸ ਨੂੰ ਮੁਲਾਂਕਣਕਾਰਾਂ ਅਤੇ ਦਰਜਾਬੰਦੀ ਏਜੰਸੀਆਂ ਦੇ ਸਮੂਹਾਂ ਨੂੰ ਵੀ ਸੰਤੁਸ਼ਟ ਕਰਨਾ ਪਵੇਗਾ ਕਿਉਂਕਿ ਉਹ ਧਾਰਨਾ ਬਣਾਉਣਗੇ ਅਤੇ ਖ਼ੁਦਮੁਖ਼ਤਿਆਰ ਦਰਜਾਬੰਦੀ ਦੇਣਗੇ, ਜੋ ਨਿਵੇਸ਼ ਨੂੰ ਆਕਰਸ਼ਿਤ ਕਰੇਗੀ।

ਕਿਰਪਾ ਕਰਕੇ ਯਾਦ ਰੱਖਿਆ ਜਾਵੇ ਕਿ ਵਿਦੇਸ਼ੀ ਨਿਵੇਸ਼ ਠੀਕ ਹੈ ਪਰ ਤੁਹਾਨੂੰ ਆਪਣੇ ਉੱਦਮੀ, ਆਪਣੇ ਸੱਨਅਤਕਾਰ ਵੀ ਚਾਹੀਦੇ ਹਨ ਜੋ ਆਪਣਾ ਪੈਸਾ ਲਾ ਕੇ ਉਦਯੋਗ ਸਥਾਪਤ ਕਰਨਗੇ, ਜਿਸ ਕਰਕੇ ਤੁਹਾਨੂੰ ਤੀਜੇ ਸਮੂਹ ਨੂੰ ਵੀ ਖ਼ੁਸ਼ ਕਰਨ ਦੀ ਜ਼ਰੂਰਤ ਪਵੇਗੀ। ਸੋ, ਇਨ੍ਹਾਂ ਤਿੰਨਾਂ ਲਈ ਇਕ ਸਾਂਝਾ ਤੰਤਰ ਕੀ ਹੋ ਸਕਦਾ ਹੈ? ਇਸ ਨੂੰ ਮਜਬੂਤ ਵਿੱਤ ਪ੍ਰਬੰਧਨ ਆਖਿਆ ਜਾਂਦਾ ਹੈ ਜੋ ਅੱਗੇ ਜਾ ਕੇ ਵਿੱਤੀ ਸੁਦ੍ਰਿੜ੍ਹੀਕਰਨ ਬਣ ਜਾਂਦਾ ਹੈ।

ਕਿਰਪਾ ਕਰਕੇ ਯਾਦ ਰੱਖਿਓ ਮਜਬੂਤ ਵਿੱਤ ਪ੍ਰਬੰਧਨ ਨੀਤੀਆਂ ਨੂੰ ਸਿਰਫ ਹਿਸਾਬ-ਕਿਤਾਬ ਅਤੇ ਸਖਤ ਕਦਮਾਂ ਦੀ ਹੀ ਲੋੜ ਨਹੀਂ ਹੁੰਦੀ ਸਗੋਂ ਵਿਵਹਾਰਕ ਪਹੁੰਚ, ਮਾਨਵੀ ਚਿਹਰੇ ਅਤੇ ਨਤੀਜੇ ਦਿਖਾਉਣ ਲਈ ਇਕ ਤੰਤਰ ਦੀ ਵੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ, ਸਰਕਾਰ ਦੀ ਮਜਬੂਤ ਵਿੱਤ ਪ੍ਰਬੰਧਨ ਨੀਤੀ ਨਾਲ ਸੰਬੰਧਿਤ ਸੱਤ ਮਹੱਤਵਪੂਰਨ ਮੁੱਦੇ ਦਿੱਤੇ ਜਾ ਰਹੇ ਹਨ।

### ਕੋਲੇ ਅਤੇ ਵੱਖ-ਵੱਖ ਖਣਿਜਾਂ ਅਤੇ ਸਪੈਕਟ੍ਰਮ ਦੀ ਨਿਲਾਮੀ

ਕੁਦਰਤੀ ਸਰੋਤਾਂ ਦੇ ਆਵੰਟਨ ਲਈ ਪਹਿਲਾਂ ਵਾਲੀ 'ਪਹਿਲੇ ਆਉ, ਪਹਿਲਾਂ ਪਾਉ' ਵਾਲੀ ਨੀਤੀ ਭ੍ਰਿਸ਼ਟਾਚਾਰ ਦੇ ਮੱਕੜ ਜਾਲ ਵਿੱਚ ਫਸ ਗਈ। ਇਹ ਗੱਲ ਸਹੀ ਸਾਬਤ ਹੋਈ ਜਦੋਂ ਭਾਰਤ ਦੀ ਸਰਵਉਚ ਅਦਾਲਤ (ਸੁਪਰੀਮ ਕੋਰਟ) ਨੇ ਆਪਣੇ 25 ਅਗਸਤ, 2014 ਦੇ ਫੈਸਲੇ ਰਾਹੀਂ 204 ਕੋਲਾ ਬਲਾਕਾਂ ਦੇ ਆਵੰਟਨ ਨੂੰ ਰੱਦ ਕਰ ਦਿੱਤਾ। ਇਸੇ ਮੁਤਾਬਕ, ਫੈਸਲਾ ਕੀਤਾ ਗਿਆ ਕਿ ਇਹ ਥਾਵਾਂ ਨਿਲਾਮੀ ਜਾਂ ਆਵੰਟਨ ਰਾਹੀਂ ਸਰਕਾਰੀ ਕੰਪਨੀਆਂ ਲਈ ਨਿਰਧਾਰਣ ਕੀਤੀਆਂ ਜਾਣਗੀਆਂ। ਸੋ, ਇਕ ਆਰਡੀਨੈਂਸ ਜਾਰੀ ਕੀਤਾ ਗਿਆ ਜਿਸ ਨੂੰ ਬਾਅਦ ਵਿੱਚ ਕਾਨੂੰਨ ਦਾ ਰੂਪ ਦੇ ਦਿੱਤਾ ਗਿਆ ਤਾਂ ਕਿ ਸਰਕਾਰੀ ਕੰਪਨੀਆਂ ਨੂੰ ਨਿਲਾਮੀ ਅਤੇ ਆਵੰਟਨ ਦੀ ਪ੍ਰਕਿਰਿਆ ਨੂੰ ਸਹਿਜ ਬਣਾਇਆ ਜਾ ਸਕੇ। ਹੁਣ ਤੱਕ ਕੋਲੇ ਦੀਆਂ 82 ਖਾਣਾਂ (ਜਿਸ ਵਿੱਚ ਰਾਜ ਸਰਕਾਰਾਂ ਦੇ ਪ੍ਰਾਧਿਕਰਣਾਂ ਨੂੰ ਕੋਲੇ ਦੀ ਵਿਕਰੀ ਲਈ ਅਲਾਟ ਕੀਤੀਆਂ 6 ਕੋਲਾ ਖਾਣਾਂ ਸ਼ਾਮਲ ਹਨ) ਨੂੰ ਨਿਲਾਮੀ/ਆਵੰਟਨ ਦੁਆਰਾ ਨਿਰਧਾਰਣ ਕੀਤਾ ਗਿਆ ਹੈ। ਇਨ੍ਹਾਂ 82 ਕੋਲਾ ਖਾਣਾਂ ਵਿੱਚੋਂ 31 ਈ-ਨਿਲਾਮੀ ਦੁਆਰਾ ਅਤੇ 51 ਆਵੰਟਨ ਰਾਹੀਂ ਨਿਰਧਾਰਣ ਕੀਤੀਆਂ ਗਈਆਂ ਹਨ।

ਨਵੀਂ ਪ੍ਰਕਿਰਿਆ ਦਾ ਖ਼ਜ਼ਾਨੇ ਨੂੰ ਕੀ ਲਾਭ ਹੋਇਆ? ਭਾਵੇਂ ਕਿ ਸਰਕਾਰ ਵਲੋਂ 2004-2014 ਦਰਮਿਆਨ ਕੋਲਾ ਬਲਾਕਾਂ ਦੇ ਆਵੰਟਨ ਕਾਰਨ ਸਰਕਾਰੀ ਖ਼ਜ਼ਾਨੇ ਨੂੰ ਕਿਸੇ ਵਿੱਤੀ ਨੁਕਸਾਨ ਦਾ ਅਨੁਮਾਨ ਨਹੀਂ ਲਾਇਆ ਗਿਆ, ਪਰ ਭਾਰਤ ਦੇ ਲੇਖਾ ਨਿਯੰਤ੍ਰਕ ਅਤੇ ਮਹਾਲੇਖਾ ਪ੍ਰੀਖਿਅਕ (ਸੀ ਏ ਜੀ) ਨੇ 'ਕੋਲਾ ਬਲਾਕਾਂ ਦੇ ਆਵੰਟਨ ਅਤੇ ਕੋਲੇ ਦੇ ਉਤਪਾਦਨ ਵਿੱਚ ਵਾਧੇ' ਸੰਬੰਧੀ ਆਪਣੀ ਰਿਪੋਰਟ ਵਿੱਚ ਜ਼ਿਕਰ ਕੀਤਾ ਹੈ ਕਿ, ''ਆਡਿਟ ਨੇ 1.86 ਲੱਖ ਕਰੋੜ ਰੁਪਏ ਦੇ ਲਾਭ ਨਿੱਜੀ ਕੋਲਾ ਬਲਾਕ ਅਲਾਟੀਆਂ ਨੂੰ ਪੁੱਜਣ ਦਾ ਅਨੁਮਾਨ ਲਾਇਆ ਹੈ (ਸਾਲ 2010-11 ਵਿੱਚ ਔਸਤ ਉਤਪਾਦਨ ਲਾਗਤ ਅਤੇ ਕੋਲ ਇੰਡੀਆ ਲਿਮਿਟਿਡ ਦੀ ਖਾਣਾਂ ਦੀ ਔਸਤ ਵਿਕਰੀ ਕੀਮਤ ਉਤੇ ਆਧਾਰਤ)। ਹੁਣ ਅਨੁਮਾਨ ਲਾਇਆ ਗਿਆ ਹੈ ਕਿ ਨਿਲਾਮੀ/ਆਵੰਟਨ ਤੋਂ 4 ਲੱਖ ਕਰੋੜ ਰੁਪਏ ਤੋਂ ਵੱਧ ਪ੍ਰਾਪਤ ਹੋਣਗੇ ਅਤੇ ਇਹ ਲਾਭ ਕੋਲੇ ਨਾਲ ਸਮਰਿੱਧ ਰਾਜਾਂ ਜਿਵੇਂ ਪੱਛਮੀ ਬੰਗਾਲ, ਝਾਰਖੰਡ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਨੂੰ ਦਿੱਤਾ ਜਾਵੇਗਾ। ਦੂਸਰੇ ਖਣਿਜਾਂ ਦੇ ਮਾਮਲੇ ਵਿੱਚ, ਰਾਜ ਸਰਕਾਰਾਂ ਨੂੰ ਖਾਣਾਂ ਅਤੇ ਖਣਿਜਾਂ (ਵਿਕਾਸ ਅਤੇ ਨਿਯਮਕ) ਸੋਧ ਐਕਟ, 2015 ਦੇ ਮੁਤਾਬਕਖਾਣਾਂ/ ਖਣਿਜ ਬਲਾਕਾਂ ਦੀ ਨਿਲਾਮੀ ਕਰਨ ਦੀ ਤਾਕਤ ਹਾਸਲ ਹੈ। ਹੁਣ ਤੱਕ ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਝਾਰਖੰਡ, ਕਰਨਾਟਕ, ਓਡੀਸ਼ਾ, ਰਾਜਸਥਾਨ ਅਤੇ

ਮੱਧ ਪ੍ਰਦੇਸ਼ ਵਿੱਚ 21 ਖਣਿਜ ਬਲਾਕ ਸਫਲਤਾ-ਪੂਰਵਕ ਨਿਲਾਮ ਕੀਤੇ ਜਾ ਚੁੱਕੇ ਹਨ। ਇਕ ਅੰਦਾਜ਼ੇ ਮੁਤਾਬਕ ਇਨ੍ਹਾਂ ਨਿਲਾਮੀਆਂ ਤੋਂ ਰਾਜਾਂ ਨੂੰ 50,000 ਕਰੋੜ ਤੋਂ ਵੱਧ ਆਮਦਨ ਹੋਵੇਗੀ। 10 ਰਾਜਾਂ ਵਿੱਚ 71 ਹੋਰ ਖਾਣਾਂ/ਖਣਿਜ ਬਲਾਕਾਂ ਦੀ ਨਿਲਾਮੀ ਕੀਤੀ ਜਾਣੀ ਹੈ।

ਸਪੈਕਟ੍ਰਮ ਇਕ ਹੋਰ ਉਦਾਹਰਣ ਹੈ ਜਿਥੇ ਨਿਲਾਮੀ ਦੇ ਚੰਗੇ ਨਤੀਜੇ ਮਿਲੇ ਹਨ। ਭਾਵੇਂ ਕਿ ਨਿਲਾਮੀ ਪ੍ਰਕਿਰਿਆ 2012 ਵਿੱਚ ਆਰੰਭ ਹੋਈ, ਪਰ ਇਸ ਨੇ ਰਫ਼ਤਾਰ ਮੌਜੂਦਾ ਸਰਕਾਰ ਵਲੋਂ ਕਾਰਜਭਾਰ ਸੰਭਾਲਣ ਤੋਂ ਬਾਅਦ ਹੀ ਫੜੀ। ਸਰਕਾਰ ਦਾ ਦਾਅਵਾ ਹੈ ਕਿ ਇਸ ਦੇ ਕਾਰਜਕਾਲ ਦੇ ਪਹਿਲੇ ਤਿੰਨ ਸਾਲਾਂ ਵਿੱਚ ਕੋਈ ਨੁਕਸਾਨ ਨਹੀਂ ਹੋਇਆ। ਸਰਕਾਰ ਨੂੰ 2014-15 ਦੇ 'ਸਿਫਰ' ਟੀਚੇ ਦੇ ਖਿਲਾਫ਼ 10,791.08 ਰੁਪਏ ਪ੍ਰਾਪਤ ਹੋਏ। ਇਹ ਸਪੱਸ਼ਟ ਹੈ ਕਿ ਕੁਦਰਤੀ ਸਰੋਤਾਂ ਦੀ ਵੰਡ ਦੀ ਰਵਾਇਤੀ ਪ੍ਰਕਿਰਿਆ ਦੇ ਮੁਕਾਬਲੇ ਨਿਲਾਮੀ ਨੇ ਖ਼ਜ਼ਾਨੇ ਨੂੰ ਵੱਧ ਮਾਲਾਮਾਲ ਕੀਤਾ ਹੈ। ਸਭ ਤੋਂ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਈ-ਨਿਲਾਮੀ ਸ਼ੁਰੂ ਹੋਣ ਨਾਲ ਇਹ ਪ੍ਰਕਿਰਿਆ ਹੋਰ ਜ਼ਿਆਦਾ ਪਾਰਦਰਸ਼ੀ ਹੋ ਗਈ ਹੈ। ਨਿਲਾਮੀ ਦੀ ਪ੍ਰਕਿਰਿਆ ਦੀ ਪ੍ਰਸ਼ੰਸਾ ਕਰਦਿਆਂ ਫੋਰਬਜ਼ ਰਸਾਲੇ ਵਿੱਚ ਕਿਹਾ ਗਿਆ, ''ਕੁਦਰਤੀ ਸਰੋਤਾਂ ਦੀ ਖੋਜ ਅਤੇ ਵਰਤੋਂ ਦੇ ਹੱਕਾਂ ਅਤੇ ਆਵੰਟਨ ਦਾ ਇਹ ਬਿਲਕੁਲ ਠੀਕ ਤਰੀਕਾ ਹੈ। ਇਹ ਉਨ੍ਹਾਂ ਕੁੱਝ ਹੋਰ ਕਦਮਾਂ ਵਿੱਚੋਂ ਇਕ ਕਦਮ ਹੈ ਜਿਨ੍ਹਾਂ ਨਾਲ ਭਾਰਤ ਹੁਣ ਤੋਂ ਵੀ ਜ਼ਿਆਦਾ ਧਨੀ ਦੇਸ਼ ਬਣਨ ਦੇ ਰਾਹ ਉਤੇ ਪੈ ਸਕਦਾ ਹੈ। ਇਸ ਮਸਲੇ ਨਾਲ ਨਜਿੱਠਣ ਦਾ ਇਹੀ ਠੀਕ ਤਰੀਕਾ ਹੈ।"

## ਜੇ ਏ ਐੱਮ ਤਿੱਕੜੀ

ਜੇ ਨਿਲਾਮੀ ਮਜਬੂਤ ਵਿੱਤ ਪ੍ਰਬੰਧਨ ਨੀਤੀ ਲਈ ਇਕ ਵਿਹਾਰਕ ਪਹੁੰਚ ਸੀ ਤਾਂ 'ਜੇ ਏ ਐੱਮ' ਇਸ ਨੂੰ ਮਾਨਵੀ ਚਿਹਰਾ ਪ੍ਰਦਾਨ ਕਰਦੀ ਹੈ। ਜੇ ਏ ਐੱਮ ਦਾ ਮਤਲਬ ਹੈ ਜਨ ਧਨ, ਅਧਾਰ ਅਤੇ ਮੋਬਾਈਲ। ਜੇ ਏ ਐੱਮ ਦੀ ਗਹਿਰਾਈ ਵਿੱਚ ਜਾਣ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਸਾਨੂੰ ਇਸ ਦੀ ਲੋੜ ਕਿਉਂ ਹੈ। ਸਰਕਾਰ ਵਲੋਂ ਹਰੇਕ ਸਾਲ ਭਲਾਈ ਸਕੀਮਾਂ ਉਤੇ ਅਰਬਾਂ ਰੁਪਏ ਖਰਚ ਕੀਤੇ ਜਾਂਦੇ ਹਨ ਜਿਸ ਦਾ ਉਦੇਸ਼ ਜਨਤਾ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣਾ ਹੈ। ਅਜਿਹੇ ਖਰਚੇ ਦਾ ਸਭ ਤੋਂ ਮਹੱਤਵਪੂਰਨ ਸੰਦ ਸਬਸਿਡੀ ਹੈ। 2015-16 ਦੇ ਆਰਥਿਕ ਸਰਵੇਖਣ ਵਿੱਚ ਲਿਖਿਆ ਹੈ ਕਿ ਭਾਰਤ ਅੰਦਰ ਗਰੀਬੀ ਖਿਲਾਫ਼ ਚਰਚਾ ਦਾ ਕੀਮਤ ਸਬਸਿਡੀਆਂ ਇਕ ਮਹੱਤਵਪੂਰਨ ਹਿੱਸਾ ਹਨ ਅਤੇ ਸਰਕਾਰ ਦੀਆਂ ਨੀਤੀਆਂ ਦਾ ਵੀ। ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਵਲੋਂ ਕਈ ਪ੍ਰਕਾਰ ਦੇ ਉਤਪਾਦਾਂ ਉਤੇ ਸਬਸਿਡੀ ਦਿੱਤੀ ਜਾਂਦੀ ਹੈ ਜਿਸ ਦੀ ਜ਼ਾਹਰਾ ਮਨਸ਼ਾ ਇਨ੍ਹਾਂ ਉਤਪਾਦਾਂ ਨੂੰ ਗਰੀਬਾਂ ਦੀ ਪਹੁੰਚ ਵਿੱਚ ਲਿਆਉਣ ਦੀ ਹੁੰਦੀ ਹੈ। ਚਾਵਲ, ਕਣਕ, ਦਾਲਾਂ, ਖੰਡ, ਮਿੱਟੀ ਦਾ ਤੇਲ, ਰਸੋਈ ਗੈਸ, ਨਾਪਥਾ, ਪਾਣੀ, ਬਿਜਲੀ, ਡੀਜ਼ਲ, ਖਾਦਾਂ, ਕੱਚਾ ਲੋਹਾ, ਰੇਲਵੇ - ਇਹ ਸਿਰਫ ਕੁੱਝ ਕੁ ਵਸਤਾਂ ਤੇ ਸੇਵਾਵਾਂ ਹਨ ਜਿਨ੍ਹਾਂ ਉਤੇ ਸਰਕਾਰ ਸਬਸਿਡੀ ਦਿੰਦੀ ਹੈ। ਉਪਰ ਵਰਣਿਤ ਇਨ੍ਹਾਂ ਸਬਸਿਡੀਆਂ ਦੀ ਅੰਦਾਜ਼ਨ ਸਿੱਧੀ ਵਿੱਤੀ ਲਾਗਤ ਲਗਭਗ 378,000 ਕਰੋੜ ਜਾਂ ਕੁੱਲ ਘਰੇਲੂ ਉਤਪਾਦ ਦਾ 4.24 ਪ੍ਰਤਿਸ਼ਤ ਹੈ। ਹੁਣ ਵੱਡਾ ਸਵਾਲ ਇਹ ਹੈ ਕਿ ਸਭ ਤੋਂ ਵੱਧ ਫਾਇਦਾ ਕਿਸ ਨੂੰ ਮਿਲਦਾ ਹੈ, ਗਰੀਬ ਨੂੰ ਜਾਂ ਦੂਜਿਆਂ ਨੂੰ? ਇਕ ਹੋਰ ਸਵਾਲ ਹੈ ਕਿ ਕੀ ਗਰੀਬਾਂ ਨੂੰ ਸੱਚਮੁਚ ਇਹ ਲਾਭ ਪ੍ਰਾਪਤ ਹੁੰਦੇ ਹਨ?

2015-16 ਦਾ ਆਰਥਿਕ ਸਰਵੇਖਣ ਇਹ ਆਖਦਿਆਂ ਪਹਿਲੇ ਸਵਾਲ ਦਾ ਜਵਾਬ ਦਿੰਦਾ ਹੈ ਕਿ ਕੀਮਤ ਸਬਸਿਡੀਆਂ ਅਕਸਰ ਪਿਛਾਂਹ ਖਿੱਚੂ ਹੁੰਦੀਆਂ ਹਨ। ਪਿਛਾਂਹਖਿੱਚੂ ਦਾ ਮਤਲਬ ਹੈ ਕਿ ਗਰੀਬ ਪਰਿਵਾਰ ਦੀ ਬਜਾਇ ਅਮੀਰ ਪਰਿਵਾਰ ਇਨ੍ਹਾਂ ਸਬਸਿਡੀਆਂ ਦਾ ਵੱਧ ਲਾਹਾ ਲੈ ਜਾਂਦੇ ਹਨ। ਰਸੋਈ ਗੈਸ (ਐੱਲ ਪੀ ਜੀ) ਦੀ ਮਿਸਾਲ ਲੈ ਲਵੋ। ਇਹ ਆਖਿਆ ਜਾਂਦਾ ਹੈ ਕਿ ਸਭ ਤੋਂ ਗਰੀਬ 50 ਪ੍ਰਤਿਸ਼ਤ ਪਰਿਵਾਰ ਸਿਰਫ 25 ਪ੍ਰਤਿਸ਼ਤ ਰਸੋਈ ਗੈਸ ਦੀ ਖਪਤ ਕਰਦੇ ਹਨ। ਇਹ ਕਿਹਾ ਜਾਂਦਾ ਹੈ ਕਿ ਬਹੁਤ ਘੱਟ ਆਮਦਨ ਵਾਲੇ ਲੋਕਾਂ ਲਈ ਰਸੋਈ ਗੈਸ ਤੇ ਮਹੀਨਾਵਾਰ ਭਲਾਈ ਲਾਭ ਪ੍ਰਤਿ ਵਿਅਕਤੀ 10 ਰੁਪਏ ਤੋਂ ਵੀ ਘੱਟ ਹੈ ਜਦ ਕਿ ਉੱਚ ਆਮਦਨ ਵਾਲੇ ਲੋਕਾਂ ਨੂੰ ਮਹੀਨਾਵਾਰ ਭਲਾਈ ਲਾਭ ਪ੍ਰਤਿ ਵਿਅਕਤੀ 80 ਰੁਪਏ ਦੇ ਲਗਭਗ ਹੋ ਜਾਂਦਾ ਹੈ। ਮਿੱਟੀ ਦੇ ਤੇਲ ਦੇ ਮਾਮਲੇ ਵਿੱਚ ਵੀ, ਜਿਸ ਨੂੰ ਜ਼ਿਆਦਾਤਰ ਗਰੀਬਾਂ ਵਲੋਂ ਇਸਤੇਮਾਲ ਕੀਤਾ ਜਾਂਦਾ ਸਮਝਿਆ ਜਾਂਦਾ ਹੈ, 2015-16 ਦਾ ਆਰਥਿਕ ਸਰਵੇਖਣ ਕਹਿੰਦਾ ਹੈ ਕਿ ਸਬਸਿਡੀ ਵਾਲੇ ਮਿੱਟੀ ਦੇ ਤੇਲ ਦੀ ਸਿਰਫ 46 ਪ੍ਰਤਿਸ਼ਤ ਖਪਤ ਹੀ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਅਤੇ ਅੰਤੋਦਿਆ ਅੰਨ ਯੋਜਨਾ (ਏ ਏ ਵਾਈ) ਕਾਰਡ ਧਾਰਕਾਂ ਵਲੋਂ ਕੀਤੀ ਜਾਂਦੀ ਹੈ ਅਤੇ ਸਿਰਫ 49 ਪ੍ਰਤਿਸ਼ਤ ਹੀ ਉਨ੍ਹਾਂ ਪਰਿਵਾਰਾਂ ਵਲੋਂ ਖਪਤ ਕੀਤਾ ਜਾਂਦਾ ਹੈ ਜੋ ਖਰਚ ਵੰਡ ਦੀ ਬਿਲਕੁਲ ਹੇਠਲੀ ਸਤਹ ਉਤੇ ਹਨ। ਇਹ ਸਾਫ ਦਰਸਾਉਂਦਾ ਹੈ ਕਿ ਬਹੁ-ਗਿਣਤੀ (51 ਪ੍ਰਤਿਸ਼ਤ) ਸਬਸਿਡੀ ਵਾਲਾ ਮਿੱਟੀ ਦਾ ਤੇਲ ਗ਼ੈਰ-ਗਰੀਬ ਲੋਕਾਂ ਵਲੋਂ ਖਪਤ ਕੀਤਾ ਜਾਂਦਾ ਹੈ ਅਤੇ ਲਗਭਗ 15 ਪ੍ਰਤਿਸ਼ਤ ਸਬਸਿਡੀ ਵਾਲਾ ਮਿੱਟੀ ਦਾ ਤੇਲ ਮੁਕਾਬਲਤਨ ਅਮੀਰ ਪਰਿਵਾਰਾਂ ਵਲੋਂ ਵਰਤਿਆ ਜਾਂਦਾ ਹੈ (ਸਭ ਤੋਂ ਅਮੀਰ 40 ਪ੍ਰਤਿਸ਼ਤ)। ਇਸ ਦਾ ਮਤਲਬ ਹੈ ਕਿ ਬਹੁਤ ਸਾਰੀ ਚੋਰੀ ਹੁੰਦੀ ਹੈ ਜੋ ਮਜਬੂਤ ਵਿੱਤ ਪ੍ਰਬੰਧਨ ਨੀਤੀ ਦੇ ਬੁਨਿਆਦੀ ਸਿਧਾਂਤ ਦੇ ਖ਼ਿਲਾਫ਼ ਹੈ। ਫਿਰ ਰਸਤਾ ਕੀ ਹੈ? ਜਵਾਬ ਹੈ - ਉਨ੍ਹਾਂ ਦੀ ਪਛਾਣ ਕਰੋ ਜੋ ਸਹੀ ਮਾਅਨਿਆਂ ਵਿੱਚ ਸਰਕਾਰੀ ਸਹਾਇਤਾ ਜਾਂ ਇਮਦਾਦ ਦੇ ਲੋੜਵੰਦ ਹਨ। ਕਈ ਨਿਸ਼ਾਨਦੇਹੀ ਵਾਲੀਆਂ ਸਕੀਮਾਂ ਮੌਜੂਦ ਹਨ ਜੋ ਸਫਲ ਨਹੀਂ ਹੋਈਆਂ ਕਿਉਂਕਿ ਉਨ੍ਹਾਂ ਵਿੱਚ ਨਿਸ਼ਾਨਦੇਹੀ ਵਾਲੇ ਲੋਕਾਂ ਦੀ ਪਛਾਣ ਕਰਨ ਦਾ ਕੋਈ ਵਿਗਿਆਨਕ ਅਤੇ ਪਾਰਦਰਸ਼ੀ ਤੰਤਰ ਨਹੀਂ ਸੀ। ਨਤੀਜਾ ਕੀ ਹੋਇਆ - ਗਰੀਬ ਗਰੀਬ ਹੀ ਰਹੇ ਅਤੇ ਸਰਕਾਰ ਦਾ ਸਬਸਿਡੀ ਦਾ ਖਰਚ ਲਗਾਤਾਰ ਵਧਦਾ ਗਿਆ। ਇਥੇ ਮੁੱਖ ਆਰਥਿਕ ਸਲਾਹਕਾਰ ਅਰਬਿੰਦ ਸੁਬਰਾਮਨੀਅਨ ਤੋਂ ਸਹਾਇਤਾ ਮਿਲੀ ਜਦੋਂ ਉਨ੍ਹਾਂ ਨੇ ਸ਼ਬਦ 'ਜੇ ਏ ਐੱਮ' ਨੂੰ ਜੋੜਿਆ। ਉਨ੍ਹਾਂ ਨੇ ਇਸ ਨੂੰ ਹਰੇਕ ਵਿਅਕਤੀ ਦੀ ਅੱਖ ਤੋਂ ਹਰੇਕ ਹੰਝੂ ਪੂੰਝਣ ਦਾ ਹੱਲ ਦੱਸਿਆ। ਹੁਣ ਵੇਖਦੇ ਹਾਂ ਇਹ ਕੰਮ ਕਿਵੇਂ ਕਰਦਾ ਹੈ :

***ਜਨ ਧਨ :*** ਵਰਤਮਾਨ ਸਰਕਾਰ ਵਲੋਂ ਵਿੱਤੀ ਸ਼ਮੂਲੀਅਤ ਦੀ ਪਹਿਲਕਦਮੀ ਵਾਲਾ ਇਹ ਪ੍ਰੋਗਰਾਮ ਜਾਰੀ ਕੀਤਾ ਗਿਆ ਜਿਸ ਨੂੰ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਆਖਦੇ ਹਨ। ਇਸ ਦਾ ਮਕਸਦ ਹਰੇਕ ਪਰਿਵਾਰ ਨੂੰ ਘੱਟੋ-ਘੱਟ ਇਕ ਬੈਂਕ ਖਾਤਾ ਮੁਹੱਈਆ ਕਰਵਾਉਣਾ ਹੈ। ਹੁਣ ਤੱਕ 28 ਕਰੋੜ ਤੋਂ ਵੱਧ ਖਾਤੇ ਖੋਲ੍ਹੇ ਜਾ ਚੁੱਕੇ ਹਨ। ਨਿਸ਼ਾਨਦੇਹੀ ਵਾਲੇ ਲਾਭਪਾਤਰੀਆਂ ਤੱਕ ਪਹੁੰਚ ਕਰਨ ਵੱਲ ਇਹ ਪਹਿਲਾ ਕਦਮ ਹੈ।

***ਅਧਾਰ :*** 12 ਅੰਕਾਂ ਵਾਲਾ ਨੰਬਰ ਇਕ

ਵਿਅਕਤੀ ਨੂੰ ਵਿਲੱਖਣ ਪਛਾਣ ਪ੍ਰਦਾਨ ਕਰਦਾ ਹੈ। ਮੰਨਿਆ ਜਾਂਦਾ ਹੈ ਕਿ ਲਗਭਗ ਸਾਰੇ ਬਾਲਗਾਂ ਕੋਲ ਅਧਾਰ ਨੰਬਰ ਹੈ। ਕਿਉਂਕਿ ਹਰੇਕ ਵਿਅਕਤੀ ਕੇਵਲ ਇਕ ਅਧਾਰ ਨੰਬਰ ਹੀ ਲੈ ਸਕਦਾ ਹੈ, ਇਸ ਲਈ ਨਾ ਕੇਵਲ ਨਿਸ਼ਾਨਦੇਹੀ ਹੇਠਲੇ ਲਾਭਪਾਤਰੀ ਦੀ ਪਛਾਣ ਕਰਨੀ ਸੌਖੀ ਹੋ ਜਾਂਦੀ ਹੈ, ਪਰ ਇਹ ਵੀ ਯਕੀਨੀ ਹੋ ਜਾਂਦਾ ਹੈ ਕਿ ਲਾਭ ਸਿੱਧੇ ਉਸ ਲਾਭਪਾਤਰੀ ਤੱਕ ਪਹੁੰਚਣ। ਅਧਾਰ ਨੰਬਰ ਨੂੰ ਕਿਰਿਆਸ਼ੀਲ ਬੈਂਕ ਖਾਤੇ ਨਾਲ ਜੋੜਨਾ ਆਮਦਨ ਤਬਦੀਲੀ ਨੂੰ ਲਾਗੂ ਕਰਨ ਦੀ ਕੁੰਜੀ ਹੈ। ਇਸ ਗੱਲ ਨੂੰ ਦਿਮਾਗ ਵਿੱਚ ਰੱਖਦਿਆਂ ਸਰਕਾਰ ਨੇ ਬੈਂਕ ਖਾਤੇ ਨੂੰ ਅਧਾਰ ਨੰਬਰ ਨਾਲ ਜੋੜਨ ਲਈ ਪੂਰੀ ਵਾਹ ਲਾ ਰੱਖੀ ਹੈ।

***ਮੋਬਾਈਲ :*** ਦਸ਼ੇ ਵਿਚੋਂ 1 ਬਿਲੀਅਨ ਤੋਂ ਵੱਧ ਮੋਬਾਈਲ ਕੁਨੈਕਸ਼ਨ ਹਨ। ਇਹ ਡਿਜੀਟਲ ਮੰਚ ਉਤੇ ਵਿੱਤੀ ਪ੍ਰਣਾਲੀ ਮੁਹੱਈਆ ਕਰਵਾਉਣ ਦੀ ਕੁੰਜੀ ਹੈ। ਜੋ ਮੋਬਾਈਲ ਲਾਭਪਾਤਰੀ ਨੂੰ ਇਹ ਪੱਕਾ ਕਰਨ ਵਿੱਚ ਮਦਦ ਕਰੇਗਾ ਕਿ ਲਾਭ ਉਸ ਦੇ ਅਧਾਰ ਕਾਰਡ ਨਾਲ ਜੁੜੇ ਬੈਂਕ ਖਾਤੇ ਵਿੱਚ ਪਹੁੰਚ ਗਏ ਹਨ, ਤਾਂ ਉਹ ਇਸ ਦਾ ਇਸਤੇਮਾਲ ਵਿੱਤੀ ਲੈਣ-ਦੇਣ ਲਈ ਵੀ ਕਰ ਸਕਦਾ ਹੈ। ਤਕਨਾਲੋਜੀ ਦੀ ਖੋਜ ਹੋਣ ਨਾਲ, ਵਿੱਤੀ ਲੈਣ-ਦੇਣ ਕਰਨ ਲਈ ਇਕ ਸਮਾਰਟਫ਼ੋਨ ਜ਼ਰੂਰੀ ਹੈ। ਇਕ ਆਮ ਫੀਚਰ ਵਾਲੇ ਫ਼ੋਨ ਦੀ ਮਦਦ ਨਾਲ ਅਸੀਂ ਆਪਣੇ ਬੈਂਕ ਖਾਤੇ ਤੋਂ ਕਿਤੇ ਵੀ ਪੈਸੇ ਭੇਜ ਜਾਂ ਪ੍ਰਾਪਤ ਕਰ ਸਕਦੇ ਹਾਂ।

ਸਰਕਾਰ ਵਲੋਂ 2014-15 ਤੋਂ ਸਰਗਰਮੀ ਨਾਲ 'ਜੇ ਏ ਐੱਮ' ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਹੁਣ ਤੱਕ ਇਸ ਦੇ ਚੰਗੇ ਨਤੀਜੇ ਸਾਹਮਣੇ ਆਏ ਹਨ। ਸਰਕਾਰ ਨੇ ਬਹੁਤ ਸਾਰੇ ਮੌਕਿਆਂ ਉਤੇ ਕਿਹਾ ਹੈ ਕਿ ਪਿਛਲੇ ਢਾਈ ਸਾਲਾਂ ਦੌਰਾਨ, ਜੇ ਏ ਐੱਮ ਤਿੱਕੜੀ ਦੀ ਵਰਤੋਂ ਕਰਕੇ ਸਿੱਧੇ ਲਾਭ ਤਬਦੀਲ ਕਰਨ ਨਾਲ ਲਗਭਗ 50,000 ਕਰੋੜ ਰੁਪਏ ਦੀ ਬਚਤ ਹੋਈ ਹੈ। ਜਨਤਕ ਵੰਡ ਪ੍ਰਣਾਲੀ ਵਿੱਚ 14,000 ਕਰੋੜ ਰੁਪਏ, ਮਗਨਰੇਗਾ ਵਿੱਚ 76 ਕਰੋੜ ਰੁਪਏ ਅਤੇ ਐੱਲ ਪੀ ਜੀ 'ਪਹਿਲ' ਵਿੱਚ 26,400 ਕਰੋੜ ਰੁਪਏ ਦੀ ਬਚਤ ਕੀਤੀ ਗਈ ਹੈ। ਇਸ ਦਾ ਮਤਲਬ ਹੈ ਕਿ ਸਰਕਾਰ ਨਾ ਕੇਵਲ ਘੱਟ ਕਰਕੇ ਸਗੋਂ ਪ੍ਰਭਾਵੀ ਵੰਡ ਪ੍ਰਣਾਲੀ ਰਾਹੀ ਖਰਚਾ ਘੱਟ ਕਰਨ ਵਿੱਚ ਸਫਲ ਰਹੀ ਹੈ।

## ਵਸਤੂ ਅਤੇ ਸੇਵਾਵਾਂ ਕਰ

ਜੇ ਪਹਿਲੇ ਦੋ ਸਤੰਭ ਮਜਬੂਤ ਵਿੱਤ ਪ੍ਰਬੰਧਨ ਨੂੰ ਵਿਹਾਰਕ ਪਹੁੰਚ ਅਤੇ ਮਾਨਵੀ ਚਿਹਰਾ ਪ੍ਰਦਾਨ ਕਰਦੇ ਹਨ ਤਾਂ ਵਪਾਰ ਕਰਨ ਦੀ ਸੌਖ ਵਾਸਤੇ ਇਕ ਤੰਤਰ ਵਿਕਸਤ ਕਰਨ ਦੀ ਵੀ ਲੋੜ ਹੈ, ਅਤੇ ਅਜਿਹਾ ਵਸਤੂ ਤੇ ਸੇਵਾ ਕਰ (ਜੀ ਐੱਸ ਟੀ) ਵਿੱਚ ਦੇਖਿਆ ਜਾ ਸਕਦਾ ਹੈ। ਸਰਕਾਰ 1 ਜੁਲਾਈ, 2017 ਤੋਂ ਨਵਾਂ ਅਸਿੱਧੇ ਕਰਾਂ ਦਾ ਨਿਜ਼ਾਮ, ਵਸਤੂ ਤੇ ਸੇਵਾ ਕਰ (ਜੀ ਐੱਸ ਟੀ) ਜਾਰੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਨਵੀਂ ਪ੍ਰਣਾਲੀ ਤੋਂ ਆਸ ਕੀਤੀ ਜਾਂਦੀ ਹੈ ਕਿ ਭਾਰਤ ਇਕ ਬਾਜ਼ਾਰ ਬਣ ਜਾਵੇਗਾ, ਇਕ ਤੋਂ ਵੱਧ ਸਮੀਖਿਆਵਾਂ ਖਤਮ ਹੋ ਜਾਣਗੀਆਂ, ਚੋਰੀ ਉਤੇ ਲਗਾਮ ਲੱਗੇਗੀ ਅਤੇ ਪ੍ਰਣਾਲੀ ਵਿੱਚ ਹੋਰ ਮਾਲੀਆ ਆਵੇਗਾ। ਇਹ ਕਰ - ਵਸਤੂ ਤੇ ਸੇਵਾ ਕਰ ਦੇ ਅਨੁਪਾਤ ਨੂੰ ਹੁਲਾਰਾ ਦੇਣ ਲਈ ਵੀ ਲੋੜੀਦਾ ਹੈ। 2015-16 ਦੇ ਵਿੱਤੀ ਸਾਲ ਦੌਰਾਨ ਵਰਤਮਾਨ ਬਾਜ਼ਾਰ ਕੀਮਤਾਂ ਉਤੇ (ਕੇਂਦਰੀ ਕਰਾਂ ਉਤੇ ਅਧਾਰਤ) ਭਾਰਤ ਦੇ ਅਸਿੱਧੇ ਕਰਾਂ - ਜੀ ਐੱਸ ਟੀ ਦਾ ਅਨੁਪਾਤ 5.2 ਪ੍ਰਤਿਸ਼ਤ ਦੇ ਲਗਭਗ ਸੀ। ਇਸ ਘੱਟ ਅਨੁਪਾਤ ਦੇ ਕਈ ਕਾਰਨ ਹਨ, ਜਿਵੇਂ ਕਿ ਬਹੁਤ ਸਾਰੇ ਖੇਤਰਾਂ ਨੂੰ ਸੇਵਾ ਕਰ ਦੇ ਦਾਇਰੇ ਤੋਂ ਬਾਹਰ ਰੱਖਣਾ, ਖੇਤੀਬਾੜੀ ਅਤੇ ਸੰਬੰਧਿਤ ਖੇਤਰਾਂ ਉਤੇ ਕਰ ਨਾ ਲਾਉਣਾ, ਛੋਟੇ ਉਦਯੋਗਾਂ ਲਈ ਮੁਕਾਬਲਤਨ ਉੱਚ ਸੀਮਾਂ ਰੱਖਣਾ, ਸਮਾਜਕ, ਆਰਥਿਕ ਕਾਰਨਾਂ ਕਰਕੇ ਛੋਟਾਂ ਦੇ ਰੂਪ ਵਿੱਚ ਵਿੱਤੀ ਰਿਆਇਤਾਂ ਦੇਣੀਆਂ, ਅਤੇ ਹੋਰ ਕਈ ਸਾਰੇ ਕਾਰਨ। ਭਾਵੇਂ ਕਿ ਬਹੁਤ ਸਾਰੇ ਖੇਤੀ ਉਤਪਾਦ, ਖ਼ਾਸ ਕਰਕੇ ਅਨਾਜ ਨੂੰ ਜੀ ਐੱਸ ਟੀ ਨਿਜ਼ਾਮ ਤੋਂ ਛੋਟ ਹਾਸਲ ਹੋਵੇਗੀ, ਬਹੁਤ ਸਾਰੇ ਦੂਜੇ ਉਤਪਾਦਾਂ ਨੂੰ ਜੀ ਐੱਸ ਟੀ ਦੇ ਦਾਇਰੇ ਹੇਠ ਲਿਆਂਦੇ ਜਾਣ ਦੀ ਆਸ ਹੈ। ਭਾਵੇਂ ਇਹ ਸਪੱਸ਼ਟ ਨਹੀਂ ਕਿ ਦੂਜੀਆਂ ਸਾਰੀਆਂ ਛੋਟਾਂ ਦਾ ਕੀ ਬਣੇਗਾ, ਪਰ ਫਿਰ ਵੀ ਕੁੱਝ ਉਮੀਦਾਂ ਬਰਕਰਾਰ ਹਨ। ਜ਼ਿਆਦਾਤਰ ਛੋਟਾਂ, ਜੇ ਸਾਰੀਆਂ ਨਹੀਂ, ਨੂੰ ਜੀ.ਐੱਸ ਟੀ ਨਿਜ਼ਾਮ ਵਿੱਚ ਪੜਾਅਵਾਰ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ ਜਿਸ ਨਾਲ ਬਿਨਾਂ ਕਿਸੇ ਵਿਗਾੜ ਅਤੇ ਨਿਰਪੱਖ ਤਰੀਕੇ ਨਾਲ ਅਸਿੱਧੇ ਕਰ - ਕੁੱਲ ਘਰੇਲੂ ਉਤਪਾਦ ਦਾ ਅਨੁਪਾਤ ਵਧ ਜਾਵੇਗਾ।

ਜੀ ਐੱਸ ਟੀ ਦਾ ਨਿਸ਼ਾਨਾ ਪੂਰੇ ਦੇਸ਼ ਵਿੱਚ ਇਕਸਮਾਨ ਕਰ ਢਾਂਚਾ ਮੁਹੱਈਆ ਕਰਵਾਉਣਾ ਹੈ ਜਿਸ ਨਾਲ ਕਾਰਪੋਰੇਟ ਖੇਤਰ ਨੂੰ ਅਸਾਨੀ ਨਾਲ ਵਪਾਰ ਕਰਨ ਵਿੱਚ ਸਹਾਇਤਾ ਮਿਲੇਗੀ। ਇਸੇ ਹੀ ਸਮੇਂ, ਨਵੇਂ ਨਿਜ਼ਾਮ ਤੋਂ ਕਰਾਂ ਦਾ ਅਧਾਰ ਵਿਸ਼ਾਲ ਕਰਨ ਦੀ ਵੀ ਆਸ ਕੀਤੀ ਜਾਂਦੀ ਹੈ ਜਿਸ ਨਾਲ ਸਰਕਾਰ ਨੂੰ ਹੋਰ ਮਾਲੀਆ ਪ੍ਰਾਪਤ ਹੋਵੇਗਾ।

## ਨਤੀਜਾ ਅਧਾਰਤ ਬਜਟ

ਇਕ ਆਮ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਆਵੰਟਨ ਦਾ ਸ਼ੋਰ ਬਹੁਤ ਜ਼ਿਆਦਾ ਹੁੰਦਾ ਹੈ ਜਦ ਕਿ ਨਤੀਜੇ ਦੀ ਆਵਾਜ਼ ਕਿਧਰੇ ਸੁਣਨ ਨੂੰ ਔਖੀ ਹੀ ਮਿਲਦੀ ਹੈ। ਆਸ ਹੈ ਇਸ ਬਜਟ ਤੋਂ ਹੁਣ ਅਜਿਹੀ ਸ਼ਿਕਾਇਤ ਨਹੀਂ ਮਿਲੇਗੀ। ਖਾਕੇ, ਉਤਪਾਦਨ ਅਤੇ ਨਤੀਜੇ ਮਾਪਣਯੋਗ ਤਰੀਕੇ ਨਾਲ ਸੰਸਦ ਸਾਹਮਣੇ ਪੇਸ਼ ਕੀਤੇ ਜਾਣਗੇ, ਸਰਕਾਰੀ ਸਕੀਮਾਂ ਅਤੇ ਯੋਜਨਾਵਾਂ ਉੱਤੇ ਅਮਲ ਵਿੱਚ ਸ਼ਾਮਲ ਏਜੰਸੀਆਂ ਦੀ ਵਧੇਰੇ ਜਵਾਬਦੇਹੀ ਤੈਅ ਕੀਤੀ ਜਾਵੇਗੀ। 'ਖਰਚ' ਦੀ ਰੂਪ ਰੇਖਾ ਉਹ ਰਕਮ ਹੁੰਦੀ ਹੈ ਜੋ ਕਿਸੇ ਯੋਜਨਾ ਜਾਂ ਪ੍ਰਾਜੈਕਟ ਲਈ ਬਜਟ ਵਿੱਚ ਰੱਖੀ ਜਾਂਦੀ ਹੈ, ਜਦ ਕਿ 'ਉਤਪਾਦਨ' ਦਾ ਮਤਲਬ ਹੈ ਯੋਜਨਾ ਸਰਗਰਮੀਆਂ ਦਾ ਸਿੱਧਾ ਅਤੇ ਮਾਪਣਯੋਗ ਉਤਪਾਦ, ਜਿਸ ਨੂੰ ਭੌਤਿਕ ਰੂਪ ਜਾਂ ਇਕਾਈਆਂ ਵਿੱਚ ਬਿਆਨ ਕੀਤਾ ਜਾਂਦਾ ਹੈ। 'ਨਤੀਜੇਂ ਸਮੂਹਿਕ ਨਤੀਜੇ ਜਾਂ ਗੁਣਾਤਮਕ ਸੁਧਾਰਾਂ ਨੂੰ ਆਖਿਆ ਜਾਂਦਾ ਹੈ ਜੋ ਇਨ੍ਹਾਂ ਸੇਵਾਵਾਂ ਨੂੰ ਦੇਣ ਨਾਲ ਹਾਸਲ ਕੀਤੇ ਜਾਂਦੇ ਹਨ। ਇਨ੍ਹਾਂ ਨੂੰ ਸੁਧਾਰਾਂ ਦੇ ਮਾਮਲੇ ਵਿੱਚ ਪਹਿਲੇ ਸੂਚਕ ਤੇ ਮਾਪਦੰਡਾਂ ਵਜੋਂ ਬਿਆਨ ਕੀਤਾ ਜਾਂਦਾ ਹੈ।

ਇਹ ਫੈਸਲਾ ਕੀਤਾ ਗਿਆ ਹੈ ਕਿ ਨਵੇਂ ਵਿੱਤੀ ਸਾਲ ਤੋਂ 68 ਮੰਤਰਾਲਿਆਂ, ਵਿਭਾਗਾਂ ਦੀਆਂ ਸਕੀਮਾਂ ਦੇ ਉਤਪਾਦਨ ਅਤੇ ਨਤੀਜੇ, ਵਿੱਤੀ ਰੂਪ ਰੇਖਾ ਦੇ ਨਾਲ ਬਜਟ ਦਸਤਾਵੇਜ਼ਾਂ ਦੇ ਹਿੱਸੇ ਵਜੋਂ ਉਪਲਬਧ ਰਹਿਣਗੇ, ਤਾਂ ਜੋ ਹਰੇਕ ਸਕੀਮ ਲਈ ਸਪੱਸ਼ਟ ਤੌਰ ਤੇ ਨਿਰਧਾਰਤ ਉਦੇਸ਼ ਅਤੇ ਟੀਚੇ ਸਭ ਵਲੋਂ ਵੇਖੇ ਜਾ ਸਕਣ। ਇਸ ਨਾਲ ਸਰਕਾਰ ਨੂੰ ਤੰਤਰ ਵਿੱਚ ਜ਼ਿਆਦਾ ਜਵਾਬਦੇਹੀ ਲਿਆਉਣ ਅਤੇ ਅੰਤ ਵਿੱਚ ਟੀਚੇ ਪੂਰੇ ਨਾ ਕਰ ਸਕਣ, ਪਿਛਲੇ ਕਾਰਨ ਜਾਨਣ ਤੇ ਢੁਕਵੀਂ ਕਾਰਵਾਈ ਕਰਨ ਲਈ ਮਦਦ ਮਿਲੇਗੀ।

## ਖਰਚੇ ਦਾ ਪੁਨਰ ਵਰਗੀਕਰਨ

ਇਸ ਬਜਟ ਤੋਂ (2017-18), ਖਰਚੇ ਨੂੰ ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਮਦਾਂ ਤਹਿਤ

ਵਰਗੀਕ੍ਰਿਤ ਨਹੀਂ ਕੀਤਾ ਜਾਵੇਗਾ। ਇਹ ਫਰਕ ਖਤਮ ਕਰ ਦਿੱਤਾ ਗਿਆ ਹੈ ਅਤੇ ਸਾਰੇ ਖਰਚੇ ਨੂੰ 'ਪੂੰਜੀਗਤ' ਅਤੇ 'ਮਾਲੀਏ' ਵਜੋਂ ਵਰਗੀਕ੍ਰਿਤ ਕੀਤਾ ਜਾਵੇਗਾ। ਸਰਕਾਰ ਮਹਿਸੂਸ ਕਰਦੀ ਹੈ, ਖਰਚੇ ਦੀ ਯੋਜਨਾਕ੍ਰਿਤ, ਗ਼ੈਰ ਯੋਜਨਾਕ੍ਰਿਤ ਵੰਡ ਨਾਲ ਵੱਖ-ਵੱਖ ਸਕੀਮਾਂ ਲਈ ਸਰੋਤਾਂ ਦੀ ਵੰਡ ਵਾਸਤੇ ਇਕ ਵੰਡਿਆ ਹੋਇਆ ਵਿਚਾਰ ਪੈਦਾ ਹੁੰਦਾ ਹੈ, ਜਿਸ ਕਰਕੇ ਨਾ ਕੇਵਲ ਇਕ ਸੇਵਾ ਦੇਣ ਦੀ ਲਾਗਤ ਦਾ ਅਨੁਮਾਨ ਲਾਉਣਾ ਔਖਾ ਹੋ ਜਾਂਦਾ ਹੈ ਪਰ ਰੂਪ ਰੇਖਾ ਨੂੰ ਨਤੀਜਿਆਂ ਨਾਲ ਜੋੜਨ ਵਿੱਚ ਵੀ ਮੁਸ਼ਕਿਲ ਪੇਸ਼ ਆਉਂਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਯੋਜਨਾਕ੍ਰਿਤ ਖਰਚੇ ਦੇ ਹੱਕ ਵਿੱਚ ਪੱਖਪਾਤ ਨਾਲ ਅਸਾਸਿਆਂ ਦੇ ਰੱਖ-ਰਖਾਅ ਅਤੇ ਦੂਜੇ ਵਿਵਸਥਾ ਸੰਬੰਧਿਤ ਖਰਚਿਆਂ ਲਈ ਜ਼ਰੂਰੀ ਖਰਚੇ ਨਜ਼ਰਅੰਦਾਜ਼ ਹੋਣੇ ਸ਼ੁਰੂ ਹੋ ਜਾਂਦੇ ਹਨ ਜੋ ਸਮਾਜਕ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਰੂਰੀ ਹੁੰਦੇ ਹਨ। ਇਸ ਬਜਟ ਵਿੱਚ ਯੋਜਨਾਕ੍ਰਿਤ ਅਤੇ ਗ਼ੈਰ ਯੋਜਨਾਕ੍ਰਿਤ ਦਾ ਰਲੇਵਾਂ ਕਰਨ ਤੋਂ ਆਸ ਕੀਤੀ ਜਾਂਦੀ ਹੈ ਕਿ ਢੁੱਕਵਾਂ ਬਜਟ ਢਾਂਚਾ ਪ੍ਰਦਾਨ ਕੀਤਾ ਜਾਵੇਗਾ ਜਿਸ ਦੇ ਧਿਆਨ ਦਾ ਕੇਂਦਰ ਬਿੰਦੂ ਮਾਲੀਆ ਅਤੇ ਪੂੰਜੀਗਤ ਖਰਚਾ ਹੋਵੇਗਾ।

## ਰੇਲਵੇ ਬਜਟ ਦਾ ਆਮ ਬਜਟ 'ਚ ਰਲੇਵਾਂ

ਸਰਕਾਰ ਵਲੋਂ 92 ਸਾਲ ਪੁਰਾਣੀ ਰੇਲਵੇ ਬਜਟ ਨੂੰ ਵੱਖਰੇ ਤੌਰ ਤੇ ਪੇਸ਼ ਕਰਨ ਦੀ ਰਵਾਇਤ ਨੂੰ ਖਤਮ ਕਰ ਦਿੱਤਾ ਗਿਆ ਹੈ। ਹੁਣ ਰੇਲਵੇ ਬਜਟ ਤੇ ਆਮ ਬਜਟ ਦਾ ਰਲੇਵਾਂ ਕਰ ਦਿੱਤਾ ਗਿਆ ਹੈ ਏਕੀਕ੍ਰਿਤ ਬਜਟ ਪੇਸ਼ ਕਰਨ ਨਾਲ ਰੇਲਵੇ ਦੇ ਮਾਮਲੇ ਕੇਂਦਰੀ ਮੰਚ ਉਤੇ ਆ ਜਾਣਗੇ ਅਤੇ ਸਰਕਾਰ ਦੀ ਮਾਲੀ ਹਾਲਤ ਬਾਰੇ ਇਕ ਸਮੂਹਿਕ ਤਸਵੀਰ ਪੇਸ਼ ਕੀਤੀ ਜਾ ਸਕੇਗੀ। ਇਸ ਰਲੇਵੇਂ ਨਾਲ ਪ੍ਰਕ੍ਰਿਆਤਮਕ ਲੋੜਾਂ ਵੀ ਘੱਟ ਹੋਣਗੀਆਂ, ਸਿੱਟੇ ਵਜੋਂ ਸੇਵਾ ਦੇਣ ਅਤੇ ਸੁਸ਼ਾਸਨ ਦੇ ਪੱਖਾਂ ਉਤੇ ਵਧੇਰੇ ਧਿਆਨ ਕੇਂਦਰਿਤ ਕੀਤਾ ਜਾ ਸਕੇਗਾ। ਇਸ ਪ੍ਰਕਿਰਿਆ ਨਾਲ ਰੇਲਵੇ ਦੀ ਲਾਭਾਂਸ਼ ਦੇਣਦਾਰੀ ਦਾ ਵੀ ਖਾਤਮਾ ਹੋ ਜਾਵੇਗਾ। ਇਸ ਨਾਲ ਭਾਰਤ ਸਰਕਾਰ ਨੂੰ 9700 ਕਰੋੜ ਰੁਪਏ ਸਾਲਾਨਾ ਲਾਭਾਂਸ਼ ਦੀ ਬਚਤ ਹੋਵੇਗੀ।

## ਬਜਟ ਦੀ ਤਾਰੀਖ ਨੂੰ ਅਗਾਊਂ ਕਰਨਾ

ਇਸ ਸਾਲ ਬਜਟ 1 ਫ਼ਰਵਰੀ ਨੂੰ ਪੇਸ਼ ਕੀਤਾ ਗਿਆ ਅਤੇ ਵਿੱਤੀ ਬਿੱਲ ਪਾਸ ਕਰਨ ਸਮੇਤ ਸਾਰੀ ਪ੍ਰਕਿਰਿਆ 31 ਮਾਰਚ ਤੱਕ ਪੂਰੀ ਕਰ ਲਈ ਗਈ। ਪਹਿਲਾਂ ਇਹ ਮਈ-ਜੂਨ ਵਿੱਚ ਖਤਮ ਹੁੰਦੀ ਸੀ ਅਤੇ ਅੰਤ ਵਿੱਚ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਨੂੰ 12 ਮਹੀਨਿਆਂ ਦਾ ਪੈਸਾ ਖਰਚ ਕਰਨ ਲਈ 9 ਮਹੀਨੇ ਤੋਂ ਵੱਧ ਨਹੀਂ ਸਨ ਮਿਲਦੇ। ਹੁਣ ਬਜਟ ਪੇਸ਼ਕਾਰੀ ਨੂੰ ਇਕ ਮਹੀਨਾ ਪਹਿਲਾਂ ਕਰਨ ਅਤੇ ਬਜਟ ਨਾਲ ਸੰਬੰਧਿਤ ਵਿਧਾਨਕ ਕਾਰਵਾਈ 31 ਮਾਰਚ ਤੋਂ ਪਹਿਲਾਂ ਪੂਰੀ ਕਰਨ ਨਾਲ ਬਜਟ ਚੱਕਰ ਦੇ ਜਲਦੀ ਪੂਰਾ ਹੋਣ ਅਤੇ ਮੰਤਰਾਲਿਆਂ ਤੇ ਵਿਭਾਗਾਂ ਨੂੰ ਬੇਹਤਰ ਯੋਜਨਾਬੰਦੀ ਅਤੇ ਸਕੀਮਾਂ ਉਤੇ ਅਮਲ ਯਕੀਨੀ ਬਣਾਉਣ ਲਈ ਵਿੱਤੀ ਸਾਲ ਦੇ ਸ਼ੁਰੂ ਤੋਂ ਸਮਾਂ ਮਿਲ ਜਾਵੇਗਾ ਅਤੇ ਪੂਰੇ ਕੰਮਕਾਜ਼ੀ ਮੌਸਮ ਦੀ ਵਰਤੋਂ ਕੀਤੀ ਜਾ ਸਕੇਗੀ ਜਿਸ ਵਿੱਚ ਪਹਿਲੀ ਚੌਥਾਈ ਸ਼ਾਮਲ ਹੋਵੇਗੀ। ਇਸ ਨਾਲ 'ਵੋਟ ਆਨ ਅਕਾਊਂਟ' ਰਾਹੀਂ ਮਨਜ਼ੂਰੀ ਲੈਣ ਦੀ ਲੋੜ ਖਤਮ ਹੋ ਜਾਵੇਗੀ ਅਤੇ ਵਿੱਤ ਵਰ੍ਹੇ ਦੀ ਸ਼ੁਰੂਆਤ ਤੋਂ ਕਰਾਂ, ਨਵੇਂ ਕਰ ਤਰੀਕਿਆਂ ਬਾਰੇ ਵਿਧਾਨਕ ਤਬਦੀਲੀਆਂ ਨੂੰ ਅਮਲ ਵਿੱਚ ਲਿਆਉਣਾ ਅਸਾਨ ਹੋ ਜਾਵੇਗਾ। ਇਹ ਸੰਯੋਗ ਹੀ ਹੈ ਕਿ ਉਦੋਂ ਦੀ ਸਰਕਾਰ (2004-2009) ਵਲੋਂ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐੱਫ ਆਰ ਬੀ ਐੱਮ) ਐਕਟ, ਕਾਨੂੰਨ 2013 ਪਾਸ ਕੀਤਾ ਗਿਆ ਜਿਸ ਨਾਲ ਮਜਬੂਤ ਵਿੱਤ ਪ੍ਰਬੰਧਨ ਨੀਤੀ ਦੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਸਕੇ। ਉਸੇ ਕਾਨੂੰਨ ਨੂੰ ਮੌਜੂਦਾ ਸਰਕਾਰ ਵਲੋਂ ਮੁੜ ਤੋਂ ਲਿਖਿਆ ਜਾ ਰਿਹਾ ਹੈ। ਐੱਫ ਆਰ ਬੀ ਐੱਮ ਸਮੀਖਿਆ ਕੇਮਟੀ ਵਲੋਂ ਰਿਪੋਰਟ ਦਾਖਲ ਕਰਨ ਨਾਲ ਇਹ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਇਸ ਕਮੇਟੀ ਵਲੋਂ 2023 ਤੱਕ ਆਮ ਸਰਕਾਰ ਲਈ ਕਰਜ਼ੇ ਤੇ ਕੁੱਲ ਘਰੇਲੂ ਉਤਪਾਦ 60 ਪ੍ਰਤਿਸ਼ਤ ਦੇ ਹੱਕ ਵਿੱਚ ਦਲੀਲ ਦਿੱਤੀ ਗਈ ਹੈ ਜਿਸ ਵਿੱਚ 40 ਪ੍ਰਤਿਸ਼ਤ ਕੇਂਦਰ ਸਰਕਾਰ ਦਾ ਅਤੇ 20 ਪ੍ਰਤਿਸ਼ਤ ਰਾਜ ਸਰਕਾਰਾਂ ਦਾ ਹੋਵੇਗਾ। ਇਸ ਢਾਂਚੇ ਦੇ ਅੰਤਰਗਤ ਕਮੇਟੀ ਵਲੋਂ ਅਗਲੇ ਤਿੰਨ ਸਾਲਾਂ ਲਈ 3 ਪ੍ਰਤਿਸ਼ਤ ਵਿੱਤੀ ਘਾਟੇ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਕਮੇਟੀ ਵਲੋਂ ਨਿਰਧਾਰਤ ਵਿੱਤੀ ਘਾਟੇ ਦੇ ਟੀਚੇ ਤੋਂ ਕੁੱਲ ਘਰੇਲੂ ਉਤਪਾਦ ਦੇ 0.5 ਪ੍ਰਤਿਸ਼ਤ ਤੱਕ ਉਪਰ ਹੇਠ ਹੋਣ ਦੇ ਮਾਮਲੇ ਵਿੱਚ ਬਚਾਅ ਦੀਆਂ ਮਦਾਂ ਵੀ ਪ੍ਰਦਾਨ ਕੀਤੀਆਂ ਗਈਆਂ ਹਨ। ਇਨ੍ਹਾਂ ਬਚਾਅ ਦੀਆਂ ਮਦਾਂ ਦਾ ਲਾਹਾ ਲੈਣ ਲਈ ਕਾਰਨਾਂ ਵਿੱਚ ਕਮੇਟੀ ਵਲੋਂ ਆਰਥਿਕਤਾ ਇਕ ਦੂਰਗਾਮੀ ਢਾਂਚਾਗਤ ਸੁਧਾਰਾਂ ਅਤੇ ਅਣਕਿਆਸੇ ਵਿੱਤੀ ਪ੍ਰਭਾਵਾਂ ਨੂੰ ਇਕ ਕਾਰਨ ਵਜੋਂ ਸ਼ਾਮਲ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਬਜਟ ਪੇਸ਼ ਕਰਨ ਸਮੇਂ ਇਹ ਸਵੀਕਾਰ ਕੀਤਾ ਕਿ ਹੁਣ ਇਸ 'ਬਚਾਅ ਦੀ ਮਦ' ਨੂੰ ਲਾਗੂ ਕਰਨ ਦਾ ਮਜਬੂਤ ਮਾਮਲਾ ਬਣਦਾ ਹੈ, ਪਰ ਉਨ੍ਹਾਂ ਨੇ ਅਜਿਹਾ ਕਰਨ ਤੋਂ ਪਾਸਾ ਵੱਟਿਆ। ਪਰ, ਧੀਮੇ ਨਿੱਜੀ ਖੇਤਰ ਦੇ ਨਿਵੇਸ਼ ਅਤੇ ਧੀਮੀ ਵਿਸ਼ਵ ਵਿਕਾਸ ਦਰ ਦੇ ਸੰਦਰਭ ਵਿੱਚ ਜ਼ਿਆਦਾ ਜਨਤਕ ਖਰਚ ਦੀ ਲੋੜ ਉਤੇ ਵਿਚਾਰ ਕਰਦਿਆਂ, ਸਰਕਾਰ ਵਲੋਂ ਸਾਲ 2017-18 ਲਈ ਵਿੱਤੀ ਘਾਟੇ ਦਾ ਅਨੁਮਾਨ ਕੁੱਲ ਘਰੇਲੂ ਉਤਪਾਦ ਦੇ 3.2 ਪ੍ਰਤਿਸ਼ਤ ਦੇ ਬਰਾਬਰ ਲਾਇਆ ਗਿਆ ਹੈ ਅਤੇ ਸਰਕਾਰ ਆਉਣ ਵਾਲੇ ਸਾਲ ਵਿੱਚ 3 ਪ੍ਰਤਿਸ਼ਤ ਵਿੱਤੀ ਘਾਟੇ ਦਾ ਟੀਚਾ ਹਾਸਲ ਕਰਨ ਲਈ ਦ੍ਰਿੜ੍ਹ ਸੰਕਲਪ ਹੈ। ਇਹ ਆਸ ਕੀਤੀ ਜਾਂਦੀ ਸੀ ਕਿ ਸਰਕਾਰ ਇਹ ਦਰ 3 ਪ੍ਰਤਿਸ਼ਤ ਉਤੇ ਰੱਖੇਗੀ। ਹਾਲੇ ਵੀ, ਮੁਲਾਂਕਣਕਾਰਾਂ ਵਲੋਂ ਇਸ ਪ੍ਰਤਿ ਹੈਰਾਨੀ ਪ੍ਰਗਟ ਕੀਤੀ ਗਈ ਕਿਉਂਕਿ ਸਰਕਾਰ ਦੀ ਕਾਰਗੁਜ਼ਾਰੀ ਸਪੱਸ਼ਟ ਦਰਸਾਉਂਦੀ ਹੈ ਕਿ ਇਹ ਮਿਥੇ ਟੀਚੇ ਲਈ ਵਿੱਤੀ ਸੁਦ੍ਰਿੜ੍ਹੀਕਰਨ ਪ੍ਰਤਿ ਪ੍ਰਤਿਬੱਧ ਹੈ। ਸਰਕਾਰ ਵਲੋਂ ਮਈ 2014 ਵਿੱਚ ਸੱਤਾ ਸੰਭਾਲਣ ਤੋਂ ਲੈ ਕੇ ਨਾ ਕੇਵਲ ਮਜਬੂਤ ਵਿੱਤ ਪ੍ਰਬੰਧਨ ਦੇ ਸਖਤ ਮਾਰਗ ਨੂੰ ਅਪਣਾਇਆ ਗਿਆ ਸਗੋਂ ਇਸ ਮਾਰਗ ਉਤੇ ਚੱਲਣ ਦਾ ਜਿਗਰਾ ਵੀ ਦਿਖਾਇਆ ਗਿਆ। ਅਜਿਹਾ ਵਿੱਤੀ ਘਾਟਾ 2013-14 ਦੇ ਕੁੱਲ ਘਰੇਲੂ ਉਤਪਾਦ ਦੇ 4.5 ਪ੍ਰਤਿਸ਼ਤ ਤੋਂ 2014-15 ਵਿੱਚ 4.1 ਪ੍ਰਤਿਸ਼ਤ, 2015-16 ਵਿੱਚ 3.9 ਪ੍ਰਤਿਸ਼ਤ ਅਤੇ 2016-17 ਵਿੱਚ 3.5 ਪ੍ਰਤਿਸ਼ਤ ਤੱਕ ਨਿਰੰਤਰ ਡਿੱਗਣ ਤੋਂ ਸਪੱਸ਼ਟ ਨਜ਼ਰ ਆ ਰਿਹਾ ਹੈ। ਇਹ ਆਸ ਕੀਤੀ ਜਾਂਦੀ ਹੈ ਕਿ 2018-19 ਅਤੇ ਇਸ ਤੋਂ ਅਗਾਂਹ ਵੀ ਸਰਕਾਰ ਵਿੱਤੀ ਘਾਟੇ ਨੂੰ 3 ਪ੍ਰਤਿਸ਼ਤ ਤੱਕ ਰੋਕਣ ਦੇ ਸਮਰੱਥ ਹੋਵੇਗੀ।

*(ਲੇਖਕ ਪਿਛਲੇ 21 ਵਰ੍ਹਿਆਂ ਤੋਂ ਆਰਥਿਕ ਅਤੇ ਵਪਾਰ ਬਾਰੇ ਪੱਤਰਕਾਰ ਹਨ ਅਤੇ ਮੌਜੂਦਾ ਏ ਬੀ ਪੀ ਨਿਊਜ਼ ਨਾਲ ਬਿਜਨਸ ਐਡੀਟਰ ਹਨ।)*

*e-mail :hblshishir@gmail.com*

# ਮੁਹਾਰਤ ਵਿਕਾਸ ਅਤੇ ਨੌਜਵਾਨਾਂ ਦਾ ਸ਼ਕਤੀਕਰਨ

ਜਤਿੰਦਰ ਸਿੰਘ

ਨੌਜਵਾਨ ਤਬਦੀਲੀ ਲਿਆਉਣ ਵਾਲੇ ਹਨ। ਇਹ ਤਜਰਬੇ, ਨਵੇਂ ਵਿਚਾਰ ਪੈਦਾ ਕਰਨ ਲਈ ਖੁੱਲ੍ਹੇ ਅਤੇ ਵਿਕਾਸ ਦੇ ਇੰਜਣ ਹਨ। ਭਾਰਤੀ ਨੌਜਵਾਨ ਯਕੀਨੀ ਬਣਾਉਂਦੇ ਹਨ ਕਿ ਉਨ੍ਹਾਂ ਨੂੰ ਵੇਖਿਆ ਅਤੇ ਸੁਣਿਆ ਜਾਵੇ ਕਿਉਂਕਿ ਉਹ ਸਿਰਫ ਦੇਸ਼ ਦਾ ਭਵਿੱਖ ਹੀ ਨਹੀਂ ਹਨ ਸਗੋਂ ਵਿਕਾਸ ਦੀ ਕਹਾਣੀ ਦੇ ਭਾਈਵਾਲ ਵੀ ਹਨ। ਸਾਡੇ ਦੇਸ਼ ਲਈ ਇਹ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਲੋੜੀਂਦੀ ਮੁਹਾਰਤ ਅਤੇ ਗਿਆਨ ਨਾਲ ਪ੍ਰਭਾਵੀ ਢੰਗ ਨਾਲ ਤਾਕਤ ਪ੍ਰਦਾਨ ਕੀਤੀ ਜਾਵੇ। ਇਹ ਚੀਜ਼ਾਂ ਹੀ ਦੇਸ਼ ਨੂੰ ਵਿਕਾਸ ਦੇ ਰਾਹ ਉਤੇ ਪਾਉਣ ਲਈ ਬਹੁਤ ਅਹਿਮ ਹਨ। ਇਸ ਵੇਲੇ ਭਾਰਤ ਇਤਿਹਾਸ ਦੇ ਸਭ ਤੋਂ ਸ਼ਾਨਦਾਰ ਸਮੇਂ ਵਿੱਚੋਂ ਲੰਘ ਰਿਹਾ ਹੈ ਅਤੇ ਇਸ ਦੀ 50 ਪ੍ਰਤਿਸ਼ਤ ਤੋਂ ਜ਼ਿਆਦਾ ਅਬਾਦੀ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀ ਹੈ। ਸਾਲ 2020 ਤੱਕ ਔਸਤ ਉਮਰ 29 ਸਾਲ ਹੋ ਜਾਵੇਗੀ ਜਿਸ ਨਾਲ 47 ਮਿਲੀਅਨ ਕੰਮਕਾਜੀ ਅਬਾਦੀ ਵਾਧੂ ਹੋ ਜਾਵੇਗੀ। ਇਹ ਇਕ ਇਤਿਹਾਸਕ ਅੰਕੜਾ ਹੋਵੇਗਾ, ਇਸ ਲਈ ਲੋੜ ਇਸ ਗੱਲ ਦੀ ਹੈ ਕਿ ਨੌਜਵਾਨਾਂ ਨੂੰ ਮੁਹਾਰਤ ਵਿਕਾਸ ਅਤੇ ਉੱਦਮਸ਼ੀਲਤਾ ਦੀ ਮਦਦ ਨਾਲ ਸਹੀ ਵਰਤੋਂ ਵਿੱਚ ਲਿਆਂਦਾ ਜਾਵੇ। ਵਿਸ਼ਵ ਬੈਂਕ ਦੀ ਰਿਪੋਰਟ ਦਾ ਕਹਿਣਾ ਹੈ ਕਿ ਕੰਮਕਾਜੀ ਅਬਾਦੀ ਘੱਟੋ-ਘੱਟ 2040 ਤੱਕ ਵਧਦੀ ਹੀ ਜਾਵੇਗੀ। ਉਸ ਵੇਲੇ ਦੇਸ਼ ਇਕ 'ਵਿਕਾਸਸ਼ੀਲ ਦੇਸ਼' ਤੋਂ 'ਵਿਕਸਤ ਦੇਸ਼' ਵਿੱਚ ਤਬਦੀਲ ਹੋ ਸਕਦਾ ਹੈ।

ਨੌਜਵਾਨਾਂ ਦੀਆਂ ਉਮੀਦਾਂ ਉੱਤੇ ਪੂਰਾ ਉਤਰਨ ਅਤੇ ਆਰਥਿਕ ਵਿਕਾਸ ਨੂੰ ਧਿਆਨ ਵਿੱਚ ਰੱਖਣਾ ਹੀ ਵਿਕਾਸ ਦਾ ਏਜੰਡਾ ਹੈ। ਵੱਖਰੀ ਸੋਚ, ਨਵੀਆਂ ਖੋਜਾਂ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਫੈਸਲਾ ਲੈਣ ਦੇ ਕੰਮ ਵਿੱਚ ਭਾਈਵਾਲ ਬਣਾਏ ਜਾਣ ਨਾਲ ਇਕ ਅਜਿਹਾ ਮਾਹੌਲ ਵਿਕਸਤ ਹੋਵੇਗਾ ਜੋ ਕਿ ਦੇਸ਼ ਨੂੰ ਵਿਕਾਸ ਅਤੇ ਖ਼ੁਸ਼ਹਾਲੀ ਵੱਲ ਲੈ ਕੇ ਜਾਵੇਗਾ। ਇਸ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਪੱਖੀ ਮੁਹਾਰਤ ਨਾਲ ਲੈਸ ਕਰਨ ਦੀ ਚੁਨੌਤੀ ਪੈਦਾ ਹੋਵੇਗੀ ਅਤੇ ਕੰਮ ਦੀ ਮੰਗ ਅਤੇ ਪੂਰਤੀ ਵਿੱਚ ਫਰਕ ਨਹੀਂ ਰਹੇਗਾ। ਭਾਰਤ ਸਰਕਾਰ ਨੇ ਇਸ ਪਾੜੇ ਨੂੰ ਪੂਰਾ ਕਰਨ ਲਈ ਬਹੁ-ਪੱਖੀ ਨੀਤੀ ਸੰਬੰਧੀ ਪਹਿਲਕਦਮੀਆਂ ਜਿਵੇਂ ਕਿ ਮੇਕ ਇਨ ਇੰਡੀਆ, ਸਕਿੱਲ ਇੰਡੀਆ ਮਿਸ਼ਨ, ਸਟਾਰਟ ਅੱਪ ਇੰਡੀਆ, ਸਟੈਂਡ ਅੱਪ ਇੰਡੀਆ ਅਤੇ ਡਿਜੀਟਲ ਇੰਡੀਆ ਸ਼ੁਰੂ ਕੀਤੀਆਂ ਹਨ। ਇਨ੍ਹਾਂ ਪਹਿਲਕਦਮੀਆਂ ਦਾ ਉਦੇਸ਼ ਰੋਜ਼ਗਾਰ ਪੈਦਾ ਕਰਨਾ ਅਤੇ ਨੌਜਵਾਨਾਂ ਵਿੱਚ ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰਨਾ ਹੈ।

## ਮੇਕ ਇਨ ਇੰਡੀਆ

ਪ੍ਰਮੁੱਖ ਪ੍ਰੋਗਰਾਮ ਮੇਕ ਇਨ ਇੰਡੀਆ ਨਾਲ ਨਿਵੇਸ਼ ਵਧਾਉਣ ਵਿੱਚ ਮਦਦ ਮਿਲੇਗੀ। ਨਵੀਆਂ ਖੋਜਾਂ ਹੋਣਗੀਆਂ ਅਤੇ ਵੱਖ-ਵੱਖ ਖੇਤਰਾਂ ਵਿੱਚ ਨਿਰਮਾਣ ਸਰਗਰਮੀਆਂ ਵਿੱਚ ਤੇਜ਼ੀ ਆਵੇਗੀ ਜਿਸ ਨਾਲ 2022 ਤੱਕ 100 ਮਿਲੀਅਨ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਮੇਕ ਇਨ ਇੰਡੀਆ ਮਿਸ਼ਨ ਤਾਕਤ ਨੂੰ ਕਈ ਗੁਣਾ ਵਧਾਉਣ ਵਾਲਾ ਹੋਵੇਗਾ ਜਿਸ ਨਾਲ ਨੌਜਵਾਨਾਂ ਲਈ ਰੋਜ਼ਗਾਰ ਦੇ ਵੱਡੇ ਮੌਕੇ ਪੈਦਾ ਹੋਣਗੇ। ਮਿਸ਼ਨ ਦਾ ਉਦੇਸ਼ ਭਾਰਤ ਨੂੰ ਇਕ ਵਿਸ਼ਵਵਿਆਪੀ ਨਿਰਮਾਣ ਧੁਰੇ ਵਜੋਂ ਵਿਕਸਤ ਕਰਨਾ ਹੋਵੇਗਾ ਅਤੇ ਕੁੱਲ ਘਰੇਲੂ ਉਤਪਾਦ ਵਿੱਚ ਇਸ ਦਾ ਹਿੱਸਾ 2022 ਤੱਕ ਵਧ ਕੇ 25 ਪ੍ਰਤਿਸ਼ਤ ਹੋ ਸਕਦਾ ਹੈ। ਇਸ ਮਿਸ਼ਨ ਨੇ 25 ਖੇਤਰਾਂ ਦੀ ਚੋਣ ਕੀਤੀ ਹੈ ਜਿਨ੍ਹਾਂ ਵਿੱਚ ਕਿ ਉਸਾਰੀ, ਟੈਕਸਟਾਈਲ, ਫੂਡ ਪ੍ਰੋਸੈਸਿੰਗ, ਹਵਾਬਾਜ਼ੀ, ਰੱਖਿਆ ਸਾਜ਼ੋ-ਸਮਾਨ ਦਾ ਨਿਰਮਾਣ ਅਤੇ ਇਲੈਕਟ੍ਰਾਨਿਕਸ ਸ਼ਾਮਲ ਹਨ। ਭਾਰਤ ਸਰਕਾਰ ਨੇ ਘਰੇਲੂ ਅਤੇ ਅੰਤਰਰਾਸ਼ਟਰੀ ਕੰਪਨੀਆਂ ਨੂੰ ਭਾਰਤ ਵਿੱਚ ਇਨ੍ਹਾਂ ਖੇਤਰਾਂ ਦੇ ਨਿਰਮਾਣ ਅਤੇ ਸਮਾਨ ਨੂੰ ਵਿਸ਼ਵ ਪੱਧਰ ਉਤੇ ਵੇਚਣ ਲਈ ਐਫ ਡੀ ਆਈ ਖੇਤਰ ਵਿੱਚ ਢਿੱਲ ਦਿੱਤੀ ਹੈ। ਮੇਕ ਇਨ ਇੰਡੀਆ ਨਾਲ ਆਧੁਨਿਕ ਤਕਨਾਲੋਜੀ ਨੂੰ ਕੰਮ ਵਾਲੇ ਸਥਾਨ ਉਤੇ ਵਰਤੋਂ ਨੂੰ ਉਤਸ਼ਾਹ ਮਿਲੇਗਾ। ਇਸ ਸੰਦਰਭ ਵਿੱਚ ਮੌਜੂਦਾ ਅਤੇ ਭਵਿੱਖ ਦੇ ਮੁਲਾਜ਼ਮਾਂ ਨੂੰ ਵਧੇਰੇ ਨਿਪੁੰਨ ਸਿਖਲਾਈ ਦੀ ਲੋੜ ਹੋਵੇਗੀ। ਵੱਖ-ਵੱਖ ਤਰ੍ਹਾਂ ਦੀ ਨਿਪੁੰਨ ਕੰਮਕਾਜੀ ਸ਼ਕਤੀ ਜਿਸ ਵਿੱਚ ਕਿ ਤਕਨੀਸ਼ੀਅਨਜ਼, ਡਿਜ਼ਾਈਨਰ, ਪ੍ਰੋਗਰਾਮ ਮੈਨੇਜਰਜ਼, ਪ੍ਰੋਗਰਾਮ ਯੋਜਨਾਕਾਰ ਆਦਿ ਸ਼ਾਮਲ ਹੋਣਗੇ, ਨੂੰ ਰੋਜ਼ਗਾਰ ਦੇ ਚੰਗੇ ਮੌਕੇ ਮਿਲਣਗੇ। ਸੂਰਜੀ ਊਰਜਾ ਪੈਦਾ ਕਰਨ, ਇਮਾਰਤਾਂ ਨੂੰ ਹਰਿਤ ਬਣਾਉਣ, ਸਮਾਰਟ ਸਿਟੀਜ਼ ਆਦਿ ਨਾਲ ਨੌਕਰੀਆਂ ਦੇ ਨਵੇਂ ਮੌਕੇ ਪੈਦਾ ਹੋਣਗੇ। ਇਸ ਨਾਲ ਹੀ ਵੱਖ-ਵੱਖ ਨੌਕਰੀਆਂ ਪੈਦਾ ਹੋਣਗੀਆਂ ਜੋ ਕਿ ਵਧੇਰੇ ਈਕੋ-ਸਿਸਟਮ ਅਤੇ ਵਧੀਆ ਸਪਲਾਈ ਚੇਨ ਉਤੇ ਆਧਾਰਿਤ ਹੋਣਗੀਆਂ। ਇਸ ਨਾਲ ਭਾਰਤ ਮੁਕਾਬਲੇ ਦੀ ਮੰਡੀ ਬਣਨ ਤੋਂ ਇਲਾਵਾ ਇਕ ਵਿਸ਼ਵਵਿਆਪੀ ਉਤਪਾਦਨ ਕੇਂਦਰ ਵੀ ਬਣੇਗਾ।

## ਸਕਿੱਲ ਇੰਡੀਆ

ਭਾਵੇਂ ਕਿ ਭਾਰਤ ਅਬਾਦੀ ਪੱਖੋਂ ਇਕ ਚੰਗੇ ਦੇਸ਼ ਦਾ ਦਰਜਾ ਰੱਖਦਾ ਹੈ ਪਰ ਮਾਰਕੀਟ ਆਧਾਰਿਤ ਨਿਪੁੰਨਤਾ ਦੀ ਕੁਆਲਟੀ ਇਕ ਚੁਨੌਤੀ ਬਣੀ ਹੋਈ ਹੈ। ਹਰ ਸਾਲ 12 ਮਿਲੀਅਨ ਲੋਕ ਕੰਮਕਾਜੀ ਤਾਕਤ ਵਿੱਚ ਸ਼ਾਮਲ ਹੁੰਦੇ ਹਨ। ਇਨ੍ਹਾਂ ਵਿੱਚੋਂ ਸਿਰਫ 2 ਪ੍ਰਤਿਸ਼ਤ ਨੇ ਹੀ ਬਕਾਇਦਾ ਸਿਖਲਾਈ ਲਈ ਹੁੰਦੀ ਹੈ। ਮੁਹਾਰਤ ਵਿਕਾਸ ਅਤੇ ਉੱਦਮਸ਼ੀਲਤਾ ਦਾ ਇਕ ਨਵਾਂ ਮੰਤਰਾਲਾ ਵਿਕਸਤ ਹੋਣ ਨਾਲ ਮੁਹਾਰਤ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਮੇਕ ਇਨ ਇੰਡੀਆ

ਪਹਿਲਕਦਮੀ ਅਤੇ 100 ਸਮਾਰਟ ਸ਼ਹਿਰਾਂ ਦੇ ਮਿਸ਼ਨ ਨਾਲ ਇਸ ਵਿੱਚ ਹੋਰ ਤੇਜ਼ੀ ਆਈ ਹੈ। ਮੁਹਾਰਤ ਵਿਕਾਸ ਅਤੇ ਉੱਦਮਸ਼ੀਲਤਾ ਬਾਰੇ ਪਹਿਲੀ ਸੰਗਠਤ ਰਾਸ਼ਟਰੀ ਨੀਤੀ ਨੇ ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰਨ ਲਈ ਇਕ ਖਾਕਾ ਤਿਆਰ ਕੀਤਾ ਹੈ ਜੋ ਕਿ ਇਕ ਸਫਲ ਮੁਹਾਰਤ ਨੀਤੀ ਤਿਆਰ ਕਰਨ ਵਿੱਚ ਮਦਦ ਕਰੇਗਾ ਅਤੇ ਹਾਈਟੈੱਕ ਨੌਕਰੀਆਂ ਲਈ ਨੌਜਵਾਨਾਂ ਨੂੰ ਸਫਲਤਾ ਨਾਲ ਤਿਆਰ ਕੀਤਾ ਜਾ ਸਕੇਗਾ। ਇਸ ਵਿੱਚ ਕਿਹਾ ਗਿਆ ਹੈ ਕਿ ਇਕ ਅਜਿਹਾ ਮਜਬੂਤੀਕਰਨ ਦਾ ਸਿਸਟਮ ਤਿਆਰ ਕਰਨਾ ਜਿਸ ਰਾਹੀਂ ਵੱਡੇ ਪੱਧਰ ਉਤੇ ਉੱਚ ਮਿਆਰਾਂ ਵਾਲਾ ਕੰਮ ਹੋ ਸਕੇ ਅਤੇ ਇਕ ਅਜਿਹੀ ਸੱਭਿਆਚਾਰ ਅਧਾਰਿਤ ਉੱਦਮਸ਼ੀਲਤਾ ਨੂੰ ਉਤਸ਼ਾਹ ਮਿਲ ਸਕੇ ਜੋ ਕਿ ਪੈਸਾ ਅਤੇ ਰੋਜ਼ਗਾਰ ਪੈਦਾ ਕਰ ਸਕੇ ਤਾਂ ਕਿ ਦੇਸ਼ ਦੇ ਸਾਰੇ ਸ਼ਹਿਰੀਆਂ ਲਈ ਕਾਇਮ ਰਹਿਣ ਯੋਗ ਰੋਜ਼ਗਾਰ ਯਕੀਨੀ ਬਣਾਇਆ ਜਾ ਸਕੇ। ਇਸ ਪਹਿਲਕਦਮੀ ਅਧੀਨ ਕਈ ਨਿਪੁੰਨਤਾ ਵਿਕਾਸ ਸਕੀਮਾਂ ਅਤੇ ਪ੍ਰੋਗਰਾਮ ਆਰੰਭੇ ਜਾਣਗੇ ਜਿਨ੍ਹਾਂ ਵਿੱਚ ਬਹੁ-ਪੱਖੀ ਖੇਤਰਾਂ ਵਿੱਚ ਸਿਖਲਾਈ ਤੋਂ ਬਾਅਦ ਨੌਕਰੀ ਦਿਵਾਉਣ ਉਤੇ ਜ਼ੋਰ ਹੋਵੇਗਾ।

ਤਕਨਾਲੋਜੀ ਅਤੇ ਵਪਾਰ ਵਿੱਚ ਵੱਡੀ ਰੁਕਾਵਟ ਪੈਦਾ ਹੋਈ ਹੈ ਜੋ ਕਿ ਰੋਜ਼ਗਾਰ ਦੀ ਸਥਿਤੀ ਨੂੰ ਪ੍ਰਭਾਵਿਤ ਕਰ ਰਹੀ ਹੈ। ਅਜਿਹੀ ਸਥਿਤੀ ਵਿੱਚ ਨੌਕਰੀਆਂ ਬਲਿਯੂ ਕਾਲਰ ਜਾਂ ਵਾਈਟ ਕਾਲਰ ਨਹੀਂ ਰਹਿਣਗੀਆਂ ਸਗੋਂ 'ਨਿਊ ਕਾਲਰ' ਨੌਕਰੀਆਂ ਉਤੇ ਜ਼ੋਰ ਹੋਵੇਗਾ। ਨਵੀਂ ਪ੍ਰਣਾਲੀ ਵਿੱਚ ਬਨਾਵਟੀ ਨਿਪੁੰਨਤਾ, ਆਟੋਮੇਸ਼ਨ ਜਾਂ ਇੰਟਰਨੈੱਟ ਉੱਤੇ ਅੰਕੜਿਆਂ ਦੇ ਵਿਸ਼ਲੇਸ਼ਣ ਉਤੇ ਜ਼ੋਰ ਦਿੱਤਾ ਜਾਵੇਗਾ ਅਤੇ ਇਹ ਨੌਕਰੀਆਂ ਹਾਈ-ਟੈੱਕ ਹੋਣਗੀਆਂ। ਇਨ੍ਹਾਂ ਲਈ ਵਧੇਰੇ ਨਿਪੁੰਨ ਸਿਖਲਾਈ ਦੀ ਲੋੜ ਹੋਵੇਗੀ। ਸੰਗਠਨਾਂ ਵਲੋਂ ਨਿਪੁੰਨਤਾ ਦੀ ਮੰਗ ਕੀਤੀ ਜਾਵੇਗੀ ਜਿਸ ਵਿੱਚ ਕਿ ਨਿਪੁੰਨਤਾ ਦੀਆਂ ਨਵੀਆਂ ਪਹੁੰਚਾਂ ਦੀ ਲੋੜ ਹੋਵੇਗੀ। ਇਸ ਲਈ ਵਧੇਰੇ ਲੋੜ ਇਸ ਗੱਲ ਦੀ ਹੈ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇ ਬਦਲ ਰਹੇ ਢਾਂਚੇ ਅਨੁਸਾਰ ਢੁਕਵੇਂ ਢੰਗ ਨਾਲ ਸਿੱਖਿਅਤ ਕੀਤਾ ਜਾਵੇ। ਭਾਰਤ ਨੂੰ ਦੁਨੀਆਂ ਦੀ ਮੁਹਾਰਤ ਦੀ ਰਾਜਧਾਨੀ ਬਣਾਉਣ ਲਈ ਅੰਤਰਰਾਸ਼ਟਰੀ ਪੱਧਰ ਦੀ ਮੁਹਾਰਤ ਲਿਆਂਦੀ ਜਾਣੀ ਚਾਹੀਦੀ ਹੈ।

ਰਾਸ਼ਟਰੀ ਮੁਹਾਰਤ ਵਿਕਾਸ ਕਾਰਪੋਰੇਸ਼ਨ ਨੇ ਸੱਨਅਤ ਅਧਾਰਿਤ ਖੇਤਰ ਮੁਹਾਰਤ ਕੌਂਸਲਾਂ ਤਿਆਰ ਕੀਤੀਆਂ ਹਨ ਜੋ ਕਿ ਰਾਸ਼ਟਰੀ ਕਿੱਤਾਕਾਰੀ ਮਿਆਰ (ਐੱਨ ਓ ਐੱਸ) ਤਿਆਰ ਕਰ ਰਹੀਆਂ ਹਨ। ਐੱਨ ਓ ਐੱਸ ਕਾਰਗੁਜ਼ਾਰੀ ਦੇ ਮਿਆਰ ਨੂੰ ਦਰਸਾਉਂਦੀਆਂ ਹਨ ਕਿ ਹਰ ਇਕ ਨੂੰ ਕੰਮਕਾਜ ਵਾਲੀ ਥਾਂ ਉਤੇ ਮਿਆਰ ਹੀ ਹਾਸਲ ਕਰਨਾ ਚਾਹੀਦਾ ਹੈ ਹੁਣ ਸਾਰੇ ਸਿਖਲਾਈ ਪ੍ਰਦਾਨ ਕਰਨ ਵਾਲੇ ਸੰਸਥਾਨਾਂ ਨੂੰ ਮੁਹਾਰਤ ਦਾ ਸਰਟੀਫਿਕੇਟ ਦੇਣ ਲਈ ਇਨ੍ਹਾਂ ਐੱਨ ਓ ਐੱਸ ਦੀ ਪਾਲਣਾ ਕਰਨੀ ਜ਼ਰੂਰੀ ਹੋਵੇਗੀ। ਭਾਰਤ ਲਈ ਰਾਸ਼ਟਰੀ ਮੁਹਾਰਤ ਯੋਗਤਾ ਢਾਂਚਾ (ਐੱਨ ਐੱਸ ਐਟ ਕਿਊ) ਵਿਵਸਾਇਕ ਸਿੱਖਿਆ ਅਤੇ ਆਮ ਸਿੱਖਿਆ ਵਿੱਚ ਸੰਪਰਕ ਉੱਤੇ ਜ਼ੋਰ ਦਿੰਦਾ ਹੈ। ਇਹ ਨਤੀਜਾ ਆਧਾਰਿਤ ਪਹੁੰਚ ਉੱਤੇ ਅਧਾਰਿਤ ਹੁੰਦਾ ਹੈ। ਜਿਥੇ ਕਿ ਹਰ ਪੱਧਰ ਨੂੰ ਯੋਗਤਾ ਦੇ ਪੱਧਰ ਉਤੇ ਤੋਲਿਆ ਜਾਂਦਾ ਹੈ। ਅਜਿਹਾ ਨੌਜਵਾਨ ਅਬਾਦੀ ਨੂੰ ਉਨ੍ਹਾਂ ਦੇ ਵਿਸ਼ਵਵਿਆਪੀ ਭਾਈਵਾਲਾਂ ਦੇ ਬਰਾਬਰ ਬਣਾਉਣ ਲਈ ਜ਼ਰੂਰੀ ਹੈ।

## ਕਾਢਾਂ, ਇਨਕਿਊਬੇਟਰ, ਸਟਾਰਟ ਅੱਪ ਅਤੇ ਸਟੈਂਡ ਅੱਪ ਈਕੋ-ਸਿਸਟਮ

ਭਾਰਤ ਹਮੇਸ਼ਾ ਹੀ ਨਵੀਆਂ ਕਾਢਾਂ ਦਾ ਜਨਮਦਾਤਾ ਰਿਹਾ ਹੈ। ਦੇਸ਼ ਵਿੱਚ ਹੀ ਤਿਆਰ ਮੰਗਲਯਾਨ ਦੀ ਸਫਲਤਾ ਦੀ ਕਾਢ ਜਿਸ ਨਾਲ ਕਿ ਮੰਗਲ ਤੱਕ ਦੇ 650 ਮਿਲੀਅਨ ਕਿਲੋਮੀਟਰ ਦੇ ਰਸਤੇ ਨੂੰ ਪਾਰ ਕਰਨ ਲਈ ਸਿਰਫ 7 ਰੁਪਏ ਪ੍ਰਤਿ ਕਿਲੋਮੀਟਰ ਦਾ ਖਰਚਾ ਆਇਆ ਹੈ। ਇਸ ਤੋਂ ਭਾਰਤ ਦੀ ਖੋਜ ਤਕਨਾਲੋਜੀ ਅਤੇ ਲੀਡਰਸ਼ਿਪ ਦਾ ਪਤਾ ਲਗਦਾ ਹੈ। 'ਵਿਭਿੰਨਤਾ ਕਾਢ ਦੀ ਜਨਮਦਾਤੀ ਹੈ' ਅਤੇ ਭਾਰਤ ਦਾ ਵਿਭਿੰਨਤਾ ਦਾ ਪੱਧਰ ਕਾਫੀ ਉੱਚਾ ਹੈ। ਸਾਡੇ ਨੌਜਵਾਨ ਚਮਕਦਾਰ ਵਿਚਾਰਾਂ ਨਾਲ ਭਰਪੂਰ ਹਨ, ਉਨ੍ਹਾਂ ਦੇ ਵਿਚਾਰਾਂ ਨੂੰ ਹਮਾਇਤ ਦੀ ਜ਼ਰੂਰਤ ਹੈ। ਨਵੀਆਂ ਖੋਜਾਂ ਦਾ ਸੱਭਿਆਚਾਰ ਸਕੂਲ ਤੋਂ ਸ਼ੁਰੂ ਹੋਣਾ ਚਾਹੀਦਾ ਹੈ। ਦੇਸ਼ ਦੇ ਕਈ ਵਪਾਰਕ ਇਨਕਿਊਬੇਟਰ ਵਿੱਦਿਅਕ ਸੰਸਥਾਵਾਂ ਵਿੱਚ ਅਤੇ ਮੁਢਲੇ ਪੱਧਰ ਦੀਆਂ ਮਾਲੀ ਸੰਸਥਾਵਾਂ ਵਿੱਚ ਤਿਆਰ ਹੋ ਰਹੇ ਹਨ। ਇਨ੍ਹਾਂ ਵਿੱਚੋਂ ਕਈਆਂ ਨੂੰ ਵੱਡੇ ਸੱਨਅਤੀ ਘਰਾਣਿਆਂ ਦਾ ਸਹਿਯੋਗ ਪ੍ਰਾਪਤ ਹੈ ਅਤੇ ਜੋ ਇਨ੍ਹਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਖੋਜ ਅਤੇ ਵਿਕਾਸ ਹੁਣ ਦਿਹਾਤੀ ਯੁਵਾ ਖੋਜੀਆਂ ਵੱਲ ਅਤੇ ਐੱਮ ਐੱਸ ਐੱਮ ਈਜ਼ ਵੱਲ ਕੇਂਦ੍ਰਿਤ ਹੋਣੇ ਚਾਹੀਦੇ ਹਨ। ਕਿਉਂਕਿ ਵਧੇਰੇ ਨਵੇਂ ਵਿਚਾਰ ਇਥੋਂ ਹੀ ਨਿਕਲਦੇ ਹਨ। ਵੱਖ-ਵੱਖ ਸਰਕਾਰੀ ਵਿਭਾਗ ਜਿਵੇਂ ਕਿ ਡੀ ਐੱਸ ਆਈ ਆਰ, ਸੀ ਐੱਸ ਟੀ ਈ ਡੀ ਬੀ, ਡੀ ਈ ਟੀ, ਐੱਨ ਐੱਸ ਟੀ ਈ ਡੀ ਬੀ, ਡੀ ਈ ਟੀ ਅਤੇ ਹੋਰ ਕਈ ਨਿੱਜੀ ਏਜੰਸੀਆਂ ਵੀ ਸਾਇੰਸ, ਤਕਨਾਲੋਜੀ ਅਤੇ ਕਾਢ ਵਿੱਚ ਪੈਸਾ ਲਗਾ ਰਹੀਆਂ ਹਨ। ਕਈ ਅਦਾਰੇ, ਨਿੱਜੀ ਇਕਵਿਟੀ ਫੰਡ ਅਤੇ ਵੱਡੇ ਨਿਵੇਸ਼ਕ ਕਾਢਾਂ ਦੀ ਹਮਾਇਤ ਕਰਕੇ ਨੌਜਵਾਨਾਂ ਨੂੰ ਨਵੀਂ ਤਕਨਾਲੋਜੀ ਤੱਕ ਪਹੁੰਚਣ ਵਿੱਚ ਸਹਾਈ ਹੋ ਰਹੇ ਹਨ।

ਇਨਕਿਊਬੇਟਰ ਨਵੇਂ ਕੰਮ ਦੀ ਸ਼ੁਰੂਆਤ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਮੁਢਲੇ ਪੜਾਅ ਵਿੱਚ ਮਦਦ ਕਰਦੇ ਹਨ। ਉਸ ਵੇਲੇ ਅਜਿਹੇ ਲੋਕ ਆਪਣੇ ਮਿੱਤਰਾਂ ਅਤੇ ਪਰਿਵਾਰਾਂ ਤੋਂ ਵੀ ਮਦਦ ਹਾਸਲ ਕਰ ਰਹੇ ਹੁੰਦੇ ਹਨ। ਇਨਕਿਊਬੇਟਰ ਕੰਮ ਦੀ ਸ਼ੁਰੂਆਤ ਕਰਨ ਵਾਲਿਆਂ ਲਈ ਕਾਫੀ ਅਹਿਮ ਹੁੰਦੇ ਹਨ ਕਿਉਂਕਿ ਗਰਾਂਟਾਂ ਪ੍ਰਦਾਨ ਕਰਨ ਤੋਂ ਇਲਾਵਾ ਉਹ ਉਨ੍ਹਾਂ ਨੂੰ ਕੰਮ ਸ਼ੁਰੂ ਕਰਨ ਲਈ ਜਗ੍ਹਾ ਦਿੰਦੇ ਹਨ ਅਤੇ ਇਕ ਨੈੱਟਵਰਕਿੰਗ ਪਲੇਟਫਾਰਮ ਵੀ ਪ੍ਰਦਾਨ ਕਰਦੇ ਹਨ। ਉਹ ਉਨ੍ਹਾਂ ਨੂੰ ਗਾਹਕਾਂ ਤੱਕ ਪਹੁੰਚ ਪ੍ਰਦਾਨ ਕਰਦੇ ਹਨ, ਗਵਾਹੀ ਦਿੰਦੇ ਹਨ ਅਤੇ ਉਨ੍ਹਾਂ ਦੇ ਸਿਰ ਉੱਤੇ ਹੱਥ ਰੱਖਦੇ ਹਨ। ਬਾਜ਼ਾਰ ਦੀ ਮੰਗ ਅਨੁਸਾਰ ਉਨ੍ਹਾਂ ਦੇ ਉਤਪਾਦਾਂ ਲਈ ਮਦਦ ਅਤੇ ਮਸਲਿਆਂ ਦਾ ਹੱਲ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਉਹ ਉਨ੍ਹਾਂ ਲਈ ਪੂੰਜੀ ਅਤੇ ਪੂੰਜੀ ਬਾਜ਼ਾਰ ਦਾ ਪ੍ਰਬੰਧ ਵੀ ਕਰਦੇ ਹਨ। ਭਾਰਤ ਵਿੱਚ ਬਹੁਤ ਸਾਰੇ ਇਨਕਿਊਬੇਟਰ ਵਿੱਦਿਅਕ ਸੰਸਥਾਵਾਂ ਵਿੱਚ ਹੀ ਸਥਿਤ ਹੁੰਦੇ ਹਨ। ਇਨ੍ਹਾਂ ਵਿੱਚੋਂ 118 ਨੂੰ ਤਾਂ ਵਪਾਰ ਅਤੇ ਸੱਨਅਤ ਮੰਤਰਾਲਾ ਵਲੋਂ ਸਟਾਰਟ ਅੱਪ ਇੰਡੀਆ ਸਕੀਮ ਅਧੀਨ ਮਾਨਤਾ ਮਿਲੀ ਹੋਈ ਹੈ। ਨੌਜਵਾਨਾਂ ਦੀ ਸਟਾਰਟ ਅੱਪ ਉੱਦਮਸ਼ੀਲਤਾ ਇਕ ਪ੍ਰਮੁੱਖ ਪਸੰਦ ਹੈ। ਭਾਰਤ ਵਿੱਚ 10,000 ਤੋਂ ਵੱਧ ਸਟਾਰਟ ਅੱਪ ਹਨ ਅਤੇ 2020 ਤੱਕ ਇਨ੍ਹਾਂ ਦੀ ਗਿਣਤੀ 11,500 ਨੂੰ ਪਾਰ ਕਰ ਜਾਣ ਦੀ ਆਸ ਹੈ। ਭਾਰਤ ਦਾ ਸਟਾਰਟ ਅੱਪ ਦੁਨੀਆਂ ਦੇ ਈਕੋ-ਸਿਸਟਮ ਵਿੱਚ ਤੀਸਰਾ ਸਭ ਤੋਂ ਵੱਡਾ ਢਾਂਚਾ ਹੈ। ਕਾਢ ਦਾ ਇਹ ਸੱਭਿਆਚਾਰ ਨੌਜਵਾਨ ਉੱਦਮੀਆਂ ਵਿੱਚ ਫੈਲਿਆ ਹੋਇਆ ਹੈ ਕਿਉਂਕਿ ਸਕੂਲਾਂ ਅਤੇ ਉੱਚ ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀ

ਈ-ਕਲੱਬਾਂ ਅਤੇ ਸਭਾਵਾਂ ਬਣਾ ਰਹੇ ਹਨ ਅਤੇ ਬਹੁਤ ਸਾਰੇ ਲੋਕ ਮਿਲ ਕੇ ਕੰਮ ਕਰ ਰਹੇ ਹਨ। ਇਹ ਕਲੱਬ ਅਤੇ ਸੰਸਥਾਨ ਉੱਦਮਸ਼ੀਲਤਾ ਦੀ ਭਾਵਨਾ ਪੈਦਾ ਕਰ ਰਹੇ ਹਨ ਅਤੇ ਵਪਾਰਕ ਸਮਝ ਵਧਾ ਰਹੇ ਹਨ।

ਨਿਗਮਤ ਸਮਾਜਿਕ ਜ਼ਿੰਮੇਵਾਰੀ ਫੰਡਾਂ ਵਿੱਚ ਸੱਨਅਤ ਅਤੇ ਤਕਨਾਲੋਜੀ ਵਪਾਰਕ ਇਨਕਿਊਬੇਟਰਾਂ ਵਿੱਚ ਸੰਪਰਕ ਵਧਾਉਣ ਦੀ ਸਮਰੱਥਾ ਹੈ। ਭਾਰਤੀ ਕੰਪਨੀ ਕਾਨੂੰਨ 2013 ਦੇ ਸ਼ਡਿਊਲ 7 ਦੀ ਧਾਰਾ 135 ਵਿੱਚ ਪ੍ਰਬੰਧ ਹੈ ਕਿ ਭਾਰਤੀ ਕੰਪਨੀਆਂ ਇਨਕਿਊਬੇਟਰ ਦੇ ਵਿਕਾਸ ਵਿੱਚ ਮਦਦ ਕਰ ਸਕਦੀਆਂ ਹਨ। ਇਹ ਮਦਦ ਉਨ੍ਹਾਂ ਦੇ 2 ਪ੍ਰਤਿਸ਼ਤ ਖਰਚੇ ਦੇ ਹਿੱਸੇ ਵਿੱਚੋਂ ਕੀਤੀ ਜਾ ਸਕਦੀ ਹੈ।

ਸਟੈਂਡ ਅੱਪ ਇੰਡੀਆ ਸਕੀਮ ਔਰਤਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਮੈਂਬਰਾਂ ਨੂੰ ਸਮਰਪਿਤ ਹੈ ਅਤੇ ਇਸ ਦਾ ਉਦੇਸ਼ ਉੱਦਮਸ਼ੀਲਤਾ ਪ੍ਰਾਜੈਕਟਾਂ ਨੂੰ ਉਤਸ਼ਾਹਿਤ ਕਰਨਾ ਹੈ। ਔਰਤਾਂ ਅਤੇ ਅਨੁਸੂਚਿਤ ਜਾਤੀਆਂ/ ਅਨੁਸੂਚਿਤ ਜਨਜਾਤੀਆਂ ਦੇ ਉੱਦਮੀ 10 ਲੱਖ ਤੋਂ 1 ਕਰੋੜ ਰੁਪਏ ਤੱਕ ਦਾ ਕਰਜ਼ਾ ਲੈ ਸਕਦੇ ਹਨ ਜੋ ਕਿ 7 ਸਾਲਾਂ ਵਿੱਚ ਵਾਪਸ ਕਰਨਾ ਹੁੰਦਾ ਹੈ। ਇਹ ਸਕੀਮ ਨੌਜਵਾਨ ਉੱਦਮੀਆਂ ਨੂੰ ਸੇਵਾਵਾਂ, ਈ-ਮਾਰਕੀਟ ਸੰਸਥਾਨਾਂ ਅਤੇ ਆਨ-ਲਾਈਨ ਪਲੇਟਫਾਰਮਾਂ ਕੋਲ ਰਜਿਸਟ੍ਰੇਸ਼ਨ ਬਾਰੇ ਜਾਣੂ ਕਰਵਾਉਂਦੀ ਹੈ।

### ਨੌਜਵਾਨਾਂ ਦੀ ਤਾਕਤ ਦੀ ਖੁੱਲ੍ਹੀ ਵਰਤੋਂ

ਭਾਰਤ ਇਸ ਵੇਲੇ ਇਕ ਚੁਰਾਹੇ ਉਤੇ ਖੜ੍ਹਾ ਹੈ ਕਿਉਂਕਿ ਇਸ ਨੇ ਨੌਜਵਾਨ ਅਬਾਦੀ ਦੀਆਂ ਆਸਾਂ ਉਤੇ ਪੂਰਾ ਉਤਰਨਾ ਹੈ। ਆਸਵੰਦ ਨੌਜਵਾਨਾਂ ਦੀ ਊਰਜਾ ਅਤੇ ਚੰਗੀ ਜ਼ਿੰਦਗੀ ਪ੍ਰਤਿ ਉਨ੍ਹਾਂ ਦੀ ਭੁੱਖ ਵਿਕਸਤ ਭਾਰਤ ਦੀ ਆਸ ਪੈਦਾ ਕਰਦੀ ਹੈ। ਸੱਨਅਤੀਕ੍ਰਿਤ ਆਰਥਿਕਤਾਵਾਂ ਵਿੱਚ ਕੰਮਕਾਜੀ ਤਾਕਤ ਅਗਲੇ 20 ਸਾਲਾਂ ਵਿੱਚ ਲਗਭਗ 4 ਪ੍ਰਤਿਸ਼ਤ ਘਟੇਗੀ ਜਦ ਕਿ ਭਾਰਤ ਵਿੱਚ ਇਸ ਵਿੱਚ 32 ਪ੍ਰਤਿਸ਼ਤ ਦਾ ਵਾਧਾ ਹੋਵੇਗਾ। ਨੌਜਵਾਨਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੀ ਸਮਰੱਥਾ ਵਧਾਉਣਾ ਭਾਰਤੀ ਵਪਾਰ ਦੀਆਂ ਪ੍ਰਸ਼ੰਸਾਯੋਗ ਪਹਿਲਕਦਮੀਆਂ ਵਿੱਚ ਸ਼ਾਮਲ ਹੈ। ਭਾਰਤ ਇਸ ਵੇਲੇ ਵਿਸ਼ਵਵਿਆਪੀ ਨਿਰਮਾਣ ਧੁਰੇ ਵਜੋਂ ਅਤੇ ਦੁਨੀਆਂ ਦੀ ਮੁਹਾਰਤ ਪੂੰਜੀ ਵਜੋਂ ਵਿਕਸਤ ਹੋ ਰਿਹਾ ਹੈ। ਸਕਿੱਲ ਇੰਡੀਆ ਅਤੇ ਸਟਾਰਟ ਅੱਪ ਇੰਡੀਆ ਮਿਸ਼ਨ ਨੌਜਵਾਨਾਂ ਨੂੰ ਵਿੱਦਿਆ ਤੋਂ ਰੋਜ਼ਗਾਰ ਵੱਲ ਵਧਣ ਦੇ ਇਸ ਦੌਰ ਨੂੰ ਸੁਖਾਲਾ ਕਰਨ ਵਿੱਚ ਮਦਦ ਕਰਨਗੇ। ਮੁਹਾਰਤ ਦੀ ਪ੍ਰਸ਼ੰਸਾ ਅਤੇ ਨੌਜਵਾਨਾਂ ਦੇ ਦਿਮਾਗ ਵਿੱਚ ਨੌਕਰੀਆਂ ਲੱਭਣ ਵਾਲੇ ਦੀ ਥਾਂ ਉਤੇ ਨੌਕਰੀਆਂ ਪ੍ਰਦਾਨ ਕਰਨ ਵਾਲੇ ਬਣਨ ਦੀ ਤਬਦੀਲੀ ਸਾਡੇ ਨਿਰੰਤਰ ਵਿਕਾਸ ਦੀ ਕੁੰਜੀ ਹੈ। ਨੌਜਵਾਨਾਂ ਵਿੱਚ ਉੱਦਮਸ਼ੀਲਤਾ ਵਿਕਾਸ ਲਈ ਲਾਜ਼ਮੀ ਹੈ ਇਸ ਦੇ ਲਈ ਲਗਾਤਾਰ ਸਾਂਝੀਆਂ ਕੋਸ਼ਿਸ਼ਾਂ ਅਤੇ ਦੂਰ ਦ੍ਰਿਸ਼ਟੀ ਵਾਲੀ ਲੀਡਰਸ਼ਿਪ ਦੀ ਲੋੜ ਹੈ। ਨਾ ਸਿਰਫ ਸਰਕਾਰ ਸਗੋਂ ਨਿੱਜੀ ਖੇਤਰ ਅਤੇ ਵਿੱਦਿਅਕ ਮਾਹਰਾਂ ਨੂੰ ਨਵਾਂ ਭਾਰਤ ਤਿਆਰ ਕਰਨ ਦੀ ਚੁਨੌਤੀ ਨੂੰ ਮਿਲ ਕੇ ਪੂਰਨਾ ਪਵੇਗਾ ਤਾਂ ਹੀ ਵਿਸ਼ਵਵਿਆਪੀ ਚੁਨੌਤੀਆਂ ਨਾਲ ਮਿਲ ਕੇ ਨਜਿੱਠਿਆ ਜਾ ਸਕੇਗਾ।

*(ਲੇਖਕ ਪੀ ਐੱਚ ਡੀ ਚੈਂਬਰ ਆਫ ਕਾਮਰਸ, ਨਵੀਂ ਦਿੱਲੀ ਵਿੱਚ ਉੱਚ ਸਕੱਤਰ ਅਤੇ ਐੱਚ ਆਰ ਮੁਖੀ ਹਨ।)*

*e-mail :jatinder@phdcci.in*

*ਸਫ਼ਾ 29 ਦੀ ਬਾਕੀ*

40 ਲੱਖ ਤੋਂ ਵੱਧ ਡਿਜੀਟਲ ਲਾਕਰ ਨਾਗਰਿਕਾਂ ਵਲੋਂ ਬਣਾਏ ਗਏ ਹਨ। ਸਰਕਾਰ ਵਲੋਂ 20 ਲੱਖ ਤੋਂ ਵੱਧ ਈ-ਹਸਤਾਖ਼ਰ ਨਾਗਰਿਕਾਂ ਨੂੰ ਜਾਰੀ ਕੀਤੇ ਗਏ ਹਨ। ਡਿਜੀ ਲਾਕਰ ਅਧਾਰ ਕਾਰਡ ਨਾਲ ਵੀ ਜੋੜਿਆ ਜਾ ਸਕਦਾ ਹੈ। ਇਹ ਸੰਖੇਪ ਵਿੱਚ ਬਿਆਨ ਕਰਦਾ ਹੈ ਕਿ ਕਿਵੇਂ ਡਿਜੀਟਲ ਇੰਡੀਆ ਭਾਰਤ ਡਿਜੀਟਲ ਤੌਰ ਤੇ ਮਜਬੂਤ ਸਮਾਜ ਵਿੱਚ ਬਦਲਣ ਲਈ ਮੰਚਾਂ ਤੇ ਪ੍ਰੋਟੋਕਾਲ ਦੀਆਂ ਪਰਤਾਂ ਉਸਾਰ ਰਿਹਾ ਹੈ।

### 2017-18 ਦੇ ਬਜਟ ਵਿੱਚ ਡਿਜੀਟਲ ਇੰਡੀਆ ਪ੍ਰੋਗਰਾਮ ਉਤੇ ਸਰਕਾਰ ਦਾ ਧਿਆਨ

ਡਿਜੀਟਲ ਇੰਡੀਆ ਪ੍ਰੋਗਰਾਮ ਦੀ ਰਫ਼ਤਾਰ ਨੂੰ ਹੁਲਾਰਾ ਦੇਣ ਲਈ ਸਰਕਾਰ ਵਲੋਂ 2017-18 ਦੇ ਕੇਂਦਰੀ ਬਜਟ ਵਿੱਚ ਕਈ ਕਦਮਾਂ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਵਲੋਂ ਦੇਸ਼ ਅੰਦਰ ਡਿਜੀਟਲ ਅਦਾਇਗੀਆਂ ਵਧਾਉਣ ਲਈ, ਪੇਂਡੂ ਖੇਤਰਾਂ ਵਿੱਚ ਇੰਟਰਨੈੱਟ ਸੰਪਰਕ ਅਤੇ ਪਹੁੰਚ ਵਿੱਚ ਸੁਧਾਰ ਕਰਨ ਲਈ ਆਪਟੀਕਲ ਫਾਈਬਰ ਨੈੱਟਵਰਕ ਨੂੰ ਹੁਲਾਰਾ ਦੇਣ ਸੰਬੰਧੀ ਕਈ ਕਦਮਾਂ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਦਾ ਨਿਸ਼ਾਨਾ ਡਿਜੀਟਲ ਅਦਾਇਗੀ ਦੇ ਵੱਖ-ਵੱਖ ਮੰਚਾਂ, ਜਿਵੇਂ ਯੂ ਪੀ ਆਈ, ਯੂ ਐੱਸ ਐੱਸ ਡੀ, ਅਧਾਰ ਪੇਅ, ਆਈ ਐੱਮ ਪੀ ਐੱਸ ਅਤੇ ਕ੍ਰੈਡਿਟ ਕਾਰਡਾਂ ਰਾਹੀਂ 2017-18 ਵਾਸਤੇ 2500 ਕਰੋੜ ਲੈਣ ਦੇਣ ਕਰਨ ਦਾ ਹੈ। ਸਰਕਾਰ ਵਲੋਂ ਬੈਂਕਾਂ ਲਈ ਵੀ ਮਾਰਚ 2017 ਤੱਕ 10 ਲੱਖ ਨਵੇਂ ਵਿਕਰੀ ਦੇ ਬਿੰਦੂ (ਪੀ ਓ ਐੱਸ) ਜਾਰੀ ਕਰਨ ਦਾ ਟੀਚਾ ਮਿਥਿਆ ਗਿਆ ਹੈ। ਬੈਂਕਾਂ ਨੂੰ ਸਤੰਬਰ 2017 ਤੱਕ 20 ਲੱਖ ਅਧਾਰ ਉਤੇ ਅਧਾਰਤ 20 ਲੱਖ ਵਿਕਰੀ ਦੇ ਬਿੰਦੂ (ਪੀ ਓ ਐੱਸ) ਜਾਰੀ ਕਰਨ ਲਈ ਵੀ ਉਤਸ਼ਾਹਿਤ ਕੀਤਾ ਗਿਆ ਹੈ। ਬਜਟ ਵਿੱਚ ਖੁਲਾਸਾ ਕੀਤਾ ਗਿਆ ਕਿ 2018 ਤੱਕ 1.5 ਲੱਖ ਗ੍ਰਾਮ ਪੰਚਾਇਤਾਂ ਵਿੱਚ ਤੇਜ਼ ਗਤੀ ਵਾਲਾ ਬ੍ਰਾਡਬੈਂਡ ਆਪਟੀਕਲ ਫਾਈਬਰ ਤੇ ਹਾਟ ਸਪਾਟ ਅਤੇ ਡਿਜੀਟਲ ਸੇਵਾਵਾਂ ਸਮੇਤ ਉਪਲਬਧ ਹੋ ਜਾਵੇਗਾ। ਇਸ ਦਾ ਕਿਰਾਇਆ ਵੀ ਘੱਟ ਰੱਖਿਆ ਜਾਵੇਗਾ। ਭਾਰਤ ਨੈੱਟ ਅਧੀਨ 1.55 ਲੱਖ ਕਿਲੋਮੀਟਰ ਆਪਟੀਕਲ ਫਾਈਬਰ ਵਿਛਾਈ ਗਈ ਹੈ।, ਇਸ ਸੰਬੰਧ ਵਿੱਚ, ਬਜਟ ਅੰਦਰ 10,000 ਕਰੋੜ ਰੁਪਏ ਭਾਰਤ ਨੈੱਟ ਪ੍ਰਾਜੈਕਟ ਲਈ ਰੱਖੇ ਗਏ ਹਨ।

### ਸਿੱਟਾ

ਸਰਕਾਰ ਦੀਆਂ ਪਹਿਲਕਦਮੀਆਂ ਅਤੇ ਕੁਮਕ ਨਾਲ, ਡਿਜੀਟਲ ਇੰਡੀਆ ਪ੍ਰੋਗਰਾਮ ਵੱਡੀ ਸਫਲਤਾ ਸਹਿਤ ਟੀਚੇ ਸਰ ਕਰਨ ਲਈ ਤਿਆਰ ਹੈ। ਕਿਉਂਕਿ ਨਾਗਰਿਕ ਇਸ ਪ੍ਰੋਗਰਾਮ ਨਾਲ ਸਹਿਯੋਗ ਕਰਨ ਲਈ ਤਿਆਰ ਹੋਣੇ ਹਨ, ਇਸ ਕਰਕੇ ਭਾਰਤ ਲਈ ਦੁਨੀਆਂ ਵਿੱਚ ਡਿਜੀਟਲ ਤੌਰ ਤੇ ਮਜਬੂਤ ਸਮਾਜ ਬਣਨਾ ਔਖਾ ਨਹੀਂ ਹੋਵੇਗਾ। ਸਰਕਾਰ ਅਤੇ ਭਾਰਤ ਦੇ ਨਾਗਰਿਕ ਬਹੁਤ ਸਾਰੇ ਨਵੇਂ ਟੀਚੇ ਹਾਸਲ ਕਰ ਸਕਦੇ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਡਿਜੀਟਲ ਇੰਡੀਆ ਪ੍ਰੋਗਰਾਮ ਆਉਣ ਵਾਲੇ ਸਮੇਂ ਵਿੱਚ ਭਾਰਤ ਨੂੰ ਡਿਜੀਟਲ ਤੌਰ ਤੇ ਵਿਕਸਤ ਦੇਸ਼ ਵਿੱਚ ਬਦਲ ਸਕੇ।

*(ਲੇਖਕ ਭਾਰਤ ਦੇ ਸਾਫਟਵੇਅਰ ਤਕਨਾਲੋਜੀ ਪਾਰਕਾਂ ਦੇ ਡਾਇਰੈਕਟਰ ਜਨਰਲ ਹਨ)*

*e-mail :rai@stpi.in*

# ਵਪਾਰ ਕਰਨ ਦੀ ਸੌਖ

ਦਾਨਿਸ਼ ਏ. ਹਾਸਿਮ, ਐਸ਼ਵਰਿਆ ਨਾਹਟਾ

ਜਾਣ-ਪਛਾਣ

ਭਾਰਤ ਵਿੱਚ ਆਰਥਿਕ ਸੁਧਾਰਾਂ ਦਾ ਇਕ ਅਹਿਮ ਪੱਖ ਵਪਾਰਕ ਮਨਜ਼ੂਰੀਆਂ ਅਤੇ ਪ੍ਰਵਾਨਗੀਆਂ ਵਿਚੋਂ ਸਰਕਾਰ ਦੀ ਨਿਯਮਕ ਵਾਲੀ ਭੂਮਿਕਾ ਨੂੰ ਘੱਟ ਕਰਕੇ ਇਸ ਦੀ ਥਾਂ ਉਤੇ ਸਹੂਲਤ ਵਾਲੀ ਭੂਮਿਕਾ ਲਿਆਉਣਾ ਰਿਹਾ ਹੈ ਜਿਸ ਨਾਲ ਵਪਾਰ ਕਰਨ ਦੀ ਸੌਖ (ਈ ਓ ਡੀ ਬੀ) ਵਿੱਚ ਸੁਧਾਰ ਆਉਂਦਾ ਹੈ। ਪਰ, ਇਸ ਦਿਸ਼ਾ ਵਿੱਚ ਸੁਧਾਰਾਂ ਦੀ ਰਫ਼ਤਾਰ ਨਾਕਾਫੀ ਰਹੀ ਹੈ ਕਿਉਂਕਿ ਆਰਥਿਕਤਾ ਉਦਯੋਗਿਕ ਖੇਤਰ ਦਾ ਕੁੱਲ ਘਰੇਲੂ ਉਤਪਾਦ ਵਿੱਚ ਹਿੱਸਾ 2014 ਵਿੱਚ ਸਿਰਫ 24.2 ਪ੍ਰਤਿਸ਼ਤ ਸੀ ਜਦ ਕਿ ਇਸ ਦੀ ਤੁਲਨਾ ਵਿੱਚ ਚੀਨ ਦਾ 43.9 ਪ੍ਰਤਿਸ਼ਤ, ਦੱਖਣੀ ਕੋਰੀਆ ਦਾ 38.7 ਪ੍ਰਤਿਸ਼ਤ ਅਤੇ ਮਲੇਸ਼ੀਆ ਦਾ 34.7 ਪ੍ਰਤਿਸ਼ਤ ਸੀ। ਨਿਰਮਾਣ, ਜੋ ਉਦਯੋਗਿਕ ਉਤਪਾਦਨ ਦਾ ਵੱਡਾ ਹਿੱਸਾ ਹੁੰਦਾ ਹੈ ਅਤੇ ਜੋ ਸਰਕਾਰ ਦੀ 'ਮੇਕ ਇਨ ਇੰਡੀਆ' ਮੁਹਿੰਮ ਦੀ ਸਫਲਤਾ ਲਈ ਬਹੁਤ ਅਹਿਮ ਹੈ, ਇਸ ਦੇ ਵਪਾਰ ਕਰਨ ਦੀ ਸੌਖ ਦੇ ਸੁਧਾਰਾਂ ਵਿੱਚ ਕਮੀ ਦਾ ਖਾਸਾ ਅਸਰ ਪਿਆ ਹੈ। ਬੁਨਿਆਦੀ ਢਾਂਚਾ, ਜੋ ਕਿਸੇ ਵੀ ਆਰਥਿਕ ਸਰਗਰਮੀ ਲਈ ਬਹੁਤ ਅਹਿਮ ਹੁੰਦਾ ਹੈ, ਇਹ ਪ੍ਰਕਿਰਿਆਵਾਂ, ਪਾਲਣਾਵਾਂ ਅਤੇ ਮਨਜ਼ੂਰੀਆਂ ਦੀਆਂ ਮੁਸ਼ਕਿਲ ਲੋੜਾਂ ਦਾ ਸ਼ਿਕਾਰ ਹੈ। ਵਾਸਤਵਿਕ ਸਬੂਤ ਦਰਸਾਉਂਦੇ ਹਨ ਕਿ ਇਕ ਆਮ ਬੁਨਿਆਦੀ ਢਾਂਚੇ ਦੇ ਪ੍ਰਾਜੈਕਟ ਲਈ 19 ਮੰਤਰਾਲਿਆਂ ਤੋਂ ਮਨਜ਼ੂਰੀ ਲੈਣ ਦੀ ਲੋੜ ਪੈਂਦੀ ਹੈ ਅਤੇ ਵਾਤਾਵਰਨ ਤੇ ਅੰਦਰੂਨੀ ਸੁਰੱਖਿਆ ਵਰਗੇ ਮੁੱਦਿਆਂ ਲਈ ਔਸਤਨ 56 ਪ੍ਰਵਾਨਗੀਆਂ ਲੈਣੀਆਂ ਪੈਂਦੀਆਂ ਹਨ। ਇਸ ਪ੍ਰਕਿਰਿਆ ਨੂੰ ਮੁਕੰਮਲ ਕਰਦਿਆਂ ਲਗਭਗ 24 ਮਹੀਨੇ ਲੱਗ ਜਾਂਦੇ ਹਨ (ਸੀ ਆਈ ਆਈ, 2014)।

ਈ ਓ ਡੀ ਬੀ ਦੇ ਮੋਰਚੇ ਉਤੇ ਭਾਰਤ ਦੀ ਮਾੜੀ ਕਾਰਗੁਜ਼ਾਰੀ ਵਿਸ਼ਵ ਬੈਂਕ ਦੀ 'ਵਪਾਰ ਕਰਨ' (ਡੀ ਬੀ) ਦੀ 2016 ਦੀ ਰਿਪੋਰਟ ਤੋਂ ਸਪੱਸ਼ਟ ਹੈ ਜਿਸ ਵਿੱਚ ਭਾਰਤ ਦਾ ਵਰਤਮਾਨ ਦਰਜਾ 190 ਦੇਸ਼ਾਂ ਵਿੱਚ 130ਵਾਂ ਹੈ। ਈ ਓ ਡੀ ਬੀ ਦੇ 10 ਮਾਪਦੰਡਾਂ ਵਿੱਚੋਂ 7 ਉਤੇ ਇਸ ਦੀ ਕਾਰਗੁਜ਼ਾਰੀ ਹੋਰ ਵੀ ਮਾੜੀ ਹੈ – ਉਸਾਰੀ ਪਰਮਿਟਾਂ ਨਾਲ ਨਜਿੱਠਣਾ (185), ਕਰ ਅਦਾ ਕਰਨੇ (172), ਠੇਕੇ ਨੂੰ ਲਾਗੂ ਕਰਨਾ (172), ਵਪਾਰ ਸ਼ੁਰੂ ਕਰਨਾ (155), ਸਰਹੱਦੋਂ ਪਾਰ ਵਪਾਰ ਕਰਨਾ (143), ਜਾਇਦਾਦ ਦਾ ਪੰਜੀਕਰਨ (138) ਅਤੇ ਦਿਵਾਲੀਏਪਨ ਦੇ ਮੁੱਦੇ ਸੁਲਝਾਉਣੇ (136)। ਇਥੇ ਜ਼ਿਕਰ ਕਰਨਾ ਮਹੱਤਵਪੂਰਨ ਹੈ ਕਿ ਵਪਾਰ ਕਰਨਾ (ਡੀ ਬੀ) ਸਿਰਫ ਦੋ ਸ਼ਹਿਰਾਂ, ਦਿੱਲੀ ਅਤੇ ਮੁੰਬਈ ਉਤੇ ਅਧਾਰਤ ਹੈ, ਇਸ ਕਰਕੇ ਹੋ ਸਕਦਾ ਹੈ ਕਿ ਦੇਸ਼ ਦੇ ਦੂਸਰੇ ਰਾਜਾਂ ਦੇ ਸ਼ਹਿਰਾਂ ਦੀ ਸਥਿਤੀ ਬਾਰੇ ਪੂਰੀ ਜਾਣਕਾਰੀ ਨਾ ਹੋਵੇ। ਤਾਂ ਵੀ ਇਹ ਇਕ ਸਚਾਈ ਹੈ ਕਿ ਵੱਖ-ਵੱਖ ਰਾਜਾਂ ਵਿੱਚ ਵਪਾਰ ਨੂੰ ਸਰਕਾਰੀ ਹੁਕਮਾਂ, ਨਿਯਮਨ, ਨਿਯਮਾਂ ਅਤੇ ਪ੍ਰਕਿਰਿਆਵਾਂ ਦੀ ਲੰਮੀ ਲੜਾਈ ਲੜਨੀ ਪੈਂਦੀ ਹੈ। ਲਾਲ ਫੀਤਾਸ਼ਾਹੀ, ਨੌਕਰਸ਼ਾਹੀ ਦੀਆਂ ਪ੍ਰਕਿਰਿਆਵਾਂ, ਭ੍ਰਿਸ਼ਟਾਚਾਰ, ਦੇਰੀ ਆਦਿ ਵਪਾਰ ਕਰਨ ਨੂੰ ਇਕ ਚੁਨੌਤੀ ਭਰਿਆ ਕੰਮ ਬਣਾ ਦਿੰਦੇ ਹਨ।

ਵਪਾਰ ਕਰਨ ਦੀ ਸੌਖ ਦੀ ਮਾੜੀ ਹਾਲਤ, ਜੋ ਸਮੁੱਚੇ ਨਿਵੇਸ਼ ਵਾਤਾਵਰਨ ਦਾ ਇਕ ਮਹੱਤਵਪੂਰਨ ਅੰਗ ਹੈ, ਦਾ ਨਤੀਜਾ ਦੇਸ਼ ਲਈ ਆਰਥਿਕ ਮੌਕਿਆਂ ਦੇ ਨੁਕਸਾਨ ਦੇ ਰੂਪ ਵਿੱਚ ਨਿਕਲਦਾ ਹੈ। ਅਨੇਕ ਅਧਿਐਨ ਇਸ ਦਲੀਲ ਦੇ ਹੱਕ ਵਿੱਚ ਸਬੂਤ ਪੇਸ਼ ਕਰਦੇ ਹਨ। ਡਾਲਰ (2002) ਮਿਸਾਲ ਦੇ ਲਈ, ਕਹਿੰਦਾ ਹੈ ਕਿ ਮਾੜੇ ਬੁਨਿਆਦੀ ਢਾਂਚੇ ਦੇ ਵਾਤਾਵਰਨ ਨੇ ਵੱਡੇ ਪੱਧਰ ਉਤੇ ਨਿਵੇਸ਼ ਦੀ ਰਾਹ ਵਿੱਚ ਰੋੜੇ ਅਟਕਾਏ ਹਨ, ਖ਼ਾਸ ਕਰਕੇ ਉੱਚ ਉਤਪਾਦਨ ਵਾਲੇ ਨਿਰਮਾਣ ਅਤੇ ਸੇਵਾਵਾਂ ਦੇ ਖੇਤਰਾਂ ਵਿੱਚ, ਜਿਸ ਦਾ ਰੋਜ਼ਗਾਰ ਅਤੇ ਵਿਕਾਸ ਦੇ ਮੌਕਿਆਂ ਉਤੇ ਮਾੜਾ ਅਸਰ ਪਿਆ ਹੈ। ਫੇਰੋ (2004) ਵਲੋਂ ਨਿਵੇਸ਼ ਦੇ ਮਾੜੇ ਵਾਤਾਵਰਨ ਨੂੰ ਘੱਟ ਖੇਤੀ ਉਤਪਾਦਕਤਾ ਅਤੇ ਗ਼ੈਰ ਖੇਤੀ ਵਿਕਾਸ ਨਾਲ ਜੋੜਿਆ ਗਿਆ। ਵੀਰਾਮਨੀ ਅਤੇ ਗੋਲਦਾਰ (2004) ਨੇ ਖੋਜ ਕੀਤੀ ਕਿ ਨਿਵੇਸ਼ ਦਾ ਮਾੜਾ ਵਾਤਾਵਰਨ ਨਿਰਮਾਣ ਖੇਤਰ ਵਿੱਚ ਉਤਪਾਦਕਤਾ ਵਿਕਾਸ ਨੂੰ ਪ੍ਰਭਾਵਿਤ ਕਰ ਰਿਹਾ ਹੈ। ਉਨ੍ਹਾਂ ਇਸ਼ਾਰਾ ਕੀਤਾ ਕਿ ਇਹ ਵੱਖ-ਵੱਖ ਰਾਜਾਂ ਅੰਦਰ ਨਿਵੇਸ਼ ਵਾਤਾਵਰਨ ਵਿਚਲਾ ਫਰਕ ਹੀ ਹੈ ਜਿਸ ਦਾ ਨਤੀਜਾ ਨਿਵੇਸ਼ ਦੇ ਪੱਧਰ, ਆਰਥਿਕ ਸਮਰਿਧੀ ਅਤੇ ਉਤਪਾਦਕਤਾ ਵਿਕਾਸ ਵਿੱਚ ਵੱਡੇ ਫਰਕ ਦੇ ਰੂਪ ਵਿੱਚ ਨਿਕਲਿਆ ਹੈ। ਇਹ ਕਹਿਣਾ ਵਾਜਬ ਹੋਵੇਗਾ ਕਿ ਨਿਵੇਸ਼ ਦਾ ਵਾਤਾਵਰਨ ਮੁੱਖ ਤੌਰ ਤੇ ਰਾਜ ਦਾ ਵਿਸ਼ਾ ਹੈ। ਕੇਂਦਰ ਸਰਕਾਰ ਵਲੋਂ ਪਿਛਲੇ ਸਾਲਾਂ ਦੌਰਾਨ ਈ ਓ ਡੀ ਬੀ ਸੁਧਾਰਾਂ ਵੱਲ ਵਿਸ਼ੇਸ਼ ਯਤਨ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ। ਜ਼ਿਆਦਾ ਜ਼ੋਰ ਵਰਤਮਾਨ ਨਿਯਮਾਂ ਦੇ ਸਰਲੀਕਰਨ ਅਤੇ ਤਰਕਸੰਗਤ ਬਣਾਉਣ ਅਤੇ ਸੂਚਨਾ ਤਕਨਾਲੋਜੀ ਦੀ ਸ਼ੁਰੂਆਤ ਕਰਨ ਵੱਲ ਦਿੱਤਾ ਗਿਆ ਹੈ ਤਾਂ ਕਿ ਸ਼ਾਸਨ ਨੂੰ ਹੋਰ ਵੱਧ ਕੁਸ਼ਲ ਅਤੇ ਪ੍ਰਭਾਵੀ ਬਣਾਇਆ ਜਾ ਸਕੇ (ਸ਼ਰਮਾ, 2016)। 'ਘੱਟ ਸਰਕਾਰ ਵੱਧ ਸ਼ਾਸਨ' ਦੇ ਨਾਅਰੇ ਉਤੇ ਅਮਲ ਕਰਨ ਵੱਲ ਵੀ ਯਤਨ ਕੀਤੇ ਗਏ ਹਨ। ਕੇਂਦਰ ਅਤੇ ਰਾਜਾਂ ਦੇ ਪੱਧਰ ਉਤੇ ਬਹੁਤ ਸਾਰੇ ਸੁਧਾਰ ਅਮਲ ਵਿੱਚ ਲਿਆਂਦੇ ਜਾ ਰਹੇ ਹਨ। ਉਦਾਹਰਣ ਦੇ ਲਈ, ਕੇਂਦਰ ਦੇ ਪੱਧਰ ਉਤੇ ਉਦਯੋਗਿਕ ਲਾਇਸੰਸ ਅਤੇ ਇੰਡਸਟ੍ਰੀਅਲ ਉੱਦਮੀ ਮੈਮੋਰੰਡਮ ਵਾਸਤੇ ਦਰਖ਼ਾਸਤ ਦੇਣ ਦੀ ਪ੍ਰਕਿਰਿਆ ਨੂੰ ਆਨ-ਲਾਈਨ ਕਰ ਦਿੱਤਾ ਗਿਆ ਹੈ। ਘੱਟੋ-ਘੱਟ 20 ਕੇਂਦਰ ਸਰਕਾਰ ਦੀਆਂ ਸੇਵਾਵਾਂ ਨੂੰ ਈ-ਵਪਾਰ ਮੰਚ ਨਾਲ ਏਕੀਕ੍ਰਿਤ ਕਰ ਦਿੱਤਾ ਗਿਆ ਹੈ ਜਿਨ੍ਹਾਂ ਵਿੱਚ ਇੰਡਸਟ੍ਰੀਅਲ ਲਾਇਸੰਸ ਅਤੇ ਮਾਲਕ ਦਾ

ਪੰਜੀਕਰਨ ਸ਼ਾਮਲ ਹਨ (ਬੀ ਐੱਸ, 2016)। ਇਸੇ ਤਰ੍ਹਾਂ ਹੀ, ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਵਲੋਂ ਫਾਰਮ 29 ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ ਨਾਮ ਦੀ ਉਪਲਬਧਤਾ, ਨਿਰਦੇਸ਼ਕ ਦਾ ਪਛਾਣ ਨੰਬਰ ਅਤੇ ਕੰਪਨੀ ਦੇ ਸਮਾਵੇਸ਼ ਜਿਹੀਆਂ ਤਿੰਨ ਪ੍ਰਕਿਰਿਆਵਾਂ ਨੂੰ 1 ਪ੍ਰਕਿਰਿਆ ਵਿੱਚ ਦਬਲ ਦਿੱਤਾ ਗਿਆ ਹੈ। ਹੁਣ ਕਿਸੇ ਵੀ ਕੰਪਨੀ ਨੂੰ 1 ਜਾਂ 2 ਕੰਮਕਾਜੀ ਦਿਨਾਂ ਅੰਦਰ ਪੰਜੀਕ੍ਰਿਤ ਕਰਵਾਇਆ ਜਾ ਸਕਦਾ ਹੈ। ਈ ਐੱਸ ਆਈ ਸੀ ਅਤੇ ਈ ਪੀ ਐੱਫ ਓ ਪੂਰੀ ਤਰ੍ਹਾਂ ਆਨ-ਲਾਈਨ ਹਨ, ਜਿੱਥੇ ਪੰਜੀਕਰਨ ਜਾਂ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਖੁਦ ਪੇਸ਼ ਹੋਣ ਦੀ ਕੋਈ ਜ਼ਰੂਰਤ ਨਹੀਂ। ਸਰਕਾਰ ਵਲੋਂ ਲੱਖਾਂ ਵਪਰੀਆਂ ਦੀ ਜ਼ਿੰਦਗੀ ਸੌਖੀ ਕਰਨ ਲਈ ਲੜੀਵਾਰ ਕਈ ਕਦਮ ਉਠਾਏ ਜਾ ਰਹੇ ਹਨ। ਸੈਂਟਰਲ ਬੋਰਡ ਆਫ ਐਕਸਾਈਜ਼ ਐਂਡ ਕਸਟਮਜ਼ (ਸੀ ਬੀ ਈ ਸੀ) ਵਲੋਂ ਵਪਾਰ ਦੀ ਸਹੂਲਤ ਲਈ ਇਕਹਿਰੀ ਖਿੜਕੀ (ਐੱਸ ਡਬਲਯੂ ਆਈ ਐੱਫ ਟੀ) ਦੀ ਸ਼ੁਰੂਆਤ ਕੀਤੀ ਗਈ ਹੈ ਜਿਥੇ ਆਯਤਕ ਈ-ਪੋਰਟਲ ਉਤੇ ਇਕ ਸਾਂਝਾ ਏਕੀਕ੍ਰਿਤ ਐਲਾਨਨਾਮਾ ਦਾਖ਼ਲ ਕਰ ਸਕਦੇ ਹਨ (ਆਈ ਸੀ ਈ ਜੀ ਏ ਟੀ ਈ)। ਇਸ ਨੇ 6 ਸਾਂਝੀਆਂ ਸਰਕਾਰੀ ਏਜੰਸੀਆਂ ਵਲੋਂ ਐਲਾਨਨਾਮਾ ਦਾਖ਼ਲ ਕਰਨ ਦੀ ਲੋੜ ਨੂੰ 9 ਤੋਂ ਘੱਟ ਕਰਕੇ ਸਿਰਫ 3 ਕਰ ਦਿੱਤਾ ਹੈ। ਇਹ 6 ਏਜੰਸੀਆਂ ਹਨ - ਐੱਫ ਐੱਸ ਐੱਸ ਏ ਆਈ, ਪੀ ਕਿਊ, ਏ ਕਿਊ, ਡੀ ਸੀ, ਡਲਬਨੂ ਐੱਲ ਸੀ ਬੀ ਅਤੇ ਟੀ ਸੀ। ਜਲਦੀ ਹੀ ਇਹ ਸਹੂਲਤ ਨਿਰਯਾਤਕਾਂ ਲਈ ਵੀ ਸ਼ੁਰੂ ਕਰ ਦਿੱਤੀ ਜਾਵੇਗੀ। ਕੇਂਦਰ ਸਰਕਾਰ ਵਲੋਂ ਵਸਤਾਂ ਦੇ ਆਯਾਤ ਉਤੇ ਨਿਰਯਾਤ ਲਈ ਜ਼ਰੂਰੀ ਦਸਤਾਵੇਜ਼ਾਂ ਦੀ ਗਿਣਤੀ ਘੱਟ ਕਰਕੇ ਹਰੇਕ ਵਰਗ ਲਈ 3-3 ਕਰ ਦਿੱਤੀ ਗਈ ਹੈ। ਭਾਵੇਂ ਕਿ ਕੇਂਦਰ ਸਰਕਾਰ ਵਲੋਂ ਪਿਛਲੇ ਸਮੇਂ ਦੌਰਾਨ ਅਨੇਕ ਪਹਿਲਕਦਮੀਆਂ ਕੀਤੀਆਂ ਗਈਆਂ ਹਨ, ਇਨ੍ਹਾਂ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਪਹਿਲਕਦਮੀ ਰਾਜਾਂ ਦਰਮਿਆਨ ਮੁਕਾਬਲੇ ਦੇ ਸੰਘਵਾਦ ਦੀ ਭਾਵਨਾ ਜਗਾਉਣ ਦੀ ਹੈ ਜਿਸ ਨਾਲ ਵਪਾਰ ਵਾਸਤੇ ਵਾਤਾਵਰਨ ਨੂੰ ਹੋਰ ਮਾਕੂਲ ਬਣਾਇਆ ਜਾ ਸਕੇ।

ਉਦਯੋਗਿਕ ਨੀਤੀ ਅਤੇ ਪ੍ਰੋਤਸਾਹਨ ਵਿਭਾਗ (ਡੀ ਆਈ ਪੀ ਪੀ) ਵਲੋਂ 2015 ਵਪਾਰਕ ਸੁਧਾਰ ਕਾਰਜ ਯੋਜਨਾ (ਬੀ ਆਰ ਏ ਪੀ) ਸ਼ੁਰੂ ਕਰਨ ਦੀ ਇਕ ਮਿਸਾਲੀ ਪਹਿਲਕਦਮੀ ਕੀਤੀ ਗਈ ਜਿਸ ਵਿੱਚ ਰਾਜਾਂ ਵਲੋਂ ਵਪਾਰਕ ਸੁਧਾਰਾਂ ਨੂੰ ਸਾਲਾਨਾ ਪੱਧਰ ਤੇ ਸਮੀਖਿਆ ਕਰਨਾ ਅਤੇ ਨਤੀਜਿਆਂ (ਜਿਸ ਵਿੱਚ ਰਾਜਾਂ ਦੀ ਦਰਜਾਬੰਦੀ ਸ਼ਾਮਲ ਹੈ) ਨੂੰ ਜਨਤਕ ਕਰਨ ਦਾ ਫੈਸਲਾ ਲਿਆ ਗਿਆ। ਇਸ ਨੂੰ ਆਮ ਭਾਸ਼ਾ ਵਿੱਚ ਕੇਂਦਰ ਸਰਕਾਰ ਦੀ 'ਨਾਮ ਲਉ - ਸ਼ਰਮਸਾਰ ਕਰੋ' ਨੀਤੀ ਵਜੋਂ ਜਾਣਿਆ ਗਿਆ। ਇਸ ਨੇ ਰਾਜਾਂ ਦਰਮਿਆਨ ਮੁਕਾਬਲੇਬਾਜ਼ੀ ਸੰਘ ਵਾਦ ਦੀ ਭਾਵਨਾ ਜਗਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਵਿਸ਼ਵ ਬੈਂਕ ਦੀ ਡੀ ਬੀ ਦਰਜਾਬੰਦੀ ਤੋਂ ਉਲਟ, ਜਿਸ ਦੇ ਦਾਇਰੇ ਹੇਠ ਕੇਵਲ ਦਿੱਲੀ ਅਤੇ ਮੁੰਬਈ ਹੀ ਆਉਂਦੇ ਹਨ, ਡੀ ਆਈ ਪੀ ਪੀ ਦੀ ਸੁਧਾਰਾਂ ਦੀ ਸਮੀਖਿਆ ਮਾਪਦੰਡਾਂ ਅਤੇ ਰਾਜਾਂ ਦੇ ਦਾਇਰੇ ਪੱਖੋਂ ਬਹੁਤ ਵਿਸ਼ਾਲ ਹੈ। ਸੁਧਾਰਾਂ ਦੀ ਪਹਿਲੀ ਸਮੀਖਿਆ (2015) 98 ਮਾਪਦੰਡਾਂ ਅਤੇ 32 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਉੱਤੇ ਅਧਾਰਤ ਸੀ, ਜਦ ਕਿ ਦੂਜੀ ਸਮੀਖਿਆ ਵਿੱਚ 340 ਸੁਧਾਰ ਮਾਪਦੰਡ ਵਿਚਾਰੇ ਗਏ ਅਤੇ ਇਸ ਦਾਇਰੇ ਹੇਠ 36 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਲਿਆਂਦਾ ਗਿਆ। ਬਜਾਏ ਕਿ ਵਰਤੋਂਕਾਰਾਂ (ਉਦਯੋਗ) ਦੀ ਧਾਰਨਾ ਉਤੇ ਅਧਾਰਤ ਸਮੀਖਿਆ ਕਰਨ ਦੇ, ਜਿਵੇਂ ਕਿ ਵਿਸ਼ਵ ਬੈਂਕ ਦੀ ਦਰਜਾਬੰਦੀ ਦੇ ਮਾਮਲੇ ਵਿੱਚ ਕੀਤਾ ਜਾਂਦਾ ਹੈ, ਡੀ ਆਈ ਪੀ ਪੀ ਦੀ ਸਮੀਖਿਆ ਰਾਜਾਂ ਦੁਆਰਾ ਅਮਲ ਹੇਠ ਲਿਆਂਦੇ ਅਸਲ ਸੁਧਾਰਾਂ ਉਤੇ ਅਧਾਰਤ ਹੁੰਦੀ ਹੈ। ਹਰੇਕ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਦੀ ਸਰਕਾਰ ਨੂੰ 340 ਸੁਧਾਰਾਂ ਦੇ ਏਜੰਡੇ ਬਾਰੇ ਆਪਣਾ ਹੁੰਗਾਰਾ ਦੇਣ ਲਈ ਆਖਿਆ ਗਿਆ ਅਤੇ ਜ਼ਰੂਰੀ ਸਬੂਤ ਵਿਸਤ੍ਰਿਤ ਜਾਂਚ ਲਈ ਡੀ ਆਈ ਪੀ ਪੀ ਕੋਲ ਦਾਖਲ ਕਰਵਾਉਣ ਲਈ ਕਿਹਾ ਗਿਆ।

ਨਿਯਮਾਂ ਅਤੇ ਪ੍ਰਕਿਰਿਆਵਾਂ ਨੂੰ ਤਰਕਸੰਗਤ ਬਣਾਉਣ ਅਤੇ ਸ਼ਾਸਨ ਦੀ ਪ੍ਰਕਿਰਿਆ ਨੂੰ ਜ਼ਿਆਦਾ ਪ੍ਰਭਾਵੀ ਅਤੇ ਡਿਜੀਟਲ ਬਣਾਉਣ ਦੇ ਏਜੰਡੇ ਨੂੰ ਧਿਆਨ ਵਿੱਚ ਰੱਖਦਿਆਂ, ਦੂਜੇ ਗੇੜ ਦੀ ਸਾਲਾਨਾ ਸਮੀਖਿਆ ਵਿੱਚ ਡੀ ਆਈ ਪੀ ਪੀ ਵਲੋਂ ਈ ਓ ਡੀ ਬੀ ਦੇ 10 ਪ੍ਰਮੁੱਖ ਸੂਚਕਾਂ ਉਤੇ ਧਿਆਨ ਕੇਂਦਰਿਤ ਕੀਤਾ ਗਿਆ ਜੋ 340 ਵਪਾਰਕ ਸੁਧਾਰਾਂ ਦੇ ਏਜੰਡੇ ਉਤੇ ਅਧਾਰਤ ਹਨ (1) ਸੂਚਨਾ ਤੇ ਪਾਰਦਰਸ਼ਤਾ ਸਮਰਥਕਾਂ ਲਈ ਪਹੁੰਚ (2) ਇਕਹਿਰੀ ਖਿੜਕੀ (3) ਜ਼ਮੀਨ ਦੀ ਉਪਲਬਧਤਾ (4) ਉਸਾਰੀ ਪਰਮਿਟ ਮਿਲਣਾ (5) ਵਾਤਾਵਰਨਿਕ ਪੰਜੀਕਰਨ ਸਹਾਇਕ (6) ਕਿਰਤ ਨਿਯਮਨ ਸਹਾਇਕ (7) ਬਿਜਲੀ ਕੁਨੈਕਸ਼ਨ ਲੈਣਾ (8) ਟੈਕਸ ਰਿਟਰਨ ਦਾਖਲ ਕਰਨਾ (9) ਪੜਤਾਲ ਸੁਧਾਰ ਸਹਾਇਕ ਅਤੇ (10) ਵਪਾਰਕ ਝਗੜਿਆਂ ਦੇ ਹੱਲ ਲਈ ਸਹਾਇਕ।

ਡੀ ਆਈ ਪੀ ਪੀ ਵਲੋਂ ਸੂਚਕਾਂ ਦੀ ਚੋਣ ਨੂੰ ਇਸ ਅਧਾਰ ਉਤੇ ਜਾਇਜ਼ ਆਖਿਆ ਗਿਆ ਕਿਉਂਕਿ ਇਨ੍ਹਾਂ ਵਿੱਚੋਂ ਹਰੇਕ ਸੁਧਾਰ ਦੀ ਵੱਡੀ ਗੁੰਜਾਇਸ਼ ਪੇਸ਼ ਕਰਦਾ ਹੈ। ਉਦਾਹਰਣ ਦੇ ਲਈ, ਇਕਹਿਰੀ ਖਿੜਕੀ ਦੇ ਮਾਮਲੇ ਵਿੱਚ ਸੀ ਆਈ ਆਈ-ਕੇ ਪੀ ਐੱਮ ਜੀ ਰਿਪੋਰਟ (2014), ਵਿੱਚ ਪਾਇਆ ਗਿਆ ਕਿ ਸਰਵੇਖਣ ਅਧੀਨ 78 ਪ੍ਰਤਿਸ਼ਤ ਉੱਦਮਾਂ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਗੇੜੇ ਮਾਰਨ ਦੀ ਕਮੀ ਕਰਨ ਦੀ ਲੋੜ ਮਹਿਸੂਸ ਕੀਤੀ ਗਈ ਜਦ ਕਿ 85 ਪ੍ਰਤਿਸ਼ਤ ਨੇ ਮਹਿਸੂਸ ਕੀਤਾ ਕਿ ਮਨਜ਼ੂਰੀਆਂ ਪ੍ਰਾਪਤ ਕਰਨ ਲਈ ਲੋੜੀਂਦਾ ਸਮਾਂ ਗ਼ੈਰ-ਜ਼ਰੂਰੀ ਤੌਰ ਤੇ ਬਹੁਤ ਜ਼ਿਆਦਾ ਹੈ। ਇਸੇ ਪ੍ਰਕਾਰ 69 ਪ੍ਰਤਿਸ਼ਤ ਹੁੰਗਾਰਾ ਦੇਣ ਵਾਲਿਆਂ ਨੂੰ ਜ਼ਮੀਨ ਦੀ ਉਪਲਬਧਤਾ ਵਿੱਚ ਮੁਸ਼ਕਲਾਂ ਪੇਸ਼ ਆਈਆਂ, ਜਿਸ ਵਿੱਚ ਜ਼ਮੀਨ ਦਾ ਇੰਤਕਾਲ, ਤਬਦੀਲੀ ਅਤੇ ਉੱਚ ਕੀਮਤਾਂ ਆਦਿ ਸ਼ਾਮਲ ਹਨ। ਇਸ ਅਧਿਐਨ ਵਿੱਚ ਵਾਤਾਵਰਨਿਕ ਮਨਜ਼ੂਰੀਆਂ ਲੈਣ ਨੂੰ ਸਭ ਤੋਂ ਵੱਡੀ ਰੁਕਾਵਟ ਦੱਸਿਆ ਗਿਆ। ਕਿਰਤ ਸੰਬੰਧਿਤ ਪਾਲਣਾਵਾਂ, ਜਿਸ ਵਿੱਚ 44 ਕੇਂਦਰੀ ਅਤੇ ਲਗਭਗ 100 ਰਾਜਾਂ ਦੇ ਕਾਨੂੰਨ ਸ਼ਾਮਲ ਹਨ, ਇਸ ਅਧੀਨ 47 ਪ੍ਰਤਿਸ਼ਤ ਵਪਾਰਾਂ ਨੂੰ ਛੋਟੀ ਤੋਂ ਲੈ ਕੇ ਵੱਡੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ।

ਦੂਜੇ ਗੇੜ ਦੇ ਨਤੀਜਿਆਂ ਨੂੰ ਅੰਤਮ ਰੂਪ ਦੇ ਕੇ 31 ਅਕਤੂਬਰ 2016 ਨੂੰ ਐਲਾਨ ਕੀਤਾ ਗਿਆ। ਇਹ ਡੀ ਆਈ ਪੀ ਪੀ ਦੇ ਪੋਰਟਲ ਉਤੇ ਉਪਲਬਧ ਹਨ। ਸੁਧਾਰਾਂ ਦੀ ਸਮੀਖਿਆ ਅਤੇ ਰਾਜਾਂ ਦੀ ਦਰਜਾਬੰਦੀ ਤੋਂ ਇਲਾਵਾ, ਡੀ ਆਈ ਪੀ ਪੀਜ਼ ਦੇ ਨਤੀਜੇ ਸੁਧਾਰਾਂ ਦੇ ਸੰਬੰਧ ਵਿੱਚ ਅੱਗੇ ਵਧਣ ਲਈ ਬਹੁਤ ਸਾਰੇ ਦਿਲਚਸਪ ਕਾਰਨ ਬਿਆਨ ਕਰਦੇ ਹਨ। ਮੌਜੂਦਾ ਲੇਖ ਵਿੱਚ ਵੱਖ-ਵੱਖ ਰਾਜਾਂ ਵਿੱਚ ਵਪਾਰ ਕਰਨ ਦੀ ਸੌਖ ਬਾਰੇ ਸੁਧਾਰਾਂ ਸੰਬੰਧੀ ਡੀ ਆਈ ਪੀ ਪੀਜ਼ ਦੀ ਦੂਜੇ ਗੇੜ ਦੀ ਸਮੀਖਿਆ ਦੀਆਂ ਪ੍ਰਮੁੱਖ ਖੋਜਾਂ ਦਾ ਮੁਲਾਂਕਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

2. ਡੀ ਆਈ ਪੀ ਪੀਜ਼ ਵਲੋਂ ਰਾਜਾਂ ਦੇ

ਵਪਾਰਕ ਸੁਧਾਰਾਂ ਦੀ ਸਮੀਖਿਆ ਦਾ ਮੁਲਾਂਕਣ ਡੀ ਆਈ ਪੀ ਪੀਜ਼ ਦੀ ਦਰਜਾਬੰਦੀ ਵਪਾਰ ਕਰਨ ਦੀ ਸੌਖ ਉਤੇ 340 ਵਪਾਰਕ ਸੁਧਾਰਾਂ ਵਿੱਚੋਂ ਹਰੇਕ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ਾਂ ਵਲੋਂ ਪ੍ਰਾਪਤ ਅੰਕਾਂ ਉਤੇ ਅਧਾਰਤ ਹੈ (ਤਾਲਿਕਾ-1)। ਸਰਵੇਖਣ ਦੀਆਂ ਖੋਜਾਂ ਤੋਂ ਇਕ ਵਿਲੱਖਣ ਪੱਧਤੀ ਉੱਭਰ ਕੇ ਸਾਹਮਣੇ ਆਉਂਦੀ ਹੈ। ਇਸ ਗੱਲ ਨੂੰ ਅਧਾਰ ਮੰਨ ਕੇ ਕਿ ਕਿਸੇ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਨੇ 50 ਪ੍ਰਤਿਸ਼ਤ ਤੋਂ ਘੱਟ ਜਾਂ ਵੱਧ ਅੰਕ ਹਾਸਲ ਕੀਤੇ ਹਨ, 36 ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ 18 ਦੇ ਬਰਾਬਰ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਜਦ ਕਿ ਪਹਿਲੇ ਅੱਧ (ਆਗੂ) ਦੀ ਔਸਤ 90 ਪ੍ਰਤਿਸ਼ਤ ਸੀ, ਦੂਜਾ ਅੱਧ (ਪਛੜਿਆ ਹੋਇਆ) ਸਿਰਫ 8 ਪ੍ਰਤਿਸ਼ਤ ਤੱਕ ਹੀ ਪਹੁੰਚ ਸਕਿਆ। ਈ ਓ ਡੀ ਬੀ ਦੇ 10 ਵਿਸ਼ਾਲ ਸੂਚਕਾਂ ਦੇ ਮਾਮਲੇ ਵਿੱਚ ਮੋਹਰੀ ਰਾਜਾਂ ਦੀ ਔਸਤ ਵਾਤਾਵਰਨਿਕ ਪੰਜੀਕਰਨ ਵਿੱਚ 99 ਪ੍ਰਤਿਸ਼ਤ ਤੋਂ ਵੱਧ ਅਤੇ ਵਪਾਰਕ ਝਗੜੇ ਦੇ ਨਿਪਟਾਰੇ ਵਿੱਚ 66 ਪ੍ਰਤਿਸ਼ਤ ਸੀ (ਚਿੱਤਰ-1)। ਪਛੜੇ ਰਾਜਾਂ ਦੇ ਮਾਮਲੇ ਵਿੱਚ, ਔਸਤ ਸਕੋਰ ਵਪਾਰਕ ਝਗੜਿਆਂ ਦੇ ਨਿਪਟਾਰੇ ਲਈ 33 ਪ੍ਰਤਿਸ਼ਤ ਅਤੇ ਜਾਂਚ ਪੜਤਾਲ ਸਹਾਇਕਾਂ ਦੇ ਮਾਮਲੇ ਵਿੱਚ 2 ਪ੍ਰਤਿਸ਼ਤ ਤੋਂ ਘੱਟ ਦੇ ਵਿਚਕਾਰ ਰਿਹਾ (ਚਿੱਤਰ-2)। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਛੱਤੀਸਗੜ੍ਹ, ਮੱਧ ਪ੍ਰਦੇਸ਼, ਝਾਰਖੰਡ, ਰਾਜਸਥਾਨ, ਪੰਜਾਬ, ਉੱਤਰ ਪ੍ਰਦੇਸ਼, ਬਿਹਾਰ ਆਦਿ ਮੋਹਰੀ ਰਾਜਾਂ ਨੂੰ ਉਨ੍ਹਾਂ ਦੀ ਨਿਰਮਾਣ ਕੁਸ਼ਲਤਾ ਕਰਕੇ ਮਾਨਤਾ ਨਹੀਂ ਮਿਲੀ, ਸਗੋਂ ਨਿਵੇਸ਼ ਆਕਰਸ਼ਿਤ ਕਰਨ ਦੀ ਉਨ੍ਹਾਂ ਦੀ ਭੁੱਖ ਨੇ ਉਨ੍ਹਾਂ ਨੂੰ ਈ ਓ ਡੀ ਬੀ ਸੁਧਾਰ ਕਰਨ ਲਈ ਪ੍ਰੇਰਿਤ ਕੀਤਾ ਜੋ ਭਾਰਤ ਦੇ ਉਦਯੋਗਿਕ ਨਕਸ਼ੇ ਨੂੰ ਬਦਲਣ ਜਾ ਰਹੇ ਹਨ। ਮੁਕਾਬਲੇਬਾਜ਼ੀ ਦੇ ਸੰਘਵਾਦ ਨੂੰ ਉਤਸ਼ਾਹਿਤ ਕਰਨ ਵਿੱਚ ਡੀ ਆਈ ਪੀ ਪੀ ਦੀ ਸਫਲਤਾ ਨੂੰ ਦਿਖਾਉਂਦਿਆਂ, ਅਨੇਕ ਰਾਜਾਂ ਵਲੋਂ ਦੂਜੇ ਸਰਵੇਖਣ ਵਿੱਚ ਵਪਾਰਕ ਸੁਧਾਰ ਕਰਨ ਦੇ ਮਾਮਲੇ ਵਿੱਚ ਪਹਿਲੇ ਸਰਵੇਖਣ ਦੇ ਮੁਕਾਬਲੇ ਵੱਡੀ ਤਰੱਕੀ ਦਰਜ ਕੀਤੀ ਗਈ ਹੈ (ਤਾਲਿਕਾ-1)। ਇਨ੍ਹਾਂ ਕਾਬਿਲੇ ਗੌਰ ਰਾਜਾਂ ਵਿੱਚ ਤੇਲੰਗਾਨਾ (13 ਤੋਂ ਦੂਜਾ ਦਰਜਾ), ਹਰਿਆਣਾ (14 ਤੋਂ 6), ਉੱਤਰਾਖੰਡ (23 ਤੋਂ 9), ਪੰਜਾਬ (16 ਤੋਂ 12) ਅਤੇ ਬਿਹਾਰ (21 ਤੋਂ 16) ਸ਼ਾਮਲ ਹਨ। ਭਾਵੇਂ ਕਈ ਨਵੇਂ ਰਾਜਾਂ ਨੇ ਤਰੱਕੀ ਕੀਤੀ ਹੈ, ਪਹਿਲੇ ਸਰਵੇਖਣ ਵਿੱਚ ਅੱਵਲ ਦਰਜੇ ਉਤੇ ਰਿਹਾ ਗੁਜਰਾਤ, ਡੀ ਆਈ ਪੀ ਪੀਜ਼ ਵਲੋਂ ਵਪਾਰਕ ਸੁਧਾਰਾਂ ਦੀ ਸਮੀਖਿਆ ਦੇ ਦੂਜੇ ਗੇੜ ਵਿੱਚ ਤੀਜੇ ਦਰਜੇ ਉਤੇ ਖਿਸਕ ਗਿਆ ਹੈ।

ਅਸੀਂ ਹੁਣ ਮਾਪਦੰਡਾਂ ਅਤੇ ਸਾਰੇ ਰਾਜਾਂ ਵਿੱਚ, ਡੀ ਆਈ ਪੀ ਪੀਜ਼ ਵਲੋਂ ਰਾਜਾਂ ਦੇ ਸੁਧਾਰਾਂ ਦੀ ਸਮੀਖਿਆ ਦੀਆਂ ਪ੍ਰਮੁੱਖ ਖੋਜਾਂ ਦਾ ਮੁਲਾਂਕਣ ਕਰਾਂਗੇ ਜਿਨ੍ਹਾਂ ਦੇ ਅੱਗੇ ਵਧਣ ਵਿੱਚ ਅਹਿਮ ਨੀਤੀਗਤ ਪ੍ਰਭਾਵ ਹਨ।

## ਕੁੱਲ ਮਿਲਾ ਕੇ ਸੁਧਾਰ : ਪਰ ਸੁਧਾਰਾਂ ਦੀ ਸਥਿਰਤਾ ਅਤੇ ਗਤੀਸ਼ੀਲਤਾ ਬਣਾਈ ਰੱਖਣ ਦੀ ਲੋੜ ਹੈ।

ਪਿਛਲੇ ਇਕ ਸਾਲ ਵਿੱਚ ਈ ਓ ਡੀ ਬੀ ਸੁਧਾਰਾਂ ਦੇ ਮੰਚ ਉਤੇ ਰਾਜਾਂ ਵਲੋਂ ਸ਼ਲਾਘਾਯੋਗ ਤਰੱਕੀ ਕੀਤੀ ਗਈ ਹੈ (ਤਾਲਿਕਾ-1)। ਰਾਸ਼ਟਰੀ ਅਮਲਕਾਰੀ ਔਸਤ ਹੁਣ 48.9 ਪ੍ਰਤਿਸ਼ਤ ਹੈ ਜੋ ਪਿਛਲੇ ਸਾਲ ਦੀ ਰਾਸ਼ਟਰੀ ਔਸਤ (32 ਪ੍ਰਤਿਸ਼ਤ) ਨਾਲੋਂ ਕਾਫੀ ਜ਼ਿਆਦਾ ਹੈ (ਡੀ ਆਈ ਪੀ ਪੀ 2016)। ਦੂਜੇ ਸਰਵੇਖਣ ਵਿੱਚ ਸਭ ਤੋਂ ਵੱਧ ਸਕੋਰ 98.8 ਪ੍ਰਤਿਸ਼ਤ (ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ) ਸੀ ਜੋ ਪਹਿਲੇ ਸਰਵੇਖਣ ਦੇ 71.1 ਪ੍ਰਤਿਸ਼ਤ (ਗੁਜਰਾਤ) ਨਾਲੋਂ ਕਿਤੇ ਵੱਧ ਹੈ। ਇਸ ਤੋਂ ਪਤਾ ਲਗਦਾ ਹੈ ਕਿ ਈ ਓ ਡੀ ਬੀ ਸੁਧਾਰਾਂ ਬਾਰੇ ਰਾਜਾਂ ਦਰਮਿਆਨ ਮੁਕਾਬਲੇਬਾਜ਼ੀ ਪੈਦਾ ਕਰਨ ਵਿੱਚ ਡੀ ਆਈ ਪੀ ਪੀ ਸਫਲ ਰਿਹਾ ਹੈ। ਹੁਣ 16 ਰਾਜਾਂ ਵਲੋਂ ਈ ਓ ਡੀ ਬੀ ਸੁਧਾਰ ਏਜੰਡੇ ਦੇ ਮਾਪਦੰਡ ਉਤੇ 75 ਪ੍ਰਤਿਸ਼ਤ ਤੋਂ ਜ਼ਿਆਦਾ ਅੰਕ ਹਾਸਲ ਕੀਤੇ ਗਏ ਹਨ। ਈ ਓ ਡੀ ਬੀ ਮੋਰਚੇ ਉਤੇ ਇਹ ਸੁਧਾਰ, ਹਾਲੀਆ ਵਿਸ਼ਵ ਮੁਕਾਬਲੇਬਾਜ਼ੀ ਸੂਚੀ ਵਿੱਚ ਭਾਰਤ ਵਲੋਂ 16 ਦਰਜੇ ਦੀ ਛਾਲ (39ਵੇਂ ਦਰਜੇ) ਤੋਂ ਵੀ ਨਜ਼ਰ ਆ ਰਹੀ ਹੈ। ਇਹ ਸੂਚੀ ਵਿਸ਼ਵ ਆਰਥਿਕ ਫੋਰਮ ਵਲੋਂ ਤਿਆਰ ਕੀਤੀ ਗਈ ਹੈ ਜਿਸ ਵਿੱਚ 138 ਦੇਸ਼ ਸ਼ਾਮਲ ਹਨ (ਡਬਲਯੂ ਈ ਐੱਫ, 2016)। ਪਰ, ਇਹ ਜ਼ਰੂਰੀ ਹੈ ਕਿ ਸੁਧਾਰਾਂ ਦੀ ਰਫ਼ਤਾਰ ਸਾਲ ਦਰ ਸਾਲ ਬਣਾਈ ਰੱਖੀ ਜਾਵੇ। ਸੁਧਾਰ ਦੇ ਏਜੰਡੇ ਦੀ ਰੂਪ ਰੇਖਾ ਗਤੀਸ਼ੀਲ ਹੋਣੀ ਚਾਹੀਦੀ ਹੈ, ਜਿਸ ਵਿੱਚ ਰਾਜਾਂ ਵਲੋਂ ਸੁਧਾਰਾਂ ਉਤੇ ਅਮਲ ਕਰਨ ਅਤੇ ਉਦਯੋਗ ਦੀਆਂ ਲੋੜਾਂ ਸੰਬੰਧੀ ਬਦਲ ਰਾਹੀ ਸਮਰੱਥਾ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ।

## ਜ਼ਿਆਦਾਤਰ ਰਾਜ ਚੰਗਾ ਕੰਮ ਕਰ ਰਹੇ ਹਨ; ਇਸ ਤੋਂ ਕਿਤੇ ਬੇਹਤਰ ਕਰ ਸਕਦੇ ਹਨ।

ਈ ਓ ਡੀ ਬੀ ਦੇ 10 ਵਿੱਚੋਂ ਜ਼ਿਆਦਾਤਰ ਮਾਪਦੰਡਾਂ ਉਤੇ ਮੋਹਰੀ ਰਾਜਾਂ ਵਲੋਂ ਬਹੁਤ ਵਧੀਆ ਕਾਰਗੁਜ਼ਾਰੀ ਵਿਖਾਈ ਗਈ ਹੈ। 8 ਮਾਪਦੰਡਾਂ ਦੇ ਮਾਮਲੇ ਵਿੱਚ ਇਨ੍ਹਾਂ ਰਾਜਾਂ ਦੀ ਔਸਤ 75 ਪ੍ਰਤਿਸ਼ਤ ਤੋਂ ਜ਼ਿਆਦਾ ਰਹੀ ਹੈ ਅਤੇ 6 ਮਾਪਦੰਡਾਂ ਵਿੱਚ ਇਹ 89 ਪ੍ਰਤਿਸ਼ਤ ਤੋਂ ਪਾਰ ਚਲੀ ਗਈ ਹੈ। ਪਰ, ਵਪਾਰਕ ਝਗੜਿਆਂ ਦੇ ਨਿਪਟਾਰੇ ਅਤੇ ਜ਼ਮੀਨ ਦੀ ਉਪਲਬਧਤਾ ਨਾਲ ਸੰਬੰਧਿਤ ਮੁੱਦਿਆਂ ਉਤੇ ਹਾਲੇ ਸੁਧਾਰ ਦੀ ਗੁੰਜਾਇਸ਼ ਹੈ। ਮੋਹਰੀ ਰਾਜਾਂ ਦੁਆਰਾ ਸ਼ਲਾਘਾਯੋਗ ਕਾਰਗੁਜ਼ਾਰੀ ਦਿਖਾਉਂਦੀ ਹੈ ਕਿ ਹੁਣ ਹੋਰ ਸਖਤ ਸੁਧਾਰਾਂ ਨੂੰ ਵੀ ਲਾਗੂ ਕਰ ਸਕਦੇ ਹਨ। ਡੀ ਆਈ ਪੀ ਪੀ ਨੂੰ ਇਨ੍ਹਾਂ ਰਾਜਾਂ ਲਈ ਸੁਧਾਰਾਂ ਦੇ ਏਜੰਡੇ ਦੀ ਇਕ ਵੱਖਰੀ ਸੂਚੀ ਤਿਆਰ ਕਰਨੀ ਚਾਹੀਦੀ ਹੈ ਅਤੇ ਅਗਲੇ 3-5 ਸਾਲਾਂ ਵਿੱਚ ਵਪਾਰ ਕਰਨ ਦੇ ਮਾਪਦੰਡਾਂ ਦੇ ਮਾਮਲੇ ਵਿੱਚ ਚੋਟੀ ਦੇ 20 ਦੇਸ਼ਾਂ ਦੇ ਬਰਾਬਰ ਆਉਣ ਲਈ ਇਨ੍ਹਾਂ ਰਾਜਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।


## ਹੇਠਲੇ ਸਤਰ ਵਾਲੇ ਬਹੁਤੇ ਰਾਜਾਂ ਨੂੰ ਵੱਖਰੀ ਪਹੁੰਚ ਦੀ ਲੋੜ ਹੈ

18 ਰਾਜਾਂ ਤੋਂ ਹੇਠਾਂ 50 ਪ੍ਰਤਿਸ਼ਤ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਰਾਜਾਂ ਦੀ ਕਾਰਗੁਜ਼ਾਰੀ ਬਹੁਤ ਨਿਰਾਸ਼ਾਜਨਕ ਹੈ (ਚਿੱਤਰ-2)। ਈ ਓ ਡੀ ਬੀ- ਦੇ 9 ਸੂਚਕਾਂ ਦੇ ਮਾਮਲੇ ਵਿੱਚ ਪਛੜੇ ਰਾਜ (16 ਪ੍ਰਤਿਸ਼ਤ ਦਾ ਸਕੋਰ ਵੀ ਪਾਰ ਨਹੀਂ ਕਰ ਸਕੇ। ਇਨ੍ਹਾਂ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ (ਲਕਸ਼ਦੀਪ, ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ, ਮੇਘਾਲਿਆ, ਚੰਡੀਗੜ੍ਹ, ਜੰਮੂ ਤੇ ਕਸ਼ਮੀਰ, ਅਰੁਨਾਚਲ ਪ੍ਰਦੇਸ਼, ਸਿੱਕਮ, ਮਿਜ਼ੋਰਮ, ਮਨੀਪੁਰ, ਨਾਗਾਲੈਂਡ ਆਦਿ) ਦੀ ਹਾਜ਼ਰੀ ਅਤੇ ਨਿਰਮਾਣ ਨੂੰ ਹੁਲਾਰਾ ਦੇਣ ਦੀ ਸਮਰੱਥਾ ਕਮਜ਼ੋਰ ਹੈ ਜਿਸ ਲਈ ਸੁਧਾਰਾਂ ਬਾਰੇ ਵੱਖਰੀ ਪਹੁੰਚ ਅਖਤਿਆਰ ਕਰਨ ਦੀ ਜ਼ਰੂਰਤ ਹੈ। ਇਨ੍ਹਾਂ ਦੀ ਘਟੀਆ ਦਰਜਾਬੰਦੀ ਨਿਵੇਸ਼ਕਾਂ ਵਲੋਂ ਇਨ੍ਹਾਂ ਰਾਜਾਂ ਵਿੱਚ ਦਿਲਚਸਪੀ ਦਿਖਾਏ ਜਾਣ ਦੇ ਖਿਲਾਫ ਜਾ ਸਕਦੀ ਹੈ। ਸਰਕਾਰ ਨੂੰ ਸੁਧਾਰ ਅਮਲ ਵਿੱਚ ਲਿਆਉਣ ਲਈ ਇਨ੍ਹਾਂ ਦੀ ਸਹਾਇਤਾ ਕਰਨ ਬਾਰੇ ਵਿਚਾਰ ਕਰਨੀ ਚਾਹੀਦੀ ਹੈ, ਜਦ

| ਤਾਲਿਕਾ-1 : ਰਾਜਾਂ ਦੇ ਵਪਾਰਕ ਸੁਧਾਰਾਂ ਬਾਰੇ ਡੀ ਆਈ ਪੀ ਪੀਜ਼ ਦੀ ਸਮੀਖਿਆ - ਦਰਜਾਬੰਦੀ, ਅੰਕ ਅਤੇ ਬਦਲਾਅ | | | | | |
|---|---|---|---|---|---|
| ਰਾਜ/ਕੇਂਦਰ ਸ਼ਾਸਤ ਪ੍ਰਦੇਸ਼ | ਦੂਜੇ ਸਰਵੇਖਣ ਮੁਤਾਬਕ ਦਰਜਾ | ਦੂਜੇ ਸਰਵੇਖਣ ਮੁਤਾਬਕ ਅੰਕ(%) | ਪਹਿਲੇ ਸਰਵੇਖਣ ਮਤਾਬਕ ਦਰਜਾ | ਪਹਿਲੇ ਸਰਵੇਖਣ ਮੁਤਾਬਕ ਅੰਕ (%) | ਦੂਜੇ ਤੋਂ ਪਹਿਲੇ ਸਰਵੇਖਣ ਦਰਮਿਆਨ ਪ੍ਰਤਿਸ਼ਤ ਬਦਲਾਅ |
| ਆਂਧਰ ਪ੍ਰਦੇਸ਼ | 1 | 98.78 | 2 | 70.12 | 40.9 |
| ਤੇਲੰਗਾਨਾ | 2 | 98.78 | 13 | 42.45 | 132.7 |
| ਗੁਜਰਾਤ | 3 | 98.21 | 1 | 71.14 | 38.1 |
| ਛੱਤੀਸਗੜ੍ਹ | 4 | 97.32 | 4 | 62.45 | 55.8 |
| ਮੱਧ ਪ੍ਰਦੇਸ਼ | 5 | 97.01 | 5 | 62 | 56.5 |
| ਹਰਿਆਣਾ | 6 | 96.95 | 14 | 40.66 | 138.4 |
| ਝਾਰਖੰਡ | 7 | 96.57 | 3 | 63.09 | 53.1 |
| ਰਾਜਸਥਾਨ | 8 | 96.43 | 6 | 61.04 | 58.0 |
| ਉੱਤਰਾਖੰਡ | 9 | 96.13 | 23 | 13.36 | 619.5 |
| ਮਹਾਰਾਸ਼ਟਰ | 10 | 92.86 | 8 | 49.43 | 87.9 |
| ਓਡੀਸ਼ਾ | 11 | 92.73 | 7 | 52.12 | 77.9 |
| ਪੰਜਾਬ | 12 | 91.07 | 16 | 36.73 | 147.9 |
| ਕਰਨਾਟਕ | 13 | 88.39 | 9 | 48.5 | 82.2 |
| ਉੱਤਰ ਪ੍ਰਦੇਸ਼ | 14 | 84.52 | 10 | 47.37 | 78.4 |
| ਪੱਛਮੀ ਬੰਗਾਲ | 15 | 84.23 | 11 | 46.9 | 79.6 |
| ਬਿਹਾਰ | 16 | 75.82 | 21 | 16.41 | 362.0 |
| ਹਿਮਾਚਲ ਪ੍ਰਦੇਸ਼ | 17 | 65.48 | 17 | 23.95 | 173.4 |
| ਤਮਿਲਨਾਡੂ | 18 | 62.8 | 12 | 44.58 | 40.9 |
| ਦਿੱਲੀ | 19 | 47.62 | 15 | 37.35 | 27.5 |
| ਕੇਰਲ | 20 | 26.97 | 18 | 22.87 | 17.9 |
| ਗੋਆ | 21 | 18.15 | 19 | 21.74 | –16.5 |
| ਤ੍ਰਿਪੁਰਾ | 22 | 16.67 | 26 | 9.29 | 79.4 |
| ਦਮਨ ਤੇ ਦਿਉ | 23 | 14.58 | ਉਪਲਬਧ ਨਹੀਂ | ਉਪਲਬਧ ਨਹੀਂ | ਉਪਲਬਧ ਨਹੀਂ |
| ਅਸਾਮ | 24 | 14.29 | 22 | 14.84 | –3.7 |
| ਦਾਦਰ ਤੇ ਨਗਰ ਹਵੇਲੀ | 25 | 1.79 | ਉਪਲਬਧ ਨਹੀਂ | ਉਪਲਬਧ ਨਹੀਂ | ਉਪਲਬਧ ਨਹੀਂ |
| ਪੁੱਡੂਚਿਰੀ | 26 | 1.49 | 20 | 17.72 | –91.6 |
| ਨਾਗਾਲੈਂਡ | 27 | 1.49 | 31 | 3.41 | –56.3 |
| ਮਨੀਪੁਰ | 28 | 1.19 | ਉਪਲਬਧ ਨਹੀਂ | ਉਪਲਬਧ ਨਹੀਂ | ਉਪਲਬਧ ਨਹੀਂ |
| ਮਿਜ਼ੋਰਮ | 29 | 0.89 | 28 | 6.37 | –86.0 |
| ਸਿੱਕਿਮ | 30 | 0.6 | 27 | 7.23 | –91.7 |
| ਅਰੁਨਾਚਲ ਪ੍ਰਦੇਸ਼ | 31 | 0.3 | 32 | 1.23 | –75.6 |
| ਜੰਮੂ ਅਤੇ ਕਸ਼ਮੀਰ | 32 | 0.3 | 29 | 5.93 | –94.9 |
| ਚੰਡੀਗੜ੍ਹ | 33 | 0.3 | 24 | 10.04 | –97.0 |
| ਮੇਘਾਲਿਆ | 34 | 0.3 | 30 | 4.38 | –93.2 |
| ਅੰਡੇਮਾਨ-ਨਿਕੋਬਾਰ ਦੀਪ ਸਮੂਹ | 35 | 0.3 | 25 | 9.73 | –96.9 |
| ਲਕਸ਼ਦੀਪ | 36 | 0.3 | ਉਪਲਬਧ ਨਹੀਂ | ਉਪਲਬਧ ਨਹੀਂ | ਉਪਲਬਧ ਨਹੀਂ |
| **ਰਾਸ਼ਟਰੀ ਔਸਤ** | – | **48.9** | – | **48.9** | – |


*ਸਰੋਤ : http://eodb.dipp.gov.in ਉਤੇ ਉਪਲਬਧ ਅੰਕੜਿਆਂ ਤੋਂ ਗਣਨਾ ਕੀਤੀ।*

ਚਿੱਤਰ-1 : ਈ ਓ ਡੀ ਬੀ ਮਾਪਦੰਡਾਂ ਉਤੇ ਚੋਟੀ ਦੇ 18 ਰਾਜਾਂ ਦੇ ਔਸਤ ਅੰਕ




*ਸਰੋਤ : http://eodb.dipp.gov.in ਉਤੇ ਉਪਲਬਧ ਅੰਕੜਿਆਂ ਤੋਂ ਲਿਆ ਗਿਆ*

ਚਿੱਤਰ-2 : ਈ ਓ ਡੀ ਬੀ ਮਾਪਦੰਡਾਂ ਤੇ 18 ਰਾਜਾਂ ਦਾ ਔਸਤ ਸਕੋਰ




*ਸਰੋਤ : http://eodb.dipp.gov.in ਉਤੇ ਉਪਲਬਧ ਅੰਕੜਿਆਂ ਤੋਂ ਲਿਆ ਗਿਆ*

ਕਿ ਇਸੇ ਹੀ ਸਮੇਂ ਦੂਜੇ ਖੇਤਰਾਂ ਵਿੱਚ ਇਨ੍ਹਾਂ ਦੇ ਵਿਰਾਸਤੀ ਫਾਇਦਿਆਂ ਦਾ ਲਾਹਾ ਲੈਣ ਲਈ ਵੀ ਸਹਾਇਤਾ ਕਰਨੀ ਚਾਹੀਦੀ ਹੈ ਜਿਸ ਵਿੱਚ ਐੱਮ ਐੱਸ ਐੱਮ ਈ ਐੱਸ ਦਾ ਵਿਕਾਸ ਅਤੇ ਸੈਰ-ਸਪਾਟਾ ਸ਼ਾਮਲ ਹਨ। ਭਾਰਤ ਦੇ ਅਕਾਰ ਅਤੇ ਭਿੰਨਤਾ ਵਾਲੇ ਦੇਸ਼ ਵਿੱਚ ਸਾਰਿਆਂ ਨੂੰ ਇਕੋ ਸਾਈਜ਼ ਫਿੱਟ ਬੈਠਣ ਦੀ ਰਣਨੀਤੀ ਕੰਮ ਨਹੀਂ ਕਰ ਸਕਦੀ। ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਨੂੰ ਦੋ ਵਿਆਪਕ ਵਰਗਾਂ ਵਿੱਚ ਵੰਡ ਕੇ ਉਸੇ ਅਨੁਸਾਰ ਇਨ੍ਹਾਂ ਰਾਜਾਂ ਦੀਆਂ ਸੁਧਾਰਾਂ ਦੀਆਂ ਤਰਜੀਹਾਂ ਤੈਅ ਕਰਨੀਆਂ ਚਹੀਦੀਆਂ ਹਨ।

ਮੋਹਰੀ ਅਤੇ ਪਛੜੇ ਰਾਜਾਂ ਲਈ ਵੱਖ-ਵੱਖ ਪਹੁੰਚ ਅਪਨਾਏ ਜਾਣ ਦੀ ਲੋੜ ਨੂੰ ਪੁਖਤਾ ਕਰਦਿਆਂ, ਡੀ ਆਈ ਪੀ ਪੀਜ਼ ਦੇ ਸਰਵੇਖਣ ਦੇ ਨਤੀਜੇ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਵਲੋਂ ਜਾਂ ਤਾਂ ਬਿਲਕੁੱਲ ਉਤਲੇ ਅਤੇ ਜਾਂ ਬਿਲਕੁੱਲ ਹੇਠਲੇ ਪੱਧਰ ਦੀ ਕਾਰਗੁਜ਼ਾਰੀ ਦਿਖਾਉਂਦੇ ਹਨ। 25-75 ਪ੍ਰਤਿਸ਼ਤ (ਤਾਲਿਕਾ-2) ਵਾਲੇ ਰਾਜਾਂ ਦੀ ਗਿਣਤੀ ਬਹੁਤ ਘੱਟ ਹੈ। ਵਪਾਰਕ ਝਗੜਿਆਂ ਦੇ ਨਿਪਟਾਰੇ ਨੂੰ ਛੱਡ ਕੇ ਬਾਕੀ ਸਾਰੇ ਮਾਪਦੰਡਾਂ ਲਈ ਇਹ ਗੱਲ ਸੱਚ ਹੈ। ਇਸ ਤੋਂ ਪਤਾ ਲਗਦਾ ਹੈ ਕਿ ਰਾਜ ਡੀ ਆਈ ਪੀ ਪੀ ਵਲੋਂ ਸਿਫਾਰਿਸ਼ ਕੀਤੇ ਸੁਧਾਰਾਂ ਨੂੰ ਲਾਗੂ ਕਰਨ ਵਿੱਚ ਜਾਂ ਤਾਂ ਬਹੁਤ ਸੌਖ ਮਹਿਸੂਸ ਕਰ ਰਹੇ ਹਨ ਜਾਂ ਬਹੁਤੀ ਔਖਿਆਈ। ਇਸ ਨਾਲ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਦੋ ਵਰਗਾਂ ਲਈ ਵੱਖੋ-ਵੱਖਰੀ ਪਹੁੰਚ ਅਪਣਾਏ ਜਾਣ ਦੀ ਲੋੜ ਨੂੰ ਉਤਸ਼ਾਹ ਮਿਲਦਾ ਹੈ।


ਦਿੱਲੀ ਪਛੜ ਰਹੀ ਹੈ, ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ - ਡੀ ਆਈ ਪੀ ਪੀਜ਼ ਵਲੋਂ ਸੁਧਾਰਾਂ ਦੀ ਦੂਜੀ ਸਮੀਖਿਆ ਵਿੱਚ ਦਿੱਲੀ ਸਿਰਫ 48 ਪ੍ਰਤਿਸ਼ਤ ਦਾ ਸਕੋਰ ਹੀ ਜੁਟਾ ਸਕੀ ਅਤੇ ਇਸ ਦਾ ਦਰਜਾ 19ਵਾਂ ਹੈ (ਤਾਲਿਕਾ-1)। ਭਾਵੇਂ ਕਿ ਦਿੱਲੀ ਤੋਂ ਮੋਹਰੀ ਨਿਰਮਾਣ ਉਤਪਾਦਕ ਹੋਣ ਦੀ ਆਸ ਨਹੀਂ ਕੀਤੀ ਜਾ ਸਕਦੀ, ਫਿਰ ਵੀ ਰਣਨੀਤਕ ਪੱਖੋਂ ਇਹ ਮਹੱਤਵਪੂਰਨ ਹੈ ਕਿ ਇਹ ਮੁੰਬਈ ਦੇ ਨਾਲ ਵਿਸ਼ਵ ਬੈਂਕ ਦੀ ਡੀ ਬੀ ਰਿਪੋਰਟ ਵਿੱਚ ਦੇਸ਼ ਦੇ ਦਰਜੇ ਦਾ ਨਿਰਧਾਰਨ ਕਰੇ ਜਿਥੇ ਅਗਲੇ ਤਿੰਨ ਸਾਲਾਂ ਦੌਰਾਨ ਭਾਰਤ ਆਪਣੀ ਦਰਜਾਬੰਦੀ 50ਵੇਂ ਸਥਾਨ ਤੱਕ ਕਰਨ ਦੀ ਇਛੁੱਕ ਹੈ (ਵਰਤਮਾਨ 130) (ਬੀ ਐੱਸ, 2015)। ਇਸ ਲਈ ਦਿੱਲੀ ਨੂੰ ਮੁੰਬਈ ਦੇ

| ਤਾਲਿਕਾ-2: ਈ ਓ ਡੀ ਬੀ ਦੇ 10 ਮਾਪਦੰਡਾਂ ਉਤੇ ਵੱਖ-ਵੱਖ ਅੰਕ ਹਾਸਲ ਕਰਨ ਵਾਲੇ ਰਾਜਾਂ ਦੀ ਸੰਖਿਆ | | | | | | | | | | |
|---|---|---|---|---|---|---|---|---|---|---|
| ਅੰਕ | ਸੂਚਨਾ ਤੇ ਪਾਰਦਰਸ਼ਤਾ ਤੱਕ ਪਹੁੰਚ | ਇਕਹਿਰੀ ਖਿੜਕੀ | ਜ਼ਮੀਨ ਦੀ ਉਪਲਬਧਤਾ | ਉਸਾਰੀ ਪਰਮਿਟ | ਵਾਤਾਵਰਨਿਕ ਪੰਜੀਕਰਨ | ਕਿਰਤ ਨਿਯਮਨ | ਬਿਜਲੀ ਕੁਨੈਕਸ਼ਨ ਲੈਣਾ | ਆਨਲਾਈਨ ਟੈਕਸ ਰਿਟਰਨ ਭਰਨਾ | ਜਾਂਚ ਪੜਤਾਲ | ਵਪਾਰਕ ਝਗੜਿਆਂ ਦਾ ਨਿਪਟਾਰਾ |
| 0-25% | 15 | 19 | 15 | 17 | 13 | 14 | 16 | 14 | 18 | 0 |
| 25-50% | 5 | 3 | 5 | 3 | 2 | 2 | 2 | 2 | 0 | 22 |
| 50-75% | 1 | 2 | 7 | 4 | 2 | 2 | 2 | 2 | 1 | 6 |
| 75-100% | 15 | 12 | 9 | 12 | 19 | 18 | 16 | 18 | 17 | 8 |

ਸਰੋਤ : *http://eodb.dipp.gov.in* ਉਤੇ ਉਪਲਬਧ ਅੰਕੜਿਆਂ ਤੋਂ ਲਿਆ ਗਿਆ

ਨਾਲ ਈ ਓ ਡੀ ਬੀ ਕਾਰਗੁਜ਼ਾਰੀ ਦੇ ਚੋਟੀ ਦੇ 10 ਰਾਜਾਂ ਨਾਲ ਜੋੜਨ ਲਈ ਇਸ ਦੀ ਸਹਾਇਤਾ ਕਰਨੀ ਚਾਹੀਦੀ ਹੈ।

ਸੁਧਾਰਾਂ ਬਾਰੇ ਸੱਨਅਤ ਦੀ ਧਾਰਣਾ ਵੀ ਮਹੱਤਵਪੂਰਨ ਹੈ - ਹੋ ਸਕਦਾ ਹੈ ਸਰਕਾਰ ਨੂੰ ਨਾ ਪਤਾ ਹੋਵੇ ਕਿ ਉਸ ਨੂੰ ਨਹੀਂ ਪਤਾ, ਜਿਸ ਕਰਕੇ ਅਜਿਹਾ ਵਾਤਾਵਰਨ ਸਿਰਜਣ ਦੀ ਲੋੜ ਪੈਂਦੀ ਹੈ ਜਿਥੇ ਜਨਤਕ ਅਧਿਕਾਰੀ ਨਿਯਮਤ ਤੌਰ ਤੇ ਨਿੱਜੀ ਖੇਤਰ ਤੋਂ ਜਾਣਕਾਰੀ ਹਾਸਲ ਕਰ ਸਕਣ (ਰੌਡਰਿਕ, 2004)। ਭਾਵੇਂ ਕਿ ਡੀ ਆਈ ਪੀ ਪੀਜ਼ ਦਾ ਸਰਵੇਖਣ ਰਾਜ ਸਰਕਾਰਾਂ ਦੇ ਹੁੰਗਾਰਿਆਂ ਉਤੇ ਅਧਾਰਤ ਹੈ, ਪਰ ਸਰਵੇ ਵਿੱਚ ਸੱਨਅਤ ਤੋਂ ਸਰਕਾਰ ਤੱਕ ਜਾਣਕਾਰੀ ਦਾ ਪ੍ਰਵਾਹ ਨਦਾਰਦ ਹੈ। ਸਿੱਟੇ ਵਜੋਂ ਜ਼ਿਆਦਾਤਰ ਰਾਜਾਂ ਵਿੱਚ ਸਰਕਾਰ ਅਤੇ ਸੱਨਅਤ ਦੀਆਂ ਧਾਰਣਾਵਾਂ ਵਿਚਾਲੇ ਇਕ ਵੱਡਾ ਪਾੜਾ ਮੌਜੂਦ ਰਹਿੰਦਾ ਹੈ। ਮਿਸਾਲ ਦੇ ਲਈ, ਭਾਵੇਂ ਇਕਹਿਰੀ ਖਿੜਕੀ ਦੇ ਮਾਪਦੰਡ ਉਤੇ ਬਹੁਤ ਸਾਰੇ ਰਾਜਾਂ ਨੇ 90 ਪ੍ਰਤਿਸ਼ਤ ਤੋਂ ਜ਼ਿਆਦਾ ਅੰਕ ਹਾਸਲ ਕੀਤੇ ਹਨ ਪਰ ਇਹ ਵਿਵਸਥਾ ਲਗਭਗ ਸਾਰੇ ਰਾਜਾਂ ਵਿੱਚ ਹੀ ਪ੍ਰਭਾਵੀ ਹੋਣ ਤੋਂ ਕਿਤੇ ਦੂਰ ਹੈ। ਅਜਿਹੇ ਪਾੜੇ ਈ ਓ ਡੀ ਬੀ ਦੇ ਦੂਸਰੇ ਸੂਚਕਾਂ ਲਈ ਵੀ ਮੌਜੂਦ ਹਨ ਜਿਥੇ ਰਾਜਾਂ ਵਲੋਂ 100 ਪ੍ਰਤਿਸ਼ਤ ਅੰਕ ਵੀ ਪ੍ਰਾਪਤ ਕੀਤੇ ਹੋ ਸਕਦੇ ਹਨ। ਰਾਜ ਸਰਕਾਰਾਂ ਦਾ ਪੱਖ ਲੈਂਦਿਆਂ, ਅਸੀਂ ਕਹਿ ਸਕਦੇ ਹਾਂ ਕਿ ਜ਼ਿਆਦਾਤਰ ਸੁਧਾਰ ਹਾਲ ਹੀ ਵਿੱਚ ਸ਼ੁਰੂ ਕੀਤੇ ਗਏ ਹਨ ਅਤੇ ਇਨ੍ਹਾਂ ਦੇ ਜੜ੍ਹਾਂ ਫੜਨ ਲਈ ਸਮਾਂ ਲੱਗੇਗਾ। ਇਸ ਦੌਰਾਨ, ਸੁਧਾਰਾਂ ਬਾਰੇ ਰਾਜ ਸਰਕਾਰਾਂ ਅਤੇ ਉਦਯੋਗਾਂ ਦੀਆਂ ਧਾਰਣਾਵਾਂ ਦੇ ਖੱਪੇ ਨੂੰ ਪੂਰਨ ਲਈ ਕਰੜੇ ਯਤਨ ਕਰਨ ਦੀ ਲੋੜ ਹੈ। ਇਸ ਦਿਸ਼ਾ ਵੱਲ ਤੁਰਦਿਆਂ, ਡੀ ਆਈ ਪੀ ਪੀ ਸੱਨਅਤ ਦੀ ਧਾਰਣਾ ਦੇ ਅਧਾਰ ਉਤੇ ਰਾਜਾਂ ਦੀ ਦਰਜਾਬੰਦੀ ਸ਼ੁਰੂ ਕਰ ਸਕਦਾ ਹੈ। ਉਦਯੋਗ ਦੀ ਧਾਰਣਾਂ ਵੀ ਅਹਿਮ ਹੈ ਕਿਉਂਕਿ ਰਾਜ ਸਰਕਾਰਾਂ ਅਜਿਹੇ ਤਰੀਕਿਆਂ ਨਾਲ ਆਪਣੀ ਦਰਜਾਬੰਦੀ ਵਿੱਚ ਸੁਧਾਰ ਕਰਨ ਦਾ ਯਤਨ ਕਰ ਸਕਦੀਆਂ ਹਨ ਜਿਨ੍ਹਾਂ ਦਾ ਵਪਾਰਕ ਵਾਤਾਵਰਨ ਵਿੱਚ ਸੁਧਾਰ ਲਈ ਨਾਮਾਤਰ ਯੋਗਦਾਨ ਹੋਵੇ। ਰਵਾਂਡਾ ਸ਼ਾਇਦ ਇਸ ਦੀ ਸਭ ਤੋਂ ਵਧੀਆ ਮਿਸਾਲ ਹੈ (ਦਿ ਇਕਨਮਿਕ, 2015)। ਇਸ ਦੇਸ਼ ਵਲੋਂ ਆਪਣੀ ਵਿਸ਼ਵ ਬੈਂਕ ਦਰਜਾਬੰਦੀ 2016 ਦੀ 139 ਦੇ ਮੁਕਾਬਲੇ ਹੁਣ 56 ਕਰਕੇ ਸੁਧਾਰ ਕੀਤਾ ਗਿਆ ਹੈ, ਪਰ ਹਾਲੇ ਵੀ ਇਹ ਵਿਸ਼ਵ ਦੀ ਸਭ ਤੋਂ ਗਰੀਬ ਆਰਥਿਕਤਾ ਬਣਿਆ ਹੋਇਆ ਹੈ।




ਸਰੋਤ : *http://eodb.dipp.gov.in* ਉਤੇ ਉਪਲਬਧ ਅੰਕੜਿਆਂ ਤੋਂ ਲਿਆ ਗਿਆ

ਬੇਹਤਰੀਨ ਪ੍ਰਥਾਵਾਂ ਅਪਣਾਉਣ ਅਤੇ ਪਰਸਾਰ ਕਰਨ ਦੀ ਵਿਆਪਕ ਗੁੰਜਾਇਸ਼ - ਸਰਵੇਖਣ ਦੇ ਨਤੀਜੇ ਵੱਖ-ਵੱਖ ਰਾਜਾਂ ਵਿੱਚ ਈ ਓ ਡੀ ਬੀ ਦੀਆਂ ਅਨੇਕ ਬੇਹਤਰੀਨ ਪ੍ਰਥਾਵਾਂ ਦੀ ਮੌਜੂਦਗੀ ਵੱਲ ਇਸ਼ਾਰਾ ਕਰਦੇ ਹਨ। ਈ ਓ ਡੀ ਬੀ ਦੇ 10 ਵਿੱਚੋਂ 8 ਮਾਪਦੰਡਾਂ ਉਤੇ ਘੱਟੋ-ਘੱਟ 10 ਰਾਜਾਂ ਵਲੋਂ 90-100 ਪ੍ਰਤਿਸ਼ਤ ਦੇ ਵਿਚਕਾਰ ਅੰਕ ਪ੍ਰਾਪਤ ਕੀਤੇ ਗਏ ਹਨ ਅਤੇ ਇਹ ਦੂਜੇ ਰਾਜਾਂ ਲਈ ਬੇਹਤਰੀਨ ਪ੍ਰਥਾਵਾਂ ਦੀ ਮਿਸਾਲ ਬਹੁਤ ਚੰਗੀ ਤਰ੍ਹਾਂ ਪੇਸ਼ ਕਰ ਸਕਦੇ ਹਨ (ਚਿੱਤਰ-3)। 90-100 ਪ੍ਰਤਿਸ਼ਤ ਅੰਕ ਪ੍ਰਾਪਤ ਕਰਨ ਵਾਲੇ ਜ਼ਿਆਦਾਤਰ ਰਾਜ ਵਾਤਾਵਰਨਿਕ ਪੰਜੀਕਰਨ ਵਾਲੇ ਮਾਪਦੰਡ ਵਿੱਚ ਪਾਏ ਜਾਂਦੇ ਹਨ (19) ਜੋ ਪਹਿਲਾਂ ਵਪਾਰ ਲਈ ਇਕ ਵੱਡੀ ਚੁਨੌਤੀ ਹੋਇਆ ਕਰਦਾ ਸੀ। ਇਸ ਤੋਂ ਬਾਅਦ ਕਿਰਤ ਨਿਯਮਨ (17) ਅਤੇ ਆਨ-ਲਾਈਨ ਟੈਕਸ ਰਿਟਰਨ ਦਾਖਲ ਕਰਨਾ (16) ਆਉਂਦੇ ਹਨ।

ਤਾਲਿਕਾ-3 ਵਿੱਚ ਈ ਓ ਡੀ ਬੀ ਦੇ ਹਰੇਕ 10 ਸੂਚਕਾਂ ਵਿੱਚ 90-100 ਪ੍ਰਤਿਸ਼ਤ ਹਾਸਲ ਕਰਨ ਵਾਲੇ 3 ਰਾਜਾਂ ਦੀ ਸੂਚੀ ਦਿੱਤੀ

ਗਈ ਹੈ ਜੋ ਦਿਖਾਉਂਦੀ ਹੈ ਕਿ ਕੁੱਲ ਮਿਲਾ ਕੇ ਰਾਜ ਈ ਓ ਡੀ ਬੀ ਦੇ ਵੱਖ-ਵੱਖ ਮਾਪਦੰਡਾਂ ਵਿੱਚ ਆਪਣੀਆਂ ਤਾਕਤਾਂ ਦਾ ਮੁਜ਼ਾਹਰਾ ਕਰਦੇ ਹਨ, ਜੋ ਸੁਧਾਰਾਂ ਨੂੰ ਲਾਗੂ ਕਰਨ ਲਈ ਦੂਜੇ ਰਾਜਾਂ ਵਾਸਤੇ ਸਿੱਖਣ ਦਾ ਇਕ ਵਧੀਆ ਸਰੋਤ ਹੋ ਸਕਦਾ ਹੈ। ਧਿਆਨ ਦੇਣ ਵਾਲੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਚੋਟੀ ਦੀ ਦਰਜਾਬੰਦੀ ਹਾਸਲ ਕਰਨ ਵਾਲੇ ਬਹੁਤੇ ਰਾਜ ਇਤਿਹਾਸਕ ਪੱਖੋਂ ਉਦਯੋਗਿਕ ਰਾਜ ਨਹੀਂ ਹਨ, ਤਾਂ ਵੀ ਉਨ੍ਹਾਂ ਨੇ ਵਪਾਰਕ ਸੁਧਾਰ ਬਹੁਤ ਛੇਤੀ ਜਾਰੀ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਕੇਂਦਰ ਲਈ ਵੀ ਸੁਧਾਰਾਂ ਦੀ ਸਮੀਖਿਆ – ਈ ਓ ਡੀ ਬੀ ਤੇ ਅਗਾਂਹਵਧੂ ਤੇ ਪਛੜੇ ਰਾਜਾਂ ਦੇ ਫਰਕ ਨੂੰ ਖਤਮ ਕਰਨ ਅਤੇ ਰਾਜਾਂ ਵਿੱਚ ਸੁਧਾਰਾਂ ਦੀ ਪ੍ਰਕਿਰਿਆ ਤੇਜ਼ ਕਰਨ ਲਈ ਕੇਂਦਰ ਸਰਕਾਰ ਦੇ ਮੰਤਰਾਲਿਆਂ/ਵਿਭਾਗਾਂ ਲਈ ਵੀ ਈ ਓ ਡੀ ਬੀ ਸੁਧਾਰਾਂ ਦੀ ਸਮੀਖਿਆ ਕਰਨਾ ਲਾਭਦਾਇਕ ਹੋਵੇਗਾ। ਈ ਓ ਡੀ ਬੀ ਨਾਲ ਸੰਬੰਧਿਤ ਬਹੁਤ ਸਾਰੇ ਮੁੱਦਿਆਂ ਜਿਵੇਂ ਕਿਰਤ ਕਾਨੂੰਨਾਂ, ਕਰ ਪ੍ਰਣਾਲੀ, ਵਾਤਾਵਰਨ, ਤੀਸਰੀ ਧਿਰ ਦੀ ਮਨਜ਼ੂਰੀ, ਸਵੈ-ਪ੍ਰਮਾਣੀਕਰਨ ਅਤੇ ਭੂਮੀ ਪ੍ਰਾਪਤੀ ਲਈ ਕੇਂਦਰ ਸਰਕਾਰ ਦੇ ਦਖਲ ਦੀ ਵੀ ਜ਼ਰੂਰਤ ਹੁੰਦੀ ਹੈ।

ਰਾਜਾਂ ਦੀ ਦਰਜਾਬੰਦੀ ਮੁਕਾਬਲੇਬਾਜ਼ੀ ਦੇ ਅਧਾਰ ਉਤੇ ਕਰਨੀ ਚਾਹੀਦੀ ਹੈ – ਭਾਵੇਂ ਕਿ ਬਹੁਤ ਸਾਰੇ ਰਾਜਾਂ ਨੇ ਈ ਓ ਡੀ ਬੀ ਸੁਧਾਰਾਂ ਉਤੇ 90 ਪ੍ਰਤਿਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ, ਪਰ ਹਾਲੇ ਵੀ ਹੋ ਸਕਦਾ ਹੈ ਉਹ ਨਿਵੇਸ਼ਕਾਂ ਨੂੰ ਅਨੁਕੂਲ ਵਾਤਾਵਰਨ ਮੁਹੱਈਆ ਨਾ ਕਰਵਾ ਪਾ ਰਹੇ ਹੋਣ। ਭਾਵੇਂ ਕਿ ਕਿਸੇ ਵੀ ਰਾਜ ਦੇ ਵਪਾਰਕ ਵਾਤਾਵਰਨ ਦੀ ਸਮੀਖਿਆ ਲਈ ਵਪਾਰ ਕਰਨ ਦੀ ਸੌਖ ਇਕ ਮਹੱਤਵਪੂਰਨ ਕਸੌਟੀ ਹੈ, ਪਰ ਇਹ ਹਰਗਿਜ਼ ਯਕੀਨੀ ਨਹੀਂ ਬਣਾਉਂਦਾ ਕਿ ਰਾਜ ਵਪਾਰ ਕਰਨ ਲਈ ਬਿਲਕੁਲ ਢੁੱਕਵੀਂ ਚੋਣ ਹੈ। ਈ ਓ ਡੀ ਬੀ ਤੋਂ ਇਲਾਵਾ ਹੋਰ ਬਹੁਤ ਸਾਰੇ ਪੱਖ ਹੁੰਦੇ ਹਨ ਜੋ ਨਿਵੇਸ਼ ਦਾ ਫੈਸਲਾ ਲੈਣ ਲਈ ਬਹੁਤ ਅਹਿਮ ਹੁੰਦੇ ਹਨ। ''ਨਿਵੇਸ਼ ਦਾ ਫੈਸਲਾ ਲੈਣ ਵੇਲੇ ਉੱਦਮੀ ਕਈ ਸਾਰੇ ਪੱਖਾਂ ਵੱਲ ਵੇਖਦੇ ਹਨ, ਜਿਵੇਂ ਨਿਵੇਸ਼ ਦੀ ਲਾਗਤ, ਬੁਨਿਆਦੀ ਢਾਂਚੇ ਦੀ ਭਰੋਸੇਯੋਗਤਾ, ਅਤੇ ਸੰਸਥਾਨਾਂ ਦੀ ਗੁਣਵੱਤਾ (ਲਾਰੋਸੀ, 2009)।

ਉੱਦਮੀ ਜਨਤਕ ਵਸਤੂਆਂ ਦੇ ਪ੍ਰਾਵਧਾਨ ਵੱਲ ਵੀ ਵੇਖਦੇ ਹਨ ਜਿਵੇਂ ਕਿ ਜਨਤਕ ਪ੍ਰਯੋਗਸ਼ਾਲਾ, ਖੋਜ ਤੇ ਵਿਕਾਸ ਦੀਆਂ ਸਹੂਲਤਾਂ, ਕਿੱਤਾਮੁਖੀ ਅਤੇ ਤਕਨੀਕੀ ਸਿਖਲਾਈ ਸੰਸਥਾਨ, ਸਿਹਤ ਤੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਦਾ ਪ੍ਰਾਵਧਾਨ, ਸਫਾਈ ਅਤੇ ਪੌਦਿਆਂ ਦੀ ਸਿਹਤ ਸੰਬੰਧੀ ਮਿਆਰ (ਰੌਡਰਿਕ, 2004)। ਜਨਤਕ ਸੇਵਾਵਾਂ ਦਾ ਪ੍ਰਭਾਵੀ ਪ੍ਰਾਵਧਾਨ ਇਕ ਹੋਰ ਅਹਿਮ ਖੇਤਰ ਹੈ। ਜ਼ਿਆਦਾਤਰ ਰਾਜਾਂ ਵਲੋਂ ਸੇਵਾ ਦਾ ਅਧਿਕਾਰ ਐਕਟ ਲਾਗੂ ਕਰਨ ਦੇ ਬਾਵਜੂਦ, ਜੋ ਸਰਕਾਰੀ ਦਫ਼ਤਰਾਂ ਤੋਂ ਬਿਨਾਂ ਕਿਸੇ ਤਕਲੀਫ, ਭ੍ਰਿਸ਼ਟਾਚਾਰ ਰਹਿਤ ਅਤੇ ਸਮੇਂ ਅੰਦਰ ਸੇਵਾਵਾਂ ਦੇਣਾ ਯਕੀਨੀ ਬਣਾਉਂਦਾ ਹੈ, ਪਰ ਜ਼ਮੀਨੀ ਪੱਧਰ ਉਤੇ ਹਾਲਾਤ ਹਾਲੇ ਵੀ ਠੀਕ ਨਹੀਂ ਹਨ। ਇਸ ਲਈ ਇਹ ਮਹੱਤਵਪੂਰਨ ਹੋ ਜਾਂਦਾ ਹੈ ਕਿ ਰਾਜਾਂ ਦੀ ਦਰਜਾਬੰਦੀ ਨਿਵੇਸ਼ ਵਾਤਾਵਰਨ ਪੱਖਾਂ ਦੀ ਵਿਆਪਕ ਸੂਚੀ ਦੇ ਅਧਾਰ ਉਤੇ ਵੀ ਕੀਤੀ ਜਾਵੇ ਜਿਸ ਨਾਲ ਕਿਸੇ ਰਾਜ ਦੀ ਕੁੱਲ ਮੁਕਾਬਲੇਬਾਜ਼ੀ ਸਮਝਣ ਵਿੱਚ ਸਹਾਇਤਾ ਮਿਲੇਗੀ।

ਸਮਕਾਲੀ ਸੂਚੀ ਵਾਲੇ ਕਾਨੂੰਨਾਂ ਦੀ ਰਾਜਾਂ ਨੂੰ ਸਿਫਾਰਿਸ਼ ਕੀਤੀ ਜਾਵੇ ਅਤੇ ਇਨ੍ਹਾਂ ਨੂੰ ਘੱਟ ਕੀਤਾ ਜਾਵੇ – ਰਾਜਾਂ ਵਿੱਚ ਈ ਓ ਡੀ ਬੀ ਸੁਧਾਰਾਂ ਦੇ ਸੂਚਕਾਂ ਵਿੱਚ ਬਹੁਤ ਸਾਰੇ ਉੱਚ ਸਕੋਰ ਵਾਲੇ ਮਾਮਲੇ ਜ਼ਰੂਰੀ ਨਹੀਂ ਜ਼ਮੀਨੀ ਪੱਧਰ ਉਤੇ ਨਿਵੇਸ਼ਕਾਂ ਦੀ ਸੰਤੁਸ਼ਟੀ ਕਰਦੇ ਹੋਣ। ਦੂਸਰੇ ਕਦਮਾਂ ਤੋਂ ਇਲਾਵਾ ਇਹ ਮੁੱਦਾ ਡੂੰਘੇ ਸੁਧਾਰਾਂ ਦੀ ਮੰਗ ਕਰਦਾ ਹੈ, ਜਿਵੇਂ ਕਿ ਕਿਰਤ ਕਾਨੂੰਨਾਂ ਦਾ ਮਾਮਲਾ। ਬਜਾਇ ਕਿ ਵਿਕਲਪ ਦੇ ਤੌਰ ਤੇ ਇਸ ਨੂੰ ਰਾਜਾਂ ਲਈ ਛੱਡ ਦਿੱਤਾ ਜਾਵੇ, ਡੀ ਆਈ ਪੀ ਪੀ ਨੂੰ ਸਮਕਾਲੀ ਸੂਚੀ ਵਿੱਚ ਢੁੱਕਵੇਂ ਕਾਨੂੰਨਾਂ ਅੰਦਰ ਸੋਧ ਕਰਨ ਲਈ ਰਾਜਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਜੋ ਵਪਾਰ ਕਰਨ ਦੀ ਸੌਖ ਵਿੱਚ ਸੁਧਾਰ ਕਰ ਸਕਦੇ ਹਨ। ਕੇਂਦਰ ਸਰਕਾਰ ਵਲੋਂ ਪਹਿਲਾਂ ਹੀ ਅਜਿਹੇ ਕਾਨੂੰਨ ਬਣਾਉਣ ਲਈ ਰਾਜ ਸਰਕਾਰਾਂ ਨੂੰ ਮੋਹਰੀ ਭੂਮਿਕਾ ਨਿਭਾਉਣ ਦੀ ਬੇਨਤੀ ਕੀਤੀ ਜਾ ਚੁੱਕੀ ਹੈ ਜਿਸ ਨੂੰ ਕੇਂਦਰ ਦਾ ਸਮਰਥਨ ਹਾਸਲ ਹੋਵੇਗਾ (ਮਿਸ਼ਰਾ, 2015)। ਬਹੁਤ ਸਾਰੇ ਰਾਜਾਂ ਵਲੋਂ ਪਹਿਲਾਂ ਹੀ ਪ੍ਰਸੰਗਿਕ ਪਹਿਲਕਦਮੀਆਂ ਕੀਤੀਆਂ ਜਾ ਚੁੱਕੀਆਂ ਹਨ। ਮਿਸਾਲ ਦੇ ਤੌਰ ਤੇ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਲੋਂ ਉਦਯੋਗਿਕ ਝਗੜੇ ਨਿਪਟਾਰਾ ਐਕਟ, 1947, ਠੇਕਾ ਮਜ਼ਦੂਰੀ ਐਕਟ, 1970 ਅਤੇ ਫੈਕਟਰੀ ਐਕਟ, 1948 ਦੀ ਅਮਲਕਾਰੀ ਮੁਢਲੀ ਸੀਮਾ ਪਹਿਲਾਂ ਹੀ ਕਾਫੀ ਵਧਾਈ ਜਾ ਚੁੱਕੀ ਹੈ।

ਹੋਰ ਜ਼ਿਆਦਾ ਮਹੱਤਵਪੂਰਨ ਇਹ ਗੱਲ ਹੈ ਕਿ ਕੇਂਦਰ ਸਰਕਾਰ ਨੂੰ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਵਿੱਚ ਸੋਧ ਕਰਕੇ, ਰਾਜਾਂ ਨੂੰ ਕਾਨੂੰਨ ਬਣਾਉਣ ਲਈ ਵਧੇਰੇ ਖੁਦਮੁਖਤਿਆਰੀ ਦੇਣੀ ਚਾਹੀਦੀ ਹੈ। ਸੱਤਵੇਂ ਸ਼ਡਿਊਲ ਵਿੱਚ ਸਮਕਾਲੀ ਸੂਚੀ ਤਹਿਤ ਨੀਤੀ ਕਾਰਜਾਂ ਦੀ ਇਕ ਲੰਮੀ ਸੂਚੀ

ਤਾਲਿਕਾ-3 : ਈ ਓ ਡੀਬੀ ਮਾਪਦੰਡਾਂ ਤੇ 90-100 ਪ੍ਰਤਿਸ਼ਤ ਦਰਮਿਆਨ ਹਾਸਲ ਕਰਨ ਵਾਲੇ ਚੋਟੀ ਦੇ ਤਿੰਨ ਸੂਬੇ

| ਕ੍ਰਮ ਸੰ. | ਵਪਾਰ ਕਰਨ ਦੀ ਸੌਖ ਦੇ ਸੂਚਕ | 3 ਚੋਟੀ ਦੇਰਾਜ (90-100 ਪ੍ਰਤਿਸ਼ਤ ਅੰਕ) |
|---|---|---|
| 1. | ਸੂਚਨਾ ਤੇ ਪਾਰਦਰਸ਼ਤਾ ਤੱਕ ਪਹੁੰਚ | ਉਤਰਾਖੰਡ, ਰਾਜਸਥਾਨ, ਪੱਛਮੀ ਬੰਗਾਲ |
| 2. | ਇਕਹਿਰੀ ਖਿੜਕੀ | ਹਰਿਆਣਾ, ਉੱਤਰਾਖੰਡ, ਪੰਜਾਬ |
| 3. | ਜ਼ਮੀਨੀ ਉਪਲਬਧਤਾ | ਗੁਜਰਾਤ, ਆਂਧਰਾ ਪ੍ਰਦੇਸ਼, ਤੇਲੰਗਾਨਾ |
| 4. | ਉਸਾਰੀ ਪਰਮਿਟ | ਹਰਿਆਣਾ, ਆਂਧਰਾ ਪ੍ਰਦੇਸ਼ ਰਾਜਸਥਾਨ |
| 5. | ਜਾਂਚ ਪੜਤਾਲ ਸੁਧਾਰ | ਉੱਤਰਾਖੰਡ, ਰਾਜਸਥਾਨ, ਝਾਰਖੰਡ |
| 6. | ਵਾਤਾਵਰਣਿਕ ਪੰਜੀਕਰਨ | ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ |
| 7. | ਕਿਰਤ ਨਿਯਮਨ | ਹਰਿਆਣਾ, ਉੱਤਰਾਖੰਡ, ਪੰਜਾਬ |
| 8. | ਬਿਜਲੀ ਕੁਨੈਕਸ਼ਨ ਲੈਣਾ | ਉੱਤਰਾਖੰਡ, ਰਾਜਸਥਾਨ, ਝਾਰਖੰਡ |
| 9. | ਆਨਲਾਈਨ ਟੈਕਸ ਰਿਟਰਨ ਭਰਨਾ | ਰਾਜਸਥਾਨ, ਉੱਤਰਾਖੰਡ, ਹਰਿਆਣਾ |
| 10. | ਵਪਾਰਕ ਝਗੜਿਆਂ ਦਾ ਨਿਪਟਾਰਾ | ਤੇਲੰਗਾਨਾ |

*ਸਰੋਤ : http://eodb.dipp.gov.in ਉਤੇ ਉਪਲਬਧ ਅੰਕੜਿਆਂ ਤੋਂ ਲਿਆ ਗਿਆ*

(47 ਇੰਦਰਾਜ) ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਕਾਨੂੰਨਾਂ ਜਿਵੇਂ ਟ੍ਰੇਡ ਯੂਨੀਅਨ, ਉਦਯੋਗਿਕ ਅਤੇ ਮਜ਼ਦੂਰਾਂ ਦੇ ਝਗੜੇ, ਜੰਗਲਾਤ, ਫੈਕਟਰੀਆਂ, ਬੁਆਇਲਰ ਅਤੇ ਬਿਜਲੀ ਨਾਲ ਸੰਬੰਧਿਤ, ਦਾ ਸਿੱਧਾ ਅਸਰ ਵਪਾਰ ਕਰਨ ਦੀ ਸੌਖ ਉਤੇ ਪੈਂਦਾ ਹੈ। ਸਹਿਕਾਰੀ ਸੰਘਵਾਦ ਦੀ ਦਿਸ਼ਾ ਵੱਲ ਵਧਦਿਆਂ, ਅਜਿਹੇ ਬਹੁਤ ਸਾਰੇ ਨੀਤੀਗਤ ਕਾਰਜਾਂ ਨੂੰ ਸਮਕਾਲੀ ਸੂਚੀ ਵਿਚੋਂ ਕੱਢ ਕੇ ਰਾਜ ਸਰਕਾਰਾਂ ਨੂੰ ਕਰਨ ਦੀ ਲੋੜ ਹੈ (ਆਈਅਰ, 2015)। ਈ ਓ ਡੀ ਬੀ ਮੋਰਚੇ ਉਤੇ ਰਾਜਾਂ ਦਰਮਿਆਨ ਵਧਦੀ ਮੁਕਾਬਲੇ-ਬਾਜ਼ੀ ਦੇ ਮੱਦੇਨਜ਼ਰ ਵਧੀਆ ਕਾਰਗੁਜ਼ਾਰੀ ਦਿਖਾਉਣ ਲਈ ਇਹ ਉਨ੍ਹਾਂ ਨੂੰ ਵਪਾਰਕ ਸੁਧਾਰ ਤੇਜ਼ੀ ਨਾਲ ਲਾਗੂ ਕਰਨ ਲਈ ਵਾਧੂ ਸਥਾਨ ਪ੍ਰਦਾਨ ਕਰੇਗਾ।

## ਸਾਰ ਅਤੇ ਨਿਚੋੜ

ਵਪਾਰ ਕਰਨ ਦੀ ਸੌਖ ਦੇ ਮੋਰਚੇ ਉਤੇ ਦੇਸ਼ ਦੀ ਮਾੜੀ ਕਾਰਗੁਜ਼ਾਰੀ ਦਰਮਿਆਨ (ਜਿਵੇਂ ਕਿ ਵਿਸ਼ਵ ਬੈਂਕ ਦੀ ਡੀ ਬੀ ਦਰਜਾਬੰਦੀ ਵਿੱਚ ਦਿਖਾਇਆ ਗਿਆ ਹੈ) ਅਤੇ 'ਮੇਕ ਇਨ ਇੰਡੀਆ' ਪਹਿਲਕਦਮੀ ਦੀ ਸ਼ੁਰੂਆਤ ਦਰਮਿਆਨ, ਈ ਓ ਡੀ ਬੀ ਵਿੱਚ ਸੁਧਾਰ ਕੇਂਦਰ ਸਰਕਾਰ ਦੀ ਸਰਵੋਚ ਪ੍ਰਾਥਮਿਕਤਾ ਹੈ। ਸਰਕਾਰ ਵਲੋਂ ਨਾ ਕੇਵਲ ਸੁਧਾਰ ਸ਼ੁਰੂ ਕੀਤੇ ਜਾ ਰਹੇ ਹਨ, ਪਰ ਸਾਲਾਨਾ ਸਮੀਖਿਆ ਅਤੇ ਰਾਜਾਂ ਦੇ ਵਪਾਰਕ ਸੁਧਾਰਾਂ ਦੀ ਦਰਜਾਬੰਦੀ ਕਰਕੇ ਮੁਕਾਬਲੇਬਾਜ਼ੀ ਵਾਲੇ ਸੰਘਵਾਦ ਦੀ ਭਾਵਨਾ ਦਾ ਸੰਚਾਰ ਵੀ ਕੀਤਾ ਜਾ ਰਿਹਾ ਹੈ, ਜਿਸ ਨੇ 2 ਸਾਲ ਦੇ ਸਮੇਂ ਅੰਦਰ ਰਾਸ਼ਟਰੀ ਪੱਧਰ ਉਤੇ ਈ ਓ ਡੀ ਬੀ ਦੀ ਕਾਰਗੁਜ਼ਾਰੀ ਵਿੱਚ ਚੋਖਾ ਸਾਹਸ ਦਿਖਾਇਆ ਹੈ। ਈ ਓ ਡੀ ਬੀ ਸੁਧਾਰਾਂ ਉਤੇ ਅਮਲ ਦੀ ਰਾਸ਼ਟਰੀ ਔਸਤ ਹੁਣ 48.9 ਪ੍ਰਤਿਸ਼ਤ ਹੈ ਜੋ ਪਿਛਲੇ ਸਾਲ ਦੇ 32 ਪ੍ਰਤਿਸ਼ਤ ਨਾਲੋਂ ਕਿਤੇ ਵੱਧ ਹੈ।

ਡੀ ਆਈ ਪੀ ਪੀਜ਼ ਵਲੋਂ ਵਪਾਰਕ ਸੁਧਾਰ 2016 ਦੀ ਰਾਜਾਂ ਵਲੋਂ ਅਮਲਕਾਰੀ ਦੀ ਸਮੀਖਿਆ ਦੇ ਤਾਜ਼ਾ (ਦੂਜੇ) ਗੇੜ ਵਿੱਚ 36 ਵਿੱਚੋਂ ਅੱਧੇ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ 90 ਪ੍ਰਤਿਸ਼ਤ ਅੰਕ ਲੈ ਕੇ ਸ਼ਲਾਘਾਯੋਗ ਕਾਰਗੁਜ਼ਾਰੀ ਦਿਖਾਈ ਹੈ ਜਦ ਕਿ ਦੂਸਰੇ ਅੱਧੇ ਰਾਜਾਂ ਦੇ ਅੰਕ ਸਿਰਫ 8 ਪ੍ਰਤਿਸ਼ਤ ਸਨ। ਰਾਜਾਂ ਦੇ ਪਹਿਲੇ ਤੇ ਦੂਜੇ ਵਰਗ ਦੇ ਅੰਕਾਂ ਵਿੱਚ ਇੰਨਾ ਵੱਡਾ ਫਰਕ ਦੋਵੇਂ ਵਰਗਾਂ ਲਈ ਸੁਧਾਰਾਂ ਦੇ ਵੱਖਰੇ ਮਾਪਦੰਡ ਨਿਰਧਾਰਤ ਕਰਨ ਦੀ ਲੋੜ ਉਤੇ ਜ਼ੋਰ ਦਿੰਦਾ ਹੈ। ਭਾਵੇਂ ਕਿ ਮੋਹਰੀ ਰਾਜਾਂ ਨੂੰ ਹੋਰ ਸਖਤ ਸੁਧਾਰਾਂ ਦੇ ਸਮੂਹ ਦੀ ਲੋੜ ਹੋਵੇ, ਪਰ ਪਛੜ ਰਹੇ ਰਾਜਾਂ ਨੂੰ ਹੋਰ ਸਮਾਂ, ਸਹਾਇਤਾ ਅਤੇ ਵਿਕਲਪ ਦੇਣੇ ਚਾਹੀਦੇ ਹਨ। ਮੋਹਰੀ ਰਾਜਾਂ ਦੀਆਂ ਬੇਹਤਰੀਨ ਪ੍ਰਥਾਵਾਂ ਨੂੰ ਪਛੜ ਰਹੇ ਰਾਜਾਂ ਵਿੱਚ ਫੈਲਾਉਣ ਲਈ ਕਰੜੇ ਯਤਨ ਕਰਨੇ ਚਾਹੀਦੇ ਹਨ। ਦਿੱਲੀ ਜੋ ਮੌਜੂਦਾ ਸਮੇਂ 19ਵੇਂ ਦਰਜੇ ਨਾਲ ਪਛੜੇ ਰਾਜਾਂ ਵੱਲ ਝੁਕਿਆ ਦਿਸ ਰਿਹਾ ਹੈ, ਨੂੰ ਮੁੰਬਈ ਦੇ ਨਾਲ ਮੁੱਖ ਧਾਰਾ ਵਿੱਚ ਲਿਆਉਣ ਦੀ ਜ਼ਰੂਰਤ ਹੈ (10ਵਾਂ ਦਰਜਾ) ਤਾਂ ਜੋ ਭਾਰਤ ਵਿਸ਼ਵ ਬੈਂਕ ਦੀ ਵਪਾਰ ਕਰਨ ਦੀ ਦਰਜਾਬੰਦੀ ਵਿੱਚ ਉਪਰ ਆ ਸਕੇ।

ਇਹ ਵੇਖਦਿਆਂ ਕਿ ਡੀ ਆਈ ਪੀ ਪੀ ਵਲੋਂ ਰਾਜਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਸਿਰਫ ਰਾਜਾਂ ਵਲੋਂ ਦਿੱਤੇ ਜਾ ਰਹੇ ਹੁੰਗਾਰੇ ਦੇ ਸਿਰ ਉਤੇ ਹੀ ਕੀਤੀ ਜਾ ਰਹੀ ਹੈ, ਇਸ ਕਰਕੇ ਜ਼ਰੂਰੀ ਨਹੀਂ ਈ ਓ ਡੀ ਬੀ ਸੁਧਾਰਾਂ ਬਾਰੇ ਉਦਯੋਗਾਂ ਦੀ ਧਾਰਣਾਂ ਵੀ ਉਹੋ ਹੋਵੇ। ਭਾਵੇਂ ਕਿ ਇਨ੍ਹਾਂ ਸੁਧਾਰਾਂ ਬਾਰੇ ਉਦਯੋਗ ਦੀ ਧਾਰਣਾ ਵਿੱਚ ਕੁੱਲ ਮਿਲਾ ਕੇ ਸੁਧਾਰ ਵੇਖਿਆ ਜਾ ਰਿਹਾ ਹੈ, ਪਰ ਇਹ ਬਹੁਤ ਸਾਰੇ ਮਾਮਲਿਆਂ ਵਿੱਚ ਰਾਜਾਂ ਵਲੋਂ ਹਾਸਲ ਕੀਤੇ ਗਏ ਉੱਚ ਸਕੋਰ ਦੇ ਅਨੁਰੂਪ ਨਹੀਂ ਹੈ, ਜਿਸ ਤੋਂ ਸਬਕ ਮਿਲਦਾ ਹੈ ਕਿ ਇਸ ਪਾੜੇ ਨੂੰ ਭਰਨ ਲਈ ਸੁਧਾਰਾਂ ਦੀ ਅਗਲੀ ਲਹਿਰ ਛੇੜਨ ਦੀ ਜ਼ਰੂਰਤ ਹੈ। ਇਸ ਦਿਸ਼ਾ ਵਿੱਚ ਡੀ ਆਈ ਪੀ ਪੀ ਹੁਣ ਉਦਯੋਗ ਦੀ ਨਿਯਮਤ ਧਾਰਣਾ ਦਾ ਸਰਵੇਖਣ ਕਰਵਾ ਕੇ ਵਪਾਰਕ ਸੁਧਾਰਾਂ ਦੀ ਸਮੀਖਿਆ ਦਾ ਘੇਰਾ ਵਿਸ਼ਾਲ ਕਰਨ ਬਾਰੇ ਸੋਚ ਸਕਦਾ ਹੈ। ਇਸ ਨਾਲ ਰਾਜ ਸਰਕਾਰਾਂ ਤੇ ਕੀਤੇ ਸੁਧਾਰਾਂ ਉਤੇ ਪ੍ਰਭਾਵੀ ਅਮਲ ਯਕੀਨੀ ਬਣਾਉਣ ਦਾ ਦਬਾਅ ਵਧੇਗਾ।

ਬਹੁਤ ਸਾਰੇ ਦੂਜੇ ਖੇਤਰਾਂ ਵਿੱਚ ਵੀ ਡੀ ਆਈ ਪੀ ਪੀ ਵਲੋਂ ਵਪਾਰਕ ਸੁਧਾਰਾਂ ਦੀ ਸਮੀਖਿਆ ਦਾ ਘੇਰਾ ਵਿਸ਼ਾਲ ਕਰਨ ਦੀ ਗੁੰਜਾਇਸ਼ ਦਾ ਮਾਮਲਾ ਬਣਦਾ ਹੈ। ਪਹਿਲਾ, ਵਪਾਰਕ ਸੁਧਾਰਾਂ ਦੀ ਸਮੀਖਿਆ ਦਾ ਦਾਇਰਾ ਹੋਰ ਜ਼ਿਆਦਾ ਵਿਸਤ੍ਰਿਤ ਮਾਪਦੰਡ ਸ਼ਾਮਲ ਕਰਨ ਲਈ ਵਧਾਇਆ ਜਾ ਸਕਦਾ ਹੈ (ਜਿਵੇਂ ਨਿਵੇਸ਼ ਦੀ ਉਪਲਬਧਤਾ, ਬੁਨਿਆਦੀ ਢਾਂਚਾ, ਕਾਨੂੰਨ ਅਤੇ ਅਮਨ ਆਦਿ) ਜਿਨ੍ਹਾਂ ਦਾ ਰਾਜਾਂ ਦੀ ਕੁੱਲ ਮੁਕਾਬਲੇਬਾਜ਼ੀ/ਨਿਵੇਸ਼ ਵਾਤਾਵਰਨ ਉਤੇ ਅਸਰ ਪੈਂਦਾ ਹੈ। ਨਿਵੇਸ਼ਕ ਲਈ ਸਿਰਫ ਈ ਓ ਡੀ ਬੀ ਮਾਪਦੰਡਾਂ ਉਤੇ ਵਧੀਆ ਕਾਰਗੁਜ਼ਾਰੀ ਹੀ ਕਾਫੀ ਨਹੀਂ ਜੇ ਦੂਜੀਆਂ ਲੋੜੀਂਦੀਆਂ ਸ਼ਰਤਾਂ ਨਦਾਰਦ ਹਨ। ਦੂਜਾ, ਸੁਧਾਰਾਂ ਦੀ ਪ੍ਰਕਿਰਿਆ ਨੂੰ ਗਤੀ ਦੇਣ ਲਈ, ਡੀ ਆਈ ਪੀ ਪੀ ਰਾਜਾਂ ਨੂੰ ਉਹ ਈ ਓ ਡੀ ਬੀ ਸੁਧਾਰ ਲਾਗੂ ਕਰਨ ਲਈ ਵੀ ਆਖ ਸਕਦਾ ਹੈ ਜੋ ਸਮਕਾਲੀ ਸੂਚੀ ਅਧੀਨ ਆਉਂਦੇ ਹਨ (ਜਿਵੇਂ ਕਿਰਤ ਕਾਨੂੰਨ, ਜ਼ਮੀਨ ਨਾਲ ਸੰਬੰਧਿਤ ਸੁਧਾਰ ਆਦਿ)। ਇਸ ਦੇ ਨਾਲ ਹੀ ਡੀ ਆਈ ਪੀ ਪੀ ਨੂੰ ਸਮਕਾਲੀ ਸੂਚੀ ਦੀ ਵੱਡੇ ਪੱਧਰ ਉਤੇ ਛਾਂਟੀ ਕਰਨ ਦੀ ਵੀ ਸਿਫਾਰਿਸ਼ ਕਰਨੀ ਚਾਹੀਦੀ ਹੈ ਜਿਸ ਨਾਲ ਸਹਿਕਾਰੀ ਸੰਘਵਾਦ ਨੂੰ ਜ਼ਿਆਦਾ ਸਥਾਨ ਮਿਲੇਗਾ। ਤੀਜਾ, ਡੀ ਆਈ ਪੀ ਪੀ ਵਲੋਂ ਵੱਖ-ਵੱਖ ਕੇਂਦਰੀ ਵਿਭਾਗਾਂ ਅਤੇ ਮੰਤਰਾਲਿਆਂ ਦੇ ਵਪਾਰਕ ਸੁਧਾਰਾਂ ਦੀ ਸਮੀਖਿਆ ਵੀ ਅਰੰਭ ਕੀਤੀ ਜਾ ਸਕਦੀ ਹੈ ਜਿਸ ਨਾਲ ਈ ਓ ਡੀ ਬੀ ਸੁਧਾਰਾਂ ਨੂੰ ਹੋਰ ਗਤੀ ਦੇਣ ਵਿੱਚ ਮਦਦ ਮਿਲੇਗੀ।

ਆਖਰ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦੀ ਈ ਓ ਡੀ ਬੀ ਦੇ ਮੋਰਚੇ ਤੇ ਅਨੇਕ ਪਹਿਲਕਦਮੀਆਂ ਕਰਨ ਲਈ ਸ਼ਲਾਘਾ ਕਰਨੀ ਬਣਦੀ ਹੈ। ਭਾਵੇਂ ਕਿ ਜ਼ਮੀਨੀ ਪੱਧਰ ਉਤੇ ਇਨ੍ਹਾਂ ਪਹਿਲਕਦਮੀਆਂ ਦੇ ਨਤੀਜੇ ਮਿਲਣੇ ਸ਼ੁਰੂ ਹੋ ਗਏ ਹਨ, ਇਨ੍ਹਾਂ ਨੂੰ ਸਥਿਰ ਰੱਖਣ ਅਤੇ ਹੋਰ ਕਦਮਾਂ ਦਾ ਸਹਾਰਾ ਦੇਣ ਦੀ ਲੋੜ ਹੈ, ਜੇ ਭਾਰਤ ਨੇ ਅਗਲੇ ਤਿੰਨ ਸਾਲਾਂ ਵਿੱਚ ਆਪਣੀ ਦਰਜਾਬੰਦੀ ਚੋਟੀ ਦੇ 50 ਦੇਸ਼ਾਂ ਵਿੱਚ ਸ਼ੁਮਾਰ ਕਰਨੀ ਹੈ ਅਤੇ ਜੇ 'ਮੇਕ ਇਨ ਇੰਡੀਆ' ਪਹਿਲਕਦਮੀ ਨੂੰ ਸਹੀ ਅਰਥਾਂ ਵਿੱਚ ਸਫਲ ਹੁੰਦਿਆਂ ਵੇਖਣਾ ਹੈ। ਇਹ ਯਕੀਨੀ ਬਣਾਉਣਾ ਹੋਰ ਵੀ ਮਹੱਤਵਪੂਰਨ ਹੈ ਈ ਓ ਡੀ ਬੀ ਦਰਜਾਬੰਦੀ ਵਿੱਚ ਸੁਧਾਰ ਦੇਸ਼ ਦੀ ਸਮੂਹਿਮ ਆਰਥਿਕ ਤੰਦਰੁਸਤੀ ਵਿੱਚ ਬਦਲਦਾ ਨਜ਼ਰ ਵੀ ਆਵੇ।

*(ਲੇਖਕ ਕ੍ਰਮਵਾਰ ਕਾਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ ਨਵੀ ਦਿੱਲੀ ਵਿੱਚ ਆਰਥਿਕ ਮਾਮਲਿਆਂ ਬਾਰੇ ਡਾਇਰੈਕਟਰ ਹਨ।*

*ਸੀ ਆਈ ਆਈ ਨਵੀ ਦਿੱਲੀ ਦੇ ਆਰਥਿਕ ਮਾਮਲਿਆਂ ਬਾਰੇ ਡਵੀਜ਼ਨ ਵਿੱਚ ਸਲਾਹਕਾਰ ਵਜੋਂ ਕੰਮ ਕਰ ਰਹੇ ਹਨ।)*

*e-mail :danish_hashim@yahoo.com*

*:aishwarya.nahata@gmail.com*

# ਸਮਾਜਿਕ ਤਰੱਕੀ - ਆਰਥਿਕ ਵਾਧੇ ਤੋਂ ਅਗਾਂਹ ਵਧ ਕੇ ਵਿਕਾਸ

ਨਤਾਸ਼ਾ ਝਾਅ ਭਾਸਕਰ

ਜਦੋਂ ਮੌਜੂਦਾ ਸਰਕਾਰ ਨੇ ਸੱਤਾ ਸੰਭਾਲੀ ਸੀ ਉਸ ਵੇਲੇ ਜੋ ਵੱਡੀਆਂ ਆਸਾਂ ਸਨ ਉਨ੍ਹਾਂ ਵਿੱਚ ਵਧੀਆ ਪ੍ਰਬੰਧਨ ਦੀ ਆਸ ਪ੍ਰਮੁੱਖ ਸੀ। ਇਨ੍ਹਾਂ ਆਸਾਂ ਵਿੱਚ ਭੱਖ ਰਹੇ ਮਸਲੇ, ਜਿਵੇਂ ਕਿ ਮੁਦਰਾ ਪਸਾਰ ਅਤੇ ਕੀਮਤ ਵਾਧੇ ਦਾ ਮੁੱਦਾ ਰੋਜ਼ਾਨਾ ਦੇ ਕੰਮਕਾਜ ਵਿੱਚ ਭ੍ਰਿਸ਼ਟਾਚਾਰ ਦਾ ਮੁੱਦਾ ਅਤੇ ਪੂੰਜੀਵਾਦ ਨਾਲ ਨਜਿੱਠਣ ਦੇ ਮੁੱਦੇ ਪ੍ਰਮੁੱਖ ਸਨ। ਜਿਵੇਂ ਕਿ ਵਿੱਤ ਮੰਤਰੀ ਨੇ ਆਪਣੇ 2017-18 ਦੇ ਬਜਟ ਭਾਸ਼ਣ ਵਿੱਚ ਕਿਹਾ ਸੀ ਕਿ ਸਰਕਾਰ ਦਾ ਉਦੇਸ਼ :

- ਅਖ਼ਤਿਆਰੀ ਪ੍ਰਸ਼ਾਸਨ ਤੋਂ ਇਕ ਨੀਤੀ ਅਤੇ ਸਿਸਟਮ ਅਧਾਰਿਤ ਪ੍ਰਸ਼ਾਸਨ ਵੱਲ ਵਧਣਾ।
- ਭਾਈ-ਭਤੀਜਾਵਾਦ ਤੋਂ ਫੈਸਲੇ ਲੈਣ ਵਿੱਚ ਪਾਰਦਰਸ਼ਤਾ ਅਤੇ ਯਥਾਰਥਕਤਾ ਵੱਲ।
- ਖੁੱਲ੍ਹੇ ਅਤੇ ਬੇਹਿਸਾਬ ਅਖ਼ਤਿਆਰਾਂ ਤੋਂ ਨਿਸ਼ਾਨੇ ਵਾਲੀ ਸਪੁਰਦਗੀ ਵੱਲ।
- ਗੈਰ-ਰਸਮੀ ਆਰਥਿਕਤਾ ਤੇ ਰਸਮੀ ਆਰਥਿਕਤਾ ਵੱਲ ਵਧਣਾ।

ਇਸੇ ਸੰਦਰਭ ਵਿੱਚ ਹੀ ਸਾਨੂੰ ਪਿਛਲੇ ਕੁਝ ਸਾਲਾਂ ਵਿੱਚ ਭਾਰਤ ਦੀ ਤਰੱਕੀ ਦਾ ਅਧਿਐਨ ਕਰਨਾ ਪਵੇਗਾ। ਤਰੱਕੀ ਦੀ ਪਰਿਭਾਸ਼ਾ ਕੀ ਹੈ? ਕੀ ਸਾਡੀ ਤਰੱਕੀ ਬਰਾਬਰ ਵਾਲੀ ਅਤੇ ਸ਼ਮੂਲੀਅਤ ਵਾਲੀ ਹੈ? ਕੀ ਸਾਨੂੰ ਆਪਣੀ ਤਰੱਕੀ ਦੀ ਨੀਤੀ ਉੱਤੇ ਮੁੜ ਤੋਂ ਕੰਮ ਕਰਨਾ ਪਵੇਗਾ ਤਾਂ ਕਿ ਇਸ ਨੂੰ ਵਧੇਰੇ ਸਮੁੱਚੀ ਅਤੇ ਵਿਸਤ੍ਰਿਤ ਬਣਾਇਆ ਜਾ ਸਕੇ? ਸਪੱਸ਼ਟ ਤੌਰ ਤੇ ਵਧੇਰੇ ਕੁਝ ਜਨਤਕ ਨਿਵੇਸ਼ ਦੇ ਮਿਆਰ ਅਤੇ ਦਿਸ਼ਾ ਉੱਤੇ ਨਿਰਭਰ ਕਰਦਾ ਹੈ।

ਨੋਬਲ ਪੁਰਸਕਾਰ ਜੇਤੂ ਅੰਮ੍ਰਿਤਯ ਸੇਨ ਨੇ ਆਪਣੇ ਸਟੈਂਡ ਵਿੱਚ ਸਪੱਸ਼ਟ ਕੀਤਾ ਹੈ "ਤਰੱਕੀ ਦਰ ਬਹੁਤ ਹੀ ਖਬਤੀ ਅਤੇ ਬੇਗਾਨਗੀ ਨਾਲ ਆਰਥਿਕ ਤਰੱਕੀ ਦਾ ਜਾਇਜ਼ਾ ਲੈਣ ਵਾਲੀ ਹੈ।" ਸੇਨ ਅਤੇ ਇਕ ਬੈਲਜੀਅਮ ਵਿੱਚ ਜੰਮੇ ਭਾਰਤੀ ਆਰਥਿਕ ਮਾਹਿਰ ਜੀਨ ਡਰੇਜ਼ ਨੇ 1995 ਵਿੱਚ ਚੇਤਾਵਨੀ ਦਿੱਤੀ ਸੀ ਕਿ ਸੁਧਾਰ ਤਰੱਕੀ ਵਿੱਚ ਵਾਧਾ ਕਰਦੇ ਹਨ, ਭਾਵੇਂ ਅਹਿਮ ਹਨ ਪਰ ਇਨੇ ਵੀ ਕਾਫੀ ਨਹੀਂ ਕਿ ਗਰੀਬਾਂ ਦਾ ਜੀਵਨ ਪੱਧਰ ਸੁਧਾਰ ਸਕਣ, ਇਕੱਲੇ ਤੌਰ ਤੇ ਜਾਤੀ ਅਤੇ ਲਿੰਗਕ ਦਰਜਾਬੰਦੀ ਖਤਮ ਕਰ ਸਕਣ ਅਤੇ ਰੋਜ਼ਗਾਰ ਪੈਦਾ ਕਰ ਸਕਣ। ਉਨ੍ਹਾਂ ਲਿਖਿਆ ਹੈ ਕਿ ਇਨ੍ਹਾਂ ਨਾਲ "ਵਿੱਦਿਆ ਅਤੇ ਸਿਹਤ ਸੰਬੰਧੀ ਜਨਤਕ ਨੀਤੀ ਵਿੱਚ ਤਬਦੀਲੀ ਵੀ ਲਿਆਂਦੀ ਜਾਣੀ ਚਾਹੀਦੀ ਹੈ।"

ਮਨੁੱਖੀ ਵਿਕਾਸ ਹਰ ਇਕ ਤੱਕ ਪਹੁੰਚੇ, ਇਸ ਦੇ ਲਈ ਤਰੱਕੀ ਵੀ ਵਿਸ਼ੇਸ਼ ਹੋਣੀ ਚਾਹੀਦੀ ਹੈ ਜਿਸ ਵਿੱਚ 4 ਸਾਂਝੇ ਸਹਾਇਕ ਥੰਮ ਹੋਣੇ ਚਾਹੀਦੇ ਹਨ ਜੋ ਕਿ ਇਕ ਰੋਜ਼ਗਾਰ ਆਧਾਰਿਤ ਵਾਧਾ ਦਰ ਨੀਤੀ ਤਿਆਰ ਕਰਨਗੇ, ਵਿੱਤੀ ਸ਼ਮੂਲੀਅਤ ਵਿੱਚ ਵਾਧਾ ਹੋਵੇਗਾ, ਮਨੁੱਖੀ ਵਿਕਾਸ ਪਹਿਲਾਂ (ਵਿੱਦਿਆ ਤੇ ਸਿਹਤ) ਵਿੱਚ ਨਿਵੇਸ਼ ਕੀਤਾ ਜਾਵੇਗਾ ਅਤੇ ਉੱਚ ਪ੍ਰਭਾਵ ਵਾਲੀਆਂ ਬਹੁ-ਪੜਾਵੀ ਦਖ਼ਲ ਅੰਦਾਜ਼ੀਆਂ ਉਤੇ ਅਮਲ ਕੀਤਾ ਜਾਵੇਗਾ।

ਮਨੁੱਖੀ ਵਿਕਾਸ ਹਰ ਵਿਅਕਤੀ ਦੀ, ਉਸ ਦੀ ਸਿਹਤਮੰਦ ਅਤੇ ਪੜ੍ਹੇ ਲਿਖੇ ਸ਼ਹਿਰੀ ਵਜੋਂ ਪਹੁੰਚ ਦੀ ਸਮਰੱਥਾ ਨੂੰ ਦਰਸਾਉਂਦਾ ਹੈ। ਯੂ ਐੱਨ ਡੀ ਪੀ ਮਨੁੱਖੀ ਵਿਕਾਸ ਰਿਪੋਰਟ ਵੱਖ-ਵੱਖ ਦੇਸ਼ਾਂ ਦਾ ਉਨ੍ਹਾਂ ਦੇ ਮਨੁੱਖੀ ਵਿਕਾਸ ਸੂਚਕ ਅੰਕ ਨਾਲ ਜਾਇਜ਼ਾ ਲੈਂਦੀ ਹੈ (ਇਸ ਵਿੱਚ ਸਾਡੀ ਸਿੱਖਿਆ, ਸਿਹਤ ਅਤੇ ਆਮਦਨ ਦਾ ਹੇਠ ਲਿਖੇ ਢੰਗਾਂ ਨਾਲ ਜਾਇਜ਼ਾ ਲਿਆ ਜਾਂਦਾ ਹੈ। ਇਸ ਵਿੱਚ ਬੱਚਿਆਂ ਦੇ ਸਕੂਲ ਵਿੱਚ ਲੱਗਣ ਵਾਲੇ ਵਰ੍ਹਿਆਂ ਅਤੇ ਬਾਲਗਾਂ ਵਲੋਂ ਵਿੱਦਿਆ ਵਿੱਚ ਲਗਾਏ ਗਏ ਔਸਤ ਸਾਲਾਂ, ਜਨਮ ਸਮੇਂ ਸਿਹਤ ਲਈ ਜੀਵਨ ਦੀ ਆਸ਼ਾ ਅਤੇ ਕੁੱਲ ਰਾਸ਼ਟਰੀ ਆਮਦਨ ਸ਼ਾਮਿਲ ਹੈ)। ਇਸ ਵਿੱਚ 188 ਦੇਸ਼ਾਂ ਵਿੱਚੋਂ ਭਾਰਤ ਨੂੰ 130ਵੇਂ ਨੰਬਰ 'ਵਰਗ ਐੱਚ ਡੀ ਆਈ' ਵਿੱਚ ਦਿੱਤਾ ਗਿਆ ਹੈ ਜਦ ਕਿ ਭੂਟਾਨ ਨੂੰ 132ਵੇਂ ਅਤੇ ਬੰਗਲਾਦੇਸ਼ 142ਵੇਂ ਸਥਾਨ ਉਤੇ ਰੱਖਿਆ ਗਿਆ ਹੈ। ਸ਼੍ਰੀਲੰਕਾ ਅਤੇ ਚੀਨ ਨੂੰ 'ਬਹੁਤ ਉੱਚੀ ਦਰ' ਉੱਤੇ ਰੱਖਿਆ ਗਿਆ ਹੈ ਅਤੇ ਉਨ੍ਹਾਂ ਦਾ ਰੈਂਕ ਕ੍ਰਮਵਾਰ 73ਵਾਂ ਅਤੇ 90ਵਾਂ ਹੈ। ਨੇਪਾਲ ਨੂੰ 145ਵੇਂ ਅਤੇ ਪਾਕਿਸਤਾਨ ਨੂੰ 147ਵੇਂ ਸਥਾਨ ਉਤੇ ਰੱਖਿਆ ਗਿਆ ਹੈ ਅਤੇ ਇਹ 'ਬਹੁਤ ਘੱਟ ਐੱਚ ਡੀ ਆਈ' ਵਾਲੇ ਦੇਸ਼ ਹਨ। ਮਨੁੱਖੀ ਵਿਕਾਸ ਵਿੱਚ ਭਾਰਤ ਇਕ ਉਦਾਹਰਣ ਸਿੱਧ ਹੋਣ ਤੋਂ ਕਾਫੀ ਦੂਰ ਹੈ।

ਬਹੁਤ ਉੱਚ ਵਿਕਾਸ ਦਰ ਦੀ ਗੱਲ ਗ਼ੈਰ-ਬਰਾਬਰੀ ਅਤੇ ਗਰੀਬੀ ਦੇ ਉੱਚ ਪੱਧਰ ਉੱਤੇ ਨਿਰਭਰ ਕਰਦੀ ਹੈ ਅਤੇ ਇਹ ਦੋਵੇਂ ਚੀਜ਼ਾਂ ਸਾਡੇ ਦੇਸ਼ ਵਿੱਚ ਮੌਜੂਦ ਹਨ। ਕ੍ਰੈਡਿਟ ਸੂਸੇ ਗਲੋਬਲ ਵੈਲਥ ਡਾਟਾਬੁੱਕ 2014 ਅਨੁਸਾਰ ਦੇਸ਼ ਦੇ 1 ਪ੍ਰਤਿਸ਼ਤ ਅਮੀਰ ਲੋਕਾਂ ਕੋਲ ਜਾਇਦਾਦ ਦਾ ਹਿੱਸਾ ਵਧ ਰਿਹਾ ਹੈ ਜਦ ਕਿ ਬਾਕੀ ਦੁਨੀਆਂ ਵਿੱਚ ਅਜਿਹਾ ਨਹੀਂ ਹੈ ਅਤੇ ਇਸ 1 ਪ੍ਰਤਿਸ਼ਤ ਕੋਲ ਦੇਸ਼ ਦੀ ਲਗਭਗ ਅੱਧੀ ਜਾਇਦਾਦ ਹੈ। ਪ੍ਰਮੁੱਖ 10 ਪ੍ਰਤਿਸ਼ਤ ਅਮੀਰ ਲੋਕਾਂ ਦਾ ਜਾਇਦਾਦ ਦਾ ਹਿੱਸਾ ਸੰਨ 2000 ਤੋਂ ਲੈ ਕੇ 10 ਗੁਣਾ ਵਧਿਆ ਹੈ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਮਨੁੱਖੀ ਵਿਕਾਸ ਵਿੱਚ ਨਿਵੇਸ਼ ਤੋਂ ਬਿਨਾਂ ਆਰਥਿਕ ਵਾਧਾ ਅਨੈਤਿਕ ਅਤੇ ਨਾ ਕਾਇਮ ਰਹਿਣ ਯੋਗ ਹੈ। ਜਦ ਕਿ ਵਿੱਦਿਅਕ ਦਾਖ਼ਲੇ ਵਧ ਰਹੇ ਹਨ ਪਰ ਸਾਲਾਨਾ ਏ ਐੱਸ ਈ ਆਰ ਰਿਪੋਰਟ ਇਹ ਦਰਸਾਉਂਦੀ ਹੈ ਕਿ ਪੜ੍ਹਾਈ ਦੇ ਨਤੀਜੇ ਠੀਕ ਨਹੀਂ ਹਨ, ਇਥੋਂ ਤੱਕ ਕਿ ਪ੍ਰਾਇਮਰੀ ਜਮਾਤ ਦੇ

ਵਿਦਿਆਰਥੀਆਂ ਦੇ ਨਤੀਜੇ ਵੀ ਉਮੀਦ ਅਨੁਸਾਰ ਨਹੀਂ ਹਨ। ਸਫਾਈ ਅਤੇ ਸਿਹਤ ਸੰਭਾਲ ਸੇਵਾਵਾਂ ਵੱਲ ਧਿਆਨ ਦਿੱਤੇ ਜਾਣ ਦੀ ਲੋੜ ਹੈ। ਭਾਵੇਂ ਸਰਕਾਰ ਨੇ ਇਸ ਵਿੱਚ ਸੁਧਾਰ ਲਈ ਕਦਮ ਚੁੱਕੇ ਹਨ ਪਰ ਇਨ੍ਹਾਂ ਦੇ ਨਤੀਜੇ ਹਾਸਲ ਕਰਨ ਲਈ ਕਾਫੀ ਕੁੱਝ ਕੀਤੇ ਜਾਣ ਦੀ ਲੋੜ ਹੈ।

## ਵਿੱਦਿਆ

ਭਾਰਤ ਕੁੱਲ ਘਰੇਲੂ ਉਤਪਾਦ ਦਾ 4 ਪ੍ਰਤਿਸ਼ਤ ਤੋਂ ਵੀ ਘੱਟ ਵਿੱਦਿਆ ਉੱਤੇ ਖਰਚ ਕਰਦਾ ਹੈ। ਇਥੇ 1.4 ਮਿਲੀਅਨ ਸਕੂਲ, 45,000 ਕਾਲਜ ਅਤੇ 700 ਤੋਂ ਵੱਧ ਯੂਨੀਵਰਸਿਟੀਆਂ ਹਨ ਅਤੇ ਇਸ ਲਿਹਾਜ ਨਾਲ ਇਹ ਦੁਨੀਆਂ ਵਿੱਚ ਪਹਿਲੇ ਨੰਬਰ ਉਤੇ ਮੌਜੂਦ ਦੇਸ਼ਾਂ ਵਿੱਚ ਸ਼ਾਮਲ ਹੈ। ਇਹ 300 ਮਿਲੀਅਨ ਤੋਂ ਵੱਧ ਵਿਦਿਆਰਥੀਆਂ ਦੀ ਮਦਦ ਕਰ ਰਿਹਾ ਹੈ। ਇਹ ਵਿਦਿਆਰਥੀ ਦੇਸ਼ ਨੂੰ ਇਸ ਦੀ ਮਨੁੱਖੀ ਪੂੰਜੀ ਲਾਭ ਪ੍ਰਦਾਨ ਕਰਨ ਵਿੱਚ ਸਹਾਈ ਹੋ ਰਹੇ ਹਨ।

ਨੀਤੀ ਘੜਨ ਅਤੇ ਵਿੱਦਿਅਕ ਸੁਧਾਰਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਵਿੱਚ ਰਾਜਾਂ ਦੀ ਕੇਂਦਰਤਾ ਨੂੰ ਮਾਨਤਾ ਦਿੰਦੇ ਹੋਏ ਐੱਚ ਆਰ ਡੀ ਮੰਤਰਾਲਾ ਵਲੋਂ ਬਾਕਾਇਦਾ ਤੌਰ ਤੇ ਵਿੱਦਿਆ ਬਾਰੇ ਕੇਂਦਰੀ ਸਲਾਹਕਾਰ ਬੋਰਡ (ਕੇਬ) ਦੀਆਂ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ। ਇਹ ਵਿੱਦਿਆ ਬਾਰੇ ਸਭ ਤੋਂ ਵੱਡੀ ਸਲਾਹਕਾਰ ਸੰਸਥਾ ਹੈ।

ਸਾਰੀਆਂ ਸੁਧਾਰ ਸਰਗਰਮੀਆਂ ਕੇਂਦਰ ਅਤੇ ਰਾਜਾਂ ਦਰਮਿਆਨ 'ਕੇਬ' ਰਾਹੀਂ ਸਰਬਸੰਮਤੀ ਹੋਣ ਉਤੇ ਹੀ ਲਾਗੂ ਕੀਤੀਆਂ ਜਾਂਦੀਆਂ ਹਨ।

## ਮੁੱਢਲੀ ਅਤੇ ਸੈਕੰਡਰੀ ਸਿੱਖਿਆ

ਇਸ ਵੇਲੇ ਬੱਚਿਆਂ ਲਈ ਮੁਫਤ ਅਤੇ ਲਾਜ਼ਮੀ ਸਿੱਖਿਆ (ਆਰ ਟੀ ਈ) ਕਾਨੂੰਨ 2009, ਸਰਵ ਸਿੱਖਿਆ ਅਭਿਆਨ (ਐੱਸ ਐੱਸ ਏ), ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ (ਰਮਸਾ), ਸਕੂਲਾਂ ਵਿੱਚ ਆਈ ਸੀ ਟੀ, ਅਧਿਆਪਕ ਵਿੱਦਿਆ ਬਾਰੇ ਕੇਂਦਰੀ ਸਪਾਂਸਰਡ ਸਕੀਮ (ਸੀ ਐੱਸ ਐੱਸ ਟੀ ਈ) ਸ਼ਾਲਾ ਸਿੱਧੀ, ਰਾਸ਼ਟਰੀ ਅਵਿਸ਼ਕਾਰ ਅਭਿਆਨ ਨਾਂ ਦੀਆਂ ਪਹਿਲਕਦਮੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਇਨ੍ਹਾਂ ਨਾਲ ਮੁੱਢਲੀ ਅਤੇ ਸੈਕੰਡਰੀ ਸਿੱਖਿਆ ਵਿੱਚ ਸੁਧਾਰ ਲਿਆਂਦੇ ਜਾ ਰਹੇ ਹਨ।

## ਉੱਚ ਵਿੱਦਿਆ

ਉੱਚ ਵਿੱਦਿਆ ਵਿੱਚ ਵੀ ਰਾਸ਼ਟਰੀ ਉੱਚਤਰ ਸ਼ਿਕਸ਼ਾ ਅਭਿਆਨ (ਰੂਸਾ), ਗਲੋਬਲ ਇਨੀਸ਼ੀ-ਏਟਿਵਜ਼ ਫਾਰ ਐਕੇਡੈਮਿਕਸ ਨੈੱਟਵਰਕ (ਗਿਆਨ), ਇੰਪੈਕਟਿੰਗ ਰਿਸਰਚ, ਇਨੋਵੇਸ਼ਨ ਐਂਡ ਟੈਕਨਾਲੋਜੀ (ਇੰਪ੍ਰਿੰਟ), ਤਕਨੀਕੀ ਵਿੱਦਿਆ ਕੁਆਲਿਟੀ ਸੁਧਾਰ ਪ੍ਰੋਗਰਾਮ (ਟੀ ਈ ਕਿਊ ਆਈ ਪੀ), ਪੰਡਿਤ ਮਦਨ ਮੋਹਨ ਮਾਲਵੀਆ ਨੈਸ਼ਨਲ ਮਿਸ਼ਨ ਆਨ ਟੀਚਰਜ਼ ਐਂਡ ਟੀਚਿੰਗ (ਪੀ ਐੱਮ ਐੱਮ ਐੱਨ ਐੱਮ ਟੀ ਟੀ), ਸਟਡੀ ਵੈੱਬਜ਼ ਆਫ ਐਕਟਿਵ ਲਰਨਿੰਗ ਫਾਰ ਯੰਗ ਐਸਪਾਇਰਿੰਗ ਮਾਈਂਡਜ਼ (ਸਵਯਮ), ਨੈਸ਼ਨਲ ਡਿਜੀਟਲ ਲਾਇਬ੍ਰੇਰੀ, ਕੈਂਪਸ ਕੁਨੈਕਟ ਪ੍ਰੋਗਰਾਮ, ਉੱਚਤਰ ਆਵਿਸ਼ਕਾਰ ਅਭਿਆਨ, ਉੱਨਤ ਭਾਰਤ ਅਭਿਆਨ ਨੂੰ ਉੱਚ ਵਿੱਦਿਆ ਦੀ ਕੁਆਲਿਟੀ ਵਿੱਚ ਸੁਧਾਰ ਲਈ ਲਾਗੂ ਕੀਤਾ ਜਾ ਰਿਹਾ ਹੈ। ਯੂ ਜੀ ਸੀ ਅਤੇ ਏ ਆਈ ਸੀ ਟੀ ਈ ਵਲੋਂ ਉੱਚ ਵਿੱਦਿਆ ਅਤੇ ਤਕਨੀਕੀ ਵਿੱਦਿਆ ਦੇ ਮਿਆਰ ਵਿੱਚ ਸੁਧਾਰ ਲਈ ਕਦਮ ਚੁੱਕੇ ਜਾ ਰਹੇ ਹਨ।

ਸਵਯਮ ਇਕ ਦੇਸ਼ ਵਿੱਚ ਹੀ ਤਿਆਰ ਆਈ ਟੀ ਪਲੇਟਫਾਰਮ ਹੈ ਜੋ ਕਿ ਵਿਸ਼ਾਲ, ਖੁੱਲ੍ਹੇ, ਆਨ ਲਾਈਨ ਕੋਰਸਾਂ (ਐੱਮ ਓ ਓ ਸੀਜ਼) ਦੀ ਮੇਜ਼ਬਾਨੀ ਕਰਦਾ ਹੈ। ਇਹ ਵਧੀਆ ਕਿਸਮ ਦੀ ਆਨਲਾਈਨ ਸਿੱਖਿਆ ਪ੍ਰਦਾਨ ਕਰਨ ਦਾ ਇਕ ਕੇਂਦਰ ਹੈ। ਇਸ ਵਿੱਚ ਵੱਡੀ ਪੱਧਰ ਉਤੇ ਵਿਸ਼ੇ ਅਤੇ ਕੋਰਸ ਸ਼ਾਮਲ ਕੀਤੇ ਜਾਂਦੇ ਹਨ ਜੋ ਕਿ ਹਾਈ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਏ ਜਾਂਦੇ ਹਨ ਅਤੇ ਜਿਨ੍ਹਾਂ ਤੱਕ ਦੇਸ਼ ਦੇ ਦੂਰ ਦੁਰਾਡੇ ਇਲਾਕਿਆਂ ਵਿੱਚ ਰਹਿਣ ਵਾਲੇ ਵਿਦਿਆਰਥੀ ਵੀ ਪਹੁੰਚ ਕਰ ਸਕਦੇ ਹਨ। ਭਾਰਤ ਸਰਕਾਰ ਨੇ ਗਲੋਬਲ ਇਨੀਸ਼ਿਏਟਿਵ ਫਾਰ ਅਕੈਡਮਿਕ ਨੈੱਟਵਰਕ (ਗਿਆਨ) ਦੀ ਸ਼ੁਰੂਆਤ ਸਾਡੇ ਵਿੱਦਿਅਕ ਢਾਂਚੇ ਵਿੱਚ ਅੰਤਰਰਾਸ਼ਟਰੀ ਤਜਰਬੇ ਨੂੰ ਸ਼ਾਮਲ ਕਰਨ ਦੇ ਉਦੇਸ਼ ਨਾਲ ਕੀਤੀ ਹੈ। ਇਸ ਅਧੀਨ ਵਿਦੇਸ਼ੀ ਵਿੱਦਿਅਕ ਮਾਹਿਰਾਂ ਨੂੰ ਸੱਦ ਕੇ ਭਾਰਤ ਵਿੱਚ ਵਿੱਦਿਅਕ ਸੰਸਥਾਵਾਂ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਨੈਸ਼ਨਲ ਡਿਜੀਟਲ ਲਾਇਬ੍ਰੇਰੀ (ਐੱਨ ਡੀ ਐੱਲ) ਇਕ ਤਾਜ਼ਾ ਪਹਿਲਕਦਮੀ ਹੈ ਜਿਸ ਦਾ ਉਦੇਸ਼ ਸਾਰੇ ਉੱਚ ਵਿੱਦਿਅਕ ਅਦਾਰਿਆਂ (ਐੱਚ ਈ ਆਈਜ਼) ਵਿੱਚ ਆਨਲਾਈਨ ਵਿੱਦਿਅਕ ਸੋਮਿਆਂ ਤੱਕ ਪਹੁੰਚ ਮੁਹੱਈਆ ਕਰਵਾਉਣਾ ਹੈ। ਇਸ ਦੇ ਲਈ ਦੇਸ਼ ਅਤੇ ਵਿਦੇਸ਼ ਵਿੱਚ ਸਥਿਤ ਸਾਰੇ ਡਿਜੀਟਲ ਲਾਇਬ੍ਰੇਰੀ ਸੋਮਿਆਂ ਨੂੰ ਜੋੜਿਆ ਗਿਆ ਹੈ। ਇਹ ਦੇਸ਼ ਵਿੱਚ ਸਭ ਤੋਂ ਵੱਡਾ ਵਿੱਦਿਅਕ ਭੰਡਾਰ ਬਣੇਗਾ। ਇਸ ਵੇਲੇ ਐੱਨ ਡੀ ਐੱਲ ਵਿੱਚ 64.23 ਲੱਖ ਤੋਂ ਵੱਧ ਪੁਸਤਕਾਂ ਰਸਾਲੇ, ਆਡੀਓ ਬੁਕਸ 70 ਭਾਸ਼ਾਵਾਂ ਵਿੱਚ ਮੌਜੂਦ ਹਨ ਜਿਨ੍ਹਾਂ ਵਿੱਚ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਦਾ ਸਾਹਿਤ ਵੀ ਸ਼ਾਮਲ ਹੈ। ਇਸ ਵਿੱਚ 18,000 ਈ-ਜਰਨਲਜ਼ ਤੇ 3617 ਸੰਸਥਾਵਾਂ ਸੰਪਰਕ ਵਿੱਚ ਹਨ ਅਤੇ 5.75 ਲੱਖ ਵਿਦਿਆਰਥੀ ਰਜਿਸਟਰਡ ਹਨ। ਇਹ ਸਾਰੀਆਂ ਪਹਿਲਕਦਮੀਆਂ ਸਟਾਫ ਅਤੇ ਲਾਇਬ੍ਰੇਰੀ ਸੋਮਿਆਂ ਦੀ ਕਮੀ ਨੂੰ ਦੂਰ ਕਰਨ ਲਈ ਹਨ ਅਤੇ ਇਸ ਦਾ ਉਦੇਸ਼ ਵਧੀਆ ਕਿਸਮ ਦੀ ਵਿੱਦਿਆ ਪ੍ਰਦਾਨ ਕਰਨਾ ਹੈ।

**ਉੱਚ ਵਿੱਦਿਅਕ ਅਦਾਰਿਆਂ ਵਿੱਚ ਮੁਕਾਬਲੇ ਦੀ ਭਾਵਨਾ ਨੂੰ ਵਧਾਉਣ ਲਈ ਨੈਸ਼ਨਲ ਇਸੰਟੀਚਿਊਸ਼ਨਲ ਰੈਂਕਿੰਗ ਫਰੇਮਵਰਕ (ਐੱਨ ਆਈ ਆਰ ਐਫ) ਦੀ ਸ਼ੁਰੂਆਤ ਕੀਤੀ ਗਈ ਹੈ। ਤਾਜ਼ਾ ਬਜਟ ਐਲਾਨਾਂ ਵਿੱਚ ਯੂ ਜੀ ਸੀ ਵਿੱਚ ਸੁਧਾਰਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਸੁਧਾਰ ਵਧੇਰੇ ਪ੍ਰਸ਼ਾਸਕੀ ਅਤੇ ਵਿੱਦਿਅਕ ਖੁਦਮੁਖਤਿਆਰੀ ਨੂੰ ਉਤਸ਼ਾਹਿਤ ਕਰਨ ਲਈ ਹਨ। ਇਸ ਵਿੱਚ ਸੂਚਨਾ ਤਕਨਾਲੋਜੀ ਵਿੱਚ ਸੰਤੁਲਨ ਕਾਇਮ ਕਰਨ ਅਤੇ ਸਵਯਮ ਪਲੇਟਫਾਰਮ ਰਾਹੀਂ 350 ਆਨਲਾਈਨ ਕੋਰਸਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਅਤੇ ਇਕ ਰਾਸ਼ਟਰੀ ਟੈਸਟਿੰਗ ਏਜੰਸੀ ਉੱਚ ਵਿੱਦਿਅਕ ਅਦਾਰਿਆਂ ਲਈ ਸਾਰੀਆਂ ਦਾਖਲਾ ਪ੍ਰੀਖਿਆਵਾਂ ਲਈ ਕਾਇਮ ਕੀਤੀ ਜਾ ਰਹੀ ਹੈ।**

## ਨਵੀਂ ਵਿੱਦਿਅਕ ਨੀਤੀ

ਇਸ ਵੇਲੇ ਇਕ ਨਵੀਂ ਵਿੱਦਿਅਕ ਨੀਤੀ ਨੂੰ ਤਿਆਰ ਕਰਨ ਦਾ ਕੰਮ ਚੱਲ ਰਿਹਾ ਹੈ ਜਿਸ ਵਿੱਚ ਕਿ ਪ੍ਰੀਖਿਆਵਾਂ, ਪ੍ਰਬੰਧਨ, ਰੈਗੂਲੇਸ਼ਨ, ਸਕੂਲ ਮਿਆਰਾਂ, ਅਧਿਆਪਕਾਂ ਅਤੇ ਹੋਰ ਸਟਾਫ, ਪੜ੍ਹਾਈ ਅਤੇ ਲੰਬੀ ਮਿਆਦ ਦੀ ਸਿੱਖਿਆ, ਮੁਹਾਰਤ ਅਤੇ ਰੋਜ਼ਗਾਰ, ਕੁਆਲਿਟੀ ਯਕੀਨੀ ਬਣਾਉਣ, ਅੰਤਰ-

ਰਾਸ਼ਟਰੀਕਰਨ, ਖੋਜ, ਸਿਲੇਬਸ ਆਦਿ ਵਿੱਚ ਸੁਧਾਰ ਪ੍ਰਸਤਾਵਿਤ ਕੀਤੇ ਜਾਣਗੇ ਤਾਂ ਕਿ ਇਕ ਅਜਿਹਾ ਵਿੱਦਿਅਕ ਸਿਸਟਮ ਕਾਇਮ ਹੋ ਸਕੇ ਜੋ ਕਿ ਸਮਾਜ ਦੇ ਸਭ ਵਰਗਾਂ ਦੀ ਵਧੀਆ ਵਿੱਦਿਆ ਤੱਕ ਬਰਾਬਰ ਦੀ ਪਹੁੰਚ ਯਕੀਨੀ ਬਣਾ ਸਕੇ।

ਵਿੱਦਿਆ ਆਰਥਿਕ ਤਰੱਕੀ ਅਤੇ ਸਮਾਜਿਕ ਤਬਦੀਲੀ ਦੀ ਮੁੱਖ ਪੂੰਜੀ ਹੈ। ਵਿਸ਼ਵ ਵਿਆਪੀਕਰਨ ਦੇ ਮੌਜੂਦਾ ਦੌਰ ਵਿੱਚ ਵਿੱਦਿਆ ਨੂੰ ਸਿਰਫ ਸਸ਼ਕਤੀਕਰਨ ਅਤੇ ਸਮਾਜਿਕ ਨਿਆਂ ਦੇ ਇਕ ਹਥਿਆਰ ਵਜੋਂ ਹੀ ਨਹੀਂ ਵੇਖਿਆ ਜਾਂਦਾ ਸਗੋਂ ਇਸ ਨੂੰ ਨਿੱਜੀ ਵਿਅਕਤੀਆਂ ਅਤੇ ਦੇਸ਼ ਦੇ ਬਚਾਅ ਦਾ ਮੁੱਢ ਮੰਨਿਆ ਜਾਂਦਾ ਹੈ।

ਸਿਹਤ ਨਤੀਜਿਆਂ ਦੇ ਮਾਮਲੇ ਵਿੱਚ ਸਾਡੀਆਂ ਪ੍ਰਾਪਤੀਆਂ ਮਿਸ਼ਰਤ ਜਿਹੀਆਂ ਹਨ। ਵਿਸ਼ਵਵਿਆਪੀ ਮੁਕਾਬਲੇ ਵਿੱਚ ਭਾਰਤ ਨੇ ਬੱਚਿਆਂ ਦੀ ਜਨਮ ਦਰ ਵਿੱਚ 'ਵਾਜਬ ਤੌਰ ਤੇ ਚੰਗੀ' ਕਾਰਗੁਜ਼ਾਰੀ ਵਿਖਾਈ ਹੈ ਜਦ ਕਿ ਜਨਮ ਸਮੇਂ ਮੌਤਾਂ ਨੂੰ ਰੋਕਣ ਵਿੱਚ ਵੀ ਬਹੁਤ ਵਧੀਆ ਕਾਰਗੁਜ਼ਾਰੀ ਰਹੀ ਹੈ ਪਰ ਜਦੋਂ ਸਿਹਤ ਨਤੀਜਿਆਂ ਦੇ ਪ੍ਰਮੁੱਖ ਸੰਕੇਤਾਂ ਉਤੇ ਧਿਆਨ ਦਿੱਤਾ ਜਾਵੇ ਤਾਂ ਬਾਲ ਮੌਤ ਦਰ (ਆਈ ਐੱਮ ਆਰ) ਅਤੇ ਮਾਤਾ ਮੌਤ ਦਰ (ਐੱਮ ਐੱਮ ਆਰ) ਅਜੇ ਕਾਫੀ ਕੁੱਝ ਕੀਤਾ ਜਾਣਾ ਬਾਕੀ ਹੈ। ਵਿੱਦਿਆ ਦੀ ਕਮੀ, ਲਿੰਗਕ ਗ਼ੈਰ ਬਰਾਬਰੀ ਅਤੇ ਵੱਡੀ ਆਬਾਦੀ ਨੇ ਬੀਮਾਰੀਆਂ ਦਾ ਬੋਝ ਵਧਾਇਆ ਹੈ।

ਭਾਰਤ ਨੂੰ ਬੀਮਾਰੀਆਂ ਦਾ ਭਾਰੀ ਬੋਝ ਚੌਗਿਰਦੇ ਦੀ ਸਫਾਈ ਦੀ ਅਣਹੋਂਦ ਅਤੇ ਪੀਣ ਵਾਲਾ ਸਾਫ ਪਾਣੀ ਨਾ ਹੋਣ ਕਾਰਨ ਸਹਿਣਾ ਪੈ ਰਿਹਾ ਹੈ। ਇਸ ਤੋਂ ਇਲਾਵਾ ਕੁਪੋਸ਼ਣ, ਗਰੀਬੀ ਵਾਲੇ ਹਾਲਾਤ ਅਤੇ ਬਚਾਅ ਵਾਲੀਆਂ ਅਤੇ ਇਲਾਜ ਵਾਲੀਆਂ ਸੀਮਤ ਸਿਹਤ ਸੇਵਾਵਾਂ ਵੀ ਇਸ ਵਿੱਚ ਆਪਣਾ ਹਿੱਸਾ ਪਾ ਰਹੀਆਂ ਹਨ। ਭਾਵੇਂ ਕਿ ਸਵੱਛ ਭਾਰਤ ਮਿਸ਼ਨ, ਨੈਸ਼ਨਲ ਹੈਲਥ ਮਿਸ਼ਨ (ਐੱਨ ਐੱਚ ਐੱਮ), ਟੀਕਾਕਰਨ ਅਤੇ ਮਿਸ਼ਨ ਇੰਦਰ ਧਨੁਸ਼ ਵਰਗੀਆਂ ਪਹਿਲਕਦਮੀਆਂ, ਬੱਚੇ ਦੇ ਜਨਮ ਸਮੇਂ ਤੇ ਬਾਅਦ ਵਿੱਚ ਮਹੀਨੇ ਦੇ ਇਕ ਮਿਥੇ ਦਿਨ ਉਤੇ ਮੁਫ਼ਤ ਜੱਚਾ ਬੱਚਾ ਸੰਭਾਲ, ਤੰਬਾਕੂ ਕੰਟਰੋਲ ਅਤੇ ਡੇਂਗੂ ਬਚਾਅ ਪ੍ਰੋਗਰਾਮ ਆਦਿ ਪਹਿਲਕਦਮੀਆਂ ਨੇ ਭਾਰਤੀ ਡਾਕਟਰੀ ਸੰਭਾਲ ਸਿਸਟਮ ਵਿੱਚ ਸੁਧਾਰ ਲਿਆਂਦਾ ਹੈ।

2017 ਦੇ ਕੇਂਦਰੀ ਬਜਟ ਵਿੱਚ ਕਾਲਾ ਅਜ਼ਾਰ ਅਤੇ ਸੰਤਾਨ ਜਨਮ ਸਮੇਂ ਸੈੱਲਾਂ ਦੀ ਕਮੀ ਵਰਗੀਆਂ ਬੀਮਾਰੀਆਂ ਦਾ 2017 ਵਿੱਚ ਖਾਤਮਾ, ਕੋਹੜ ਦੇ 2018 ਵਿੱਚ ਖਾਤਮੇ ਅਤੇ ਖਸਰੇ ਦੇ 2020 ਤੱਕ ਖਾਤਮੇ ਲਈ ਇਕ ਅਗਾਂਹਵਧੂ ਯੋਜਨਾ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ 2025 ਤੱਕ ਤਪਦਿਕ ਦੇ ਖਾਤਮੇ ਦਾ ਇਕ ਖਾਹਿਸ਼ੀ ਪ੍ਰੋਗਰਾਮ ਐਲਾਨਿਆ ਗਿਆ ਹੈ। ਅਜਿਹੀਆਂ ਖ਼ਤਰਨਾਕ ਬੀਮਾਰੀਆਂ ਦੇ ਖਾਤਮੇ ਲਈ ਇਹ ਕਾਰਜ ਯੋਜਨਾ ਕਿਥੋਂ ਤੱਕ ਸਫਲ ਹੁੰਦੀ ਹੈ, ਸਮਾਂ ਹੀ ਦੱਸੇਗਾ। ਕੀ ਸਰਕਾਰੀ ਫੰਡ ਇਨ੍ਹਾਂ ਬੀਮਾਰੀਆਂ ਦੇ ਖਾਤਮੇ ਦੀ ਚੁਣੌਤੀ ਨਾਲ ਨਜਿੱਠਣ ਲਈ ਕਾਫੀ ਹੋਣਗੇ? ਇਕ ਕਮਜ਼ੋਰ ਬਾਲ ਜਨਮ ਸਿਸਟਮ ਮਾੜੇ ਸਿਹਤ ਨਤੀਜਿਆਂ ਦਾ ਇਕ ਪ੍ਰਮੁੱਖ ਕਾਰਨ ਹੈ। ਇਕ ਹੋਰ ਕਾਰਨ ਇਹ ਹੈ ਕਿ ਸਰਕਾਰ ਵਲੋਂ ਇਨ੍ਹਾਂ ਲਈ ਪੈਸੇ ਦੀ ਘੱਟ ਅਲਾਟਮੈਂਟ ਕੀਤੀ ਜਾ ਰਹੀ ਹੈ। ਸਿਹਤ ਖੇਤਰ ਲਈ ਸਰਕਾਰੀ ਫੰਡ ਸਿਰਫ ਕੁੱਲ ਘਰੇਲੂ ਉਤਪਾਦ ਦੇ 1.2 ਪ੍ਰਤਿਸ਼ਤ ਦੇ ਬਰਾਬਰ ਹੀ ਹੈ। ਪਿਛਲੇ 5 ਸਾਲਾਂ ਵਿੱਚ ਕੇਂਦਰ ਸਰਕਾਰ ਵਲੋਂ ਸਿਹਤ ਸਕੀਮਾਂ ਲਈ ਅਲਾਟ ਫੰਡਾਂ ਵਿੱਚ ਲਗਾਤਾਰ ਕਮੀ ਹੁੰਦੀ ਹੀ ਵੇਖੀ ਗਈ ਹੈ।

ਦੇਸ਼ ਵਿੱਚ ਸਿਹਤ ਸੰਭਾਲ ਸਹੂਲਤਾਂ ਵਿੱਚ ਤਕਨਾਲੋਜੀ ਵਿੱਚ ਸੁਧਾਰ ਨਾਲ ਸੁਧਾਰ ਹੋ ਸਕਦਾ ਸੀ ਪਰ ਇਹ ਸਹੂਲਤਾਂ ਸਭ ਨੂੰ ਪਹੁੰਚਯੋਗ ਕੀਮਤਾਂ ਉੱਤੇ ਅਜੇ ਵੀ ਮੁਹੱਈਆ ਨਹੀਂ ਹਨ। ਪਿਛਲੀ ਸਿਹਤ ਨੀਤੀ ਦੇ ਪ੍ਰਵਾਨ ਹੋਣ ਤੋਂ 15 ਸਾਲ ਬਾਅਦ ਵੀ ਸਰਕਾਰ ਦਾ ਉਦੇਸ਼ ਨਵੀ ਸਿਹਤ ਨੀਤੀ 2017 ਹੀ ਬਣੀ ਹੋਈ ਹੈ ਅਤੇ ਇਸ ਵਿੱਚ 'ਪਹੁੰਚਯੋਗ ਅਤੇ ਵਧੀਆ ਸਿਹਤ' ਸਹੂਲਤਾਂ ਦੇਸ਼ ਦੇ ਲੋਕਾਂ ਨੂੰ ਦੇਣ ਦਾ ਪ੍ਰਬੰਧ ਹੈ। 2017 ਦੀ ਨਵੀਂ ਸਿਹਤ ਨੀਤੀ ਵਿੱਚ ਪਹਿਲ ਸਿਹਤ ਸੇਵਾਵਾਂ ਵਿੱਚ ਨਿਵੇਸ਼ ਅਤੇ ਪੈਸੇ ਦਾ ਪ੍ਰਬੰਧ ਕਰਨ ਨੂੰ ਦਿੱਤੀ ਗਈ ਹੈ। ਇਸ ਨੀਤੀ ਵਿੱਚ ਜਨਤਕ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਭਾਰਤੀ ਸਿਹਤ ਸੰਭਾਲ ਪ੍ਰਣਾਲੀ ਨੂੰ ਸਮਾਜਿਕ, ਆਰਥਿਕ ਅਤੇ ਤਕਨੀਕੀ ਤਬਦੀਲੀਆਂ ਨਾਲ ਮਜ਼ਬੂਤ ਬਣਾਉਣ ਵੱਲ ਵੀ ਧਿਆਨ ਹੈ। ਇਸ ਵਿੱਚ ਨਿੱਜੀ ਖੇਤਰ ਨਾਲ ਭਾਈਵਾਲੀ ਨੂੰ ਮਜ਼ਬੂਤ ਕਰਨ ਦਾ ਪ੍ਰਬੰਧ ਹੈ।

ਰਾਸ਼ਟਰੀ ਸਿਹਤ ਨੀਤੀ 2017 ਦਾ ਮੁੱਖ ਉਦੇਸ਼ ਸਿਹਤ ਪ੍ਰਣਾਲੀ ਨੂੰ ਦਿਸ਼ਾ ਦੇਣਾ, ਜਨਤਾ ਨੂੰ ਸੂਚਿਤ ਕਰਨਾ, ਸਪੱਸ਼ਟ ਕਰਨਾ ਅਤੇ ਮਜ਼ਬੂਤ ਕਰਨਾ ਹੈ। ਇਸ ਵਿੱਚ ਸਿਹਤ, ਸੰਗਠਨ ਵਿੱਚ ਪੈਸਾ ਨਿਵੇਸ਼ ਕਰਨ ਅਤੇ ਸਿਹਤ ਸੰਭਾਲ ਸਹੂਲਤਾਂ ਵਿੱਚ ਪੈਸਾ ਲਗਾਉਣ, ਬੀਮਾਰੀਆਂ ਤੋਂ ਬਚਾਅ ਅਤੇ ਚੰਗੀ ਸਿਹਤ ਦੀ ਤਰੱਕੀ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਇਸ ਵਿੱਚ ਤਕਨਾਲੋਜੀ ਤੱਕ ਪਹੁੰਚ, ਮਨੁੱਖੀ ਸੋਮਿਆਂ ਦਾ ਵਿਕਾਸ, ਡਾਕਟਰੀ ਮੁਕਾਬਲੇਬਾਜ਼ੀ ਨੂੰ ਉਤਸ਼ਾਹਿਤ ਕਰਨ, ਚੰਗੀ ਸਿਹਤ ਲਈ ਗਿਆਨ ਦੇ ਅਧਾਰ ਨੂੰ ਮਜ਼ਬੂਤ ਕਰਨ, ਵਿੱਤੀ ਸੁਰੱਖਿਆ ਨੀਤੀਆਂ ਤੇ ਰੈਗੂਲੇਸ਼ਨ ਦਾ ਵੀ ਪ੍ਰਬੰਧ ਹੈ। ਨੀਤੀ ਵਿੱਚ ਜਨਤਕ ਸਿਹਤ ਸੰਸਥਾਵਾਂ ਨੂੰ ਦੇਸ਼ ਭਰ ਵਿੱਚ ਮਜ਼ਬੂਤ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ ਤਾਂ ਕਿ ਮੁਫਤ ਦਵਾਈਆਂ, ਟੈਸਟਾਂ ਅਤੇ ਹੋਰ ਜ਼ਰੂਰੀ ਸਿਹਤ ਸੰਭਾਲ ਤੱਕ ਪਹੁੰਚ ਬਣ ਸਕੇ।

**ਨੀਤੀ ਦੇ ਮੁੱਖ ਸਿਧਾਂਤ ਵਿਵਸਾਈ-ਕਰਨ, ਦਿਆਨਤਦਾਰੀ ਅਤੇ ਨੈਤਿਕ ਕਦਰਾਂ ਕੀਮਤਾਂ, ਬਰਾਬਰੀ, ਪਹੁੰਚ ਸਰਵਵਿਆਪਕਤਾ ਮਰੀਜ਼ ਕੇਂਦਰਿਤ ਤੇ ਵਧੀਆ ਸਾਂਭ ਸੰਭਾਲ, ਜਵਾਬਦੇਹੀ ਆਦਿ ਉਤੇ ਅਧਾਰਤ ਹਨ। ਇਸ ਵਿੱਚ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਨਤਕ ਹਸਪਤਾਲਾਂ ਅਤੇ ਨਾਜ਼ੁਕ ਖਰੀਦ ਦੇ ਸੁਮੇਲ ਰਾਹੀਂ ਸੈਕੰਡਰੀ ਅਤੇ ਤੀਜੇ ਪੱਧਰ ਦੀ ਸੰਭਾਲ ਦਾ ਸਹੀ ਪ੍ਰਬੰਧ ਉਨ੍ਹਾਂ ਇਲਾਕਿਆਂ ਵਿੱਚ ਗ਼ੈਰ ਸਰਕਾਰੀ ਸਿਹਤ ਸੰਭਾਲ ਪ੍ਰਬੰਧਕਾਂ ਰਾਹੀਂ ਹੋ ਸਕੇ ਜਿੱਥੇ ਕਿ ਅਜਿਹੀ ਲੋੜ ਹੈ। ਇਸ ਦੇ ਲਈ ਸਿਹਤ ਸੰਭਾਲ ਲਾਗਤ ਵਿੱਚ ਕਮੀ ਆ ਸਕੇ, ਜਨਤਾ ਅਤੇ ਮੈਡੀਕਲ ਤਕਨਾਲੋਜੀ ਲੋਕਾਂ ਦੀ ਸਿਹਤ ਦੇ ਟੀਚਿਆਂ ਉੱਤੇ ਪੂਰੀ ਉਤਰ ਸਕੇ।**

ਨੀਤੀ ਵਿੱਚ ਪੇਸ਼ਬੰਦੀ ਵਾਲੀ ਸੰਭਾਲ (ਜਿਸ ਦਾ ਉਦੇਸ਼ ਬੀਮਾਰੀ ਲੱਗਣ ਤੋਂ ਪਹਿਲਾਂ ਉਸ ਦਾ ਬਚਾਅ ਹੈ) ਉੱਤੇ ਜ਼ੋਰ ਦਿੱਤਾ ਗਿਆ ਹੈ ਤਾਂ ਕਿ ਬਾਲ ਸਿਹਤ ਦੇ ਸਭ ਤੋਂ ਵਧੀਆ ਪੱਧਰ ਨੂੰ ਹਾਸਲ ਕੀਤਾ ਜਾ ਸਕੇ। ਨੀਤੀ ਵਿੱਚ ਸਕੂਲ

ਸਿਹਤ ਪ੍ਰੋਗਰਾਮਾਂ ਉੱਤੇ ਮੁੱਖ ਤੌਰ ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਿਹਤ ਅਤੇ ਸਫਾਈ ਨੂੰ ਸਕੂਲ ਸਿਲੇਬਸ ਦਾ ਹਿੱਸਾ ਬਣਾਉਣ ਦੀ ਗੱਲ ਕਹੀ ਗਈ ਹੈ। ਨੀਤੀ ਵਿੱਚ ਇਸ ਗੱਲ ਦੀ ਸਿਫਾਰਸ਼ ਕੀਤੀ ਗਈ ਹੈ ਕਿ ਵੱਖ-ਵੱਖ ਸਿਹਤ ਸਿਸਟਮਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦਾ ਪ੍ਰਬੰਧ ਹੋਵੇ। ਆਯੁਸ਼ ਦੀ ਸਮਰੱਥਾ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਨੀਤੀ ਵਿੱਚ ਆਯੁਸ਼ ਇਲਾਜਾਂ ਤੱਕ ਸਹੀ ਪਹੁੰਚ ਉਤੇ ਜ਼ੋਰ ਦਿੱਤਾ ਗਿਆ ਹੈ। ਯੋਗਾ ਨੂੰ ਚੰਗੀ ਸਿਹਤ ਲਈ ਹੋਰ ਵੱਡੇ ਪੱਧਰ ਉਤੇ ਸਕੂਲਾਂ ਅਤੇ ਕੰਮ ਵਾਲੀਆਂ ਥਾਵਾਂ ਉੱਤੇ ਅਪਣਾਇਆ ਜਾਵੇਗਾ।

ਨੀਤੀ ਵਿੱਚ ਦਿਹਾਤੀ ਅਤੇ ਬਹੁਤ ਘੱਟ ਸੇਵਾ ਪਹੁੰਚ ਵਾਲੇ ਇਲਾਕਿਆਂ ਵਿੱਚ ਮਾਨਤਾ ਪ੍ਰਾਪਤ ਸਿਹਤ ਸੰਭਾਲ ਵਿਵਸਾਈਆਂ ਵਲੋਂ ਸਵੈ-ਇੱਛੁਕ ਸੇਵਾਵਾਂ ਦੇਣ ਦੀ ਹਮਾਇਤ ਕੀਤੀ ਗਈ। ਇਹ ਸੇਵਾਵਾਂ 'ਸਮਾਜ ਨੂੰ ਕੁੱਝ ਵਾਪਸ ਦੇਣ' ਦੀ ਪਹਿਲਕਦਮੀ ਅਧੀਨ ਪ੍ਰਦਾਨ ਕੀਤੀਆਂ ਜਾਣਗੀਆਂ। ਨੀਤੀ ਵਿੱਚ ਸਿਹਤ ਸੰਭਾਲ ਪ੍ਰਣਾਲੀ ਵਿੱਚ ਨਿਪੁੰਨਤਾ ਲਿਆਉਣ ਲਈ ਡਿਜੀਟਲ ਟੂਲਜ਼ ਤਾਇਨਾਤ ਕਰਨ ਦੀ ਹਮਾਇਤ ਕੀਤੀ ਗਈ ਹੈ। ਇਸ ਤੋਂ ਇਲਾਵਾ ਨੈਸ਼ਨਲ ਡਿਜੀਟਲ ਹੈਲਥ ਅਥਾਰਿਟੀ (ਐੱਨ ਡੀ ਐੱਚ ਏ) ਦੀ ਸਥਾਪਨਾ ਦੀ ਹਮਾਇਤ ਕੀਤੀ ਗਈ ਹੈ ਤਾਂ ਕਿ ਸੰਭਾਲ ਦੇ ਦਾਇਰੇ ਵਿੱਚ ਡਿਜੀਟਲ ਹੈਲਥ ਨੂੰ ਲਿਆਉਣ ਲਈ ਇਸ ਨੂੰ ਰੈਗੂਲੇਟ, ਵਿਕਸਤ ਅਤੇ ਲਾਗੂ ਕੀਤਾ ਜਾ ਸਕੇ। ਇਸ ਵਿੱਚ ਉੱਨਤੀਸ਼ੀਲ, ਵਾਧੇ ਵਾਲੀ ਅਤੇ ਭਰੋਸਾ ਅਧਾਰਿਤ ਪਹੁੰਚ ਉੱਤੇ ਜ਼ੋਰ ਦਿੱਤਾ ਗਿਆ ਹੈ। ਇਸ ਵਿੱਚ ਰਾਸ਼ਟਰੀ ਸਿਹਤ ਸੰਭਾਲ ਮਿਆਰੀ ਸੰਗਠਨ (ਐੱਨ ਐੱਚ ਐੱਸ ਓ) ਦੀ ਕਾਇਮੀ ਦੀ ਹਮਾਇਤ ਕੀਤੀ ਗਈ ਹੈ ਜੋ ਕਿ ਦੇਸ਼ ਵਿੱਚ ਸਿਹਤ ਸੰਭਾਲ ਸੰਸਥਾਵਾਂ ਦੇ ਮਿਆਰ ਸਥਾਪਿਤ ਕਰੇਗਾ। ਪਰ ਇਸ ਗੱਲ ਨੂੰ ਧਿਆਨ ਵਿੱਚ ਰਖਦੇ ਹੋਏ ਕਿ ਸਿਹਤ ਇਕ ਸੂਬਾਈ ਵਿਸ਼ਾ ਹੈ, ਇਹ ਯਕੀਨੀ ਨਹੀਂ ਹੈ ਕਿ ਇਸ ਸੰਗਠਨ ਨੂੰ ਪ੍ਰਭਾਵੀ ਅਧਿਕਾਰ ਮਿਲ ਸਕਣਗੇ।

ਨਵੀਂ ਸਿਹਤ ਨੀਤੀ ਨੂੰ ਲਾਗੂ ਕਰਨਾ ਇਕ ਚੁਨੌਤੀ ਬਣਿਆ ਰਹੇਗਾ ਕਿਉਂਕਿ ਦੇਸ਼ ਵਿੱਚ ਸਿਹਤ ਢਾਂਚਾ ਬੇਮੇਲ ਜਿਹਾ ਬਣਿਆ ਹੋਇਆ ਹੈ, ਖ਼ਾਸ ਤੌਰ ਤੇ ਗਰੀਬ ਰਾਜਾਂ ਵਿੱਚ, ਇਸ ਲਈ ਲੋੜ ਇਸ ਗੱਲ ਦੀ ਹੈ ਕਿ ਰਾਜਾਂ ਵਿੱਚ ਮੌਜੂਦਾ ਸਿਸਟਮ ਨੂੰ ਇਕ ਰਾਸ਼ਟਰੀ ਕਾਰਜ ਨੀਤੀ ਨਾਲ ਜੋੜਿਆ ਜਾਵੇ। ਜਿਵੇਂ ਕਿ ਰਾਸ਼ਟਰੀ ਸਿਹਤ ਨੀਤੀ 2017 ਵਿੱਚ ਨਤੀਜਾ ਕੱਢਿਆ ਗਿਆ ਹੈ "ਇਕ ਨੀਤੀ ਉਸ ਨੂੰ ਲਾਗੂ ਕਰਨ ਉਤੇ ਹੀ ਵਧੀਆ ਸਿੱਧ ਹੁੰਦੀ ਹੈ।" ਚੰਗਾ ਹੋਵੇਗਾ ਜੇ ਬਹੁ-ਪੱਖੀ ਭਾਈਵਾਲੀ ਕੰਮਕਾਜੀ ਬਲ ਕਾਇਮ ਕੀਤੇ ਜਾਣ ਜਾਂ ਕੰਮਕਾਜੀ ਗਰੁੱਪ ਬਣਾਏ ਜਾਣ ਜੋ ਕਿ ਇਨ੍ਹਾਂ ਵਿਚਾਰਾਂ ਅਤੇ ਪਹਿਲਾਂ ਉੱਤੇ ਕੰਮ ਕਰ ਸਕਣ।

ਭਾਰਤ ਵਿੱਚ 3.5 ਮਿਲੀਅਨ ਬੈਡਾਂ, 3 ਮਿਲੀਅਨ ਡਾਕਟਰਾਂ ਅਤੇ 6 ਮਿਲੀਅਨ ਨਰਸਾਂ ਦੀ ਅਗਲੇ 20 ਸਾਲਾਂ ਵਿੱਚ ਲੋੜ ਹੋਵੇਗੀ। ਇਹ ਜਾਣਕਾਰੀ ਪ੍ਰਾਈਸ ਵਾਟਰ ਹਾਊਸਕੂਪਰਜ਼ (ਪੀ ਡਬਲਿਯੂ ਸੀ) ਦੀ ਰਿਪੋਰਟ ਵਿੱਚ ਦਿੱਤੀ ਗਈ ਹੈ। ਭਾਰਤ ਵਿੱਚ ਪ੍ਰਤਿ 1000 ਲੋਕਾਂ ਪਿੱਛੇ 1.3 ਹਸਪਤਾਲ ਬੈਡ ਹਨ ਜੋ ਕਿ ਵਿਸ਼ਵ ਸਿਹਤ ਸੰਗਠਨ ਦੀਆਂ ਹਦਾਇਤਾਂ ਅਨੁਸਾਰ 3.5 ਦੇ ਮਿਆਰ ਤੋਂ ਕਾਫੀ ਘੱਟ ਹਨ।

## ਅਸੀਂ ਇਥੇ ਕਿੱਥੇ ਜਾਈਏ?

***ਇਸ ਤਰ੍ਹਾਂ ਲੋਕਾਂ ਵਿੱਚ*** – ਉਨ੍ਹਾਂ ਦੀ ਸਿਹਤ ਅਤੇ ਸਿੱਖਿਆ ਵਿੱਚ ਪ੍ਰਮੁੱਖ ਨਿਵੇਸ਼ ਦੀ ਲੋੜ ਹੋਵੇਗੀ। ਕੱਲ੍ਹ ਬਣਨ ਵਾਲਾ ਵਰਕਰ ਅੱਜ ਦਾ ਬੱਚਾ ਹੈ।

ਵਿੱਦਿਅਕ ਖੇਤਰ ਨੂੰ ਮੁੱਖ ਤੌਰ ਤੇ ਹੇਠ ਲਿਖੇ ਮੁੱਦਿਆਂ ਉਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

***ਵਿੱਦਿਅਕ ਖੇਤਰ ਦੀ ਵਿੱਤੀ ਸਥਿਤੀ – ਸਰਕਾਰੀ ਤੇ ਨਿੱਜੀ ਸਕੂਲਾਂ ਵਿੱਚ ਪਾੜਾ***

***ਹੱਲ*** – ਕੇਂਦਰ- ਰਾਜਾਂ ਨੂੰ ਵਿੱਦਿਆ ਨੂੰ ਪਹਿਲ ਦੇਣੀ ਚਾਹੀਦੀ ਹੈ ਤੇ ਇਕ ਜਵਾਬਦੇਹ ਢਾਂਚਾ ਸਕੀਮਾਂ ਨੂੰ ਲਾਗੂ ਕਰਨ ਲਈ ਕਾਇਮ ਕਰਨਾ ਚਾਹੀਦਾ ਹੈ। ਕੁੱਲ ਘਰੇਲੂ ਉਤਪਾਦ ਦੇ 6 ਪ੍ਰਤਿਸ਼ਤ ਦੇ ਬਰਾਬਰ ਵਿੱਦਿਆ ਉੱਤੇ ਸਰਕਾਰੀ ਖਰਚਾ ਕਰਨਾ ਇਕ ਰਾਸ਼ਟਰੀ ਵਾਅਦਾ ਹੈ ਜੋ ਕਿ ਪਿਛਲੇ 40 ਸਾਲਾਂ ਤੋਂ ਚਲਿਆ ਆ ਰਿਹਾ ਹੈ।

***ਵਿੱਦਿਆ ਦੇ ਮਿਆਰ, ਇਕਸਾਰਤਾ ਅਤੇ ਇਸ ਨੂੰ ਫੈਲਾਉਣਾ*** – ਪੜ੍ਹਾਈ ਕਰਵਾਉਣ ਵਾਲੇ ਸਟਾਫ ਦੇ ਮਿਆਰ ਅਧਿਆਪਕਾਂ ਦੀਆਂ ਬਹੁਤ ਸਾਰੀਆਂ ਖਾਲੀ ਪਈਆਂ ਅਸਾਮੀਆਂ ਨਾਲ ਢਾਂਚੇ ਸੰਬੰਧੀ ਘਾਟਾ ਮਿਲ ਗਿਆ ਹੈ ਅਤੇ ਲੈਬਾਰਟਰੀਆਂ ਦੀ ਅਣਹੋਂਦ ਜਾਰੀ ਹੈ।

***ਹੱਲ*** – ਯੋਗਤਾ ਪ੍ਰਾਪਤ ਅਧਿਆਪਕਾਂ ਦੇ ਪ੍ਰਤਿਸ਼ਤ ਵਿੱਚ ਵਾਧਾ ਕੀਤੇ ਜਾਣ ਦੀ ਲੋੜ ਹੈ। ਇਸ ਤੋਂ ਇਲਾਵਾ ਯੋਗਤਾ ਪ੍ਰਾਪਤ ਅਤੇ ਘੱਟ ਯੋਗਤਾ ਪ੍ਰਾਪਤ ਅਧਿਆਪਕਾਂ ਨੂੰ ਸਿਖਲਾਈ ਦਿੱਤੇ ਜਾਣ ਦੀ ਲੋੜ ਹੈ। ਸਕੂਲਾਂ ਵਿੱਚ ਉੱਚ ਵਿੱਦਿਅਕ ਖੇਤਰਾਂ ਵਿੱਚ 15 ਤੋਂ 40 ਪ੍ਰਤਿਸ਼ਤ ਅਧਿਆਪਕਾਂ ਦੀ ਰਾਜਾਂ ਦੇ ਪੱਧਰ ਉੱਤੇ ਕਮੀ ਹੈ। ਇਕ ਰਾਸ਼ਟਰੀ ਮਿਆਰ ਜਾਇਜ਼ਾ ਢਾਂਚਾ ਕਾਇਮ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਵਿੱਦਿਆ, ਸੰਗਠਤ ਕੋਰਸਾਂ ਦੇ ਮਿਆਰ ਵਿੱਚ ਸੁਧਾਰ ਹੋ ਸਕੇ।

***ਅਧਿਆਪਕਾਂ ਦੀ ਗ਼ੈਰ ਹਾਜ਼ਰੀ – ਵਿੱਦਿਅਕ ਨਿਗਰਾਨੀ ਸ਼ੱਕੀ ਤੌਰ ਤੇ ਗਾਇਬ***

***ਹੱਲ*** – ਅਧਿਆਪਕਾਂ ਦੀ ਕਾਰਗੁਜ਼ਾਰੀ ਆਧਾਰਤ ਮੁਲੰਕਣ ਅਤੇ ਦਰਮਿਆਨੀ ਮਿਆਦ ਦਾ ਮੁੜ ਜਾਇਜ਼ਾ ਹੋਣਾ ਚਾਹੀਦਾ ਹੈ (ਅੰਕਾਂ ਦਾ ਹਿਸਾਬ ਵਧੀਆ ਪੜ੍ਹਾਈ, ਅਧਿਆਪਕ ਦੀ ਹਾਜ਼ਰੀ, ਉਨ੍ਹਾਂ ਦੇ ਯਤਨਾਂ ਅਤੇ ਜਾਇਜ਼ਾ ਅਧਾਰਿਤ ਸਰਗਰਮੀਆਂ, ਵਿੱਦਿਅਕ ਰਿਕਾਰਡ ਅਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੇ ਆਧਾਰ ਉਤੇ ਲੱਗਣਾ ਚਾਹੀਦਾ ਹੈ)। ਯਥਾਰਥਕ ਕਲਾਸਰੂਪ ਦੀ ਧਾਰਨਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਵਧੀਆ ਅਧਿਆਪਕਾਂ, ਜਿਨ੍ਹਾਂ ਨੂੰ ਵਿਸ਼ੇ ਦੀ ਮੁਹਾਰਤ ਹਾਸਲ ਹੋਵੇ, ਦਾ ਇਕ ਸੰਗਠਤ ਨੈੱਟਵਰਕ ਕਾਇਮ ਹੋਣਾ ਚਾਹੀਦਾ ਹੈ ਜੋ ਕਿ ਪ੍ਰੇਰਿਤ ਕਰਨ, ਉੱਤਸ਼ਾਹਿਤ ਕਰਨ ਅਤੇ ਦਿਸ਼ਾ ਨਿਰਦੇਸ਼ ਦੇਣ ਦਾ ਕੰਮ ਕਰ ਸਕੇ। ਭਾਰਤੀ ਪ੍ਰਸ਼ਾਸਕੀ ਸੇਵਾ ਵਾਂਗ ਆਲ ਇੰਡੀਆ ਟੀਚਰਜ਼ ਸਰਵਿਸ ਵੀ ਆਰੰਭੀ ਜਾ ਸਕਦੀ ਹੈ।

***ਮੁਹੱਈਆ ਹੋਣਾ*** – ਅਸੀਂ ਉੱਚ ਵਿੱਦਿਅਕ ਅਦਾਰਿਆਂ ਵਿੱਚ ਲੋੜੀਂਦਾ ਸਟਾਫ ਮੁਹੱਈਆ ਕਰਵਾਉਣ ਦੀ ਆਪਣੀ ਨੌਜਵਾਨ ਅਬਾਦੀ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਦੇ ਅਸਮਰੱਥ ਹਾਂ। ਰਾਸ਼ਟਰੀ ਗਿਆਨ ਕਮਿਸ਼ਨ ਦੀ 1500 ਅਦਾਰਿਆਂ ਦੀ ਮੰਗ ਦੇ ਮੁਕਾਬਲੇ ਵਿੱਚ ਸਾਡੇ ਕੋਲ ਸਿਰਫ 750 ਅਦਾਰੇ ਹੀ ਮੌਜੂਦਾ ਹਨ।

***ਹੱਲ*** – ਇਸ ਦਾ ਮੁੱਖ ਕਾਰਨ ਕੋਈ ਢੁਕਵੀਂ ਹਿਸਾਬ ਲਗਾਉਣ ਦੀ ਵਿਧੀ ਮੌਜੂਦ ਨਾ ਹੋਣਾ ਹੈ। ਭਵਿੱਖ ਦੀ ਮੰਗ ਹੈ ਜਨਤਕ ਅਤੇ

ਨਿੱਜੀ ਖੇਤਰ ਵਿੱਚ ਟੀਚਿਆਂ ਦੀ ਵੰਡ ਲਈ ਇਕ ਭਵਿੱਖਬਾਣੀ ਦਾ ਹਿਸਾਬ ਲਗਣਾ ਚਾਹੀਦਾ ਹੈ ਅਤੇ ਨਾਲ ਹੀ ਵਿੱਦਿਅਕ ਬਜਟ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਹਾਲ ਹੀ ਵਿੱਚ ਮਨੁੱਖੀ ਵਿਕਾਸ ਮੰਤਰਾਲਾ ਵਲੋਂ ਜਾਰੀ ਨੈਸ਼ਨਲ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ (ਐੱਨ ਆਈ ਆਰ ਐੱਫ) ਅਨੁਸਾਰ 10 ਉੱਘੇ ਕਾਲਜਾਂ ਵਿੱਚੋਂ 6 ਦਿੱਲੀ ਵਿੱਚ ਹਨ। ਬਾਕੀ 4 ਵਿੱਚੋਂ 1 ਕੋਲਕਾਤਾ ਵਿੱਚ, 2 ਚੇਨੱਈ ਵਿੱਚ ਅਤੇ 1 ਤਿਰੁਚਿਰਾਪੱਲੀ ਵਿੱਚ ਹੈ। ਵਧੀਆ ਉੱਚ ਵਿੱਦਿਆ ਦੀ ਇਹ ਦੇਸ਼ ਵਿੱਚ ਹੋਈ ਵੰਡ ਚਿੰਤਾ ਦਾ ਕਾਰਨ ਹੋਣਾ ਚਾਹੀਦਾ ਹੈ।

***ਪਹੁੰਚ ਯੋਗਤਾ*** – ਜਨਤਕ ਵਿੱਤ ਉੱਤੇ ਚੱਲਣ ਵਾਲੀ ਵਿੱਦਿਆ ਦੀ ਕਮੀ ਅਤੇ ਨਿੱਜੀ ਸੰਸਥਾਵਾਂ ਵਲੋਂ ਲਈਆਂ ਜਾ ਰਹੀਆਂ ਭਾਰੀ ਫੀਸਾਂ ਕਾਰਨ ਵੱਡੀ ਗਿਣਤੀ ਵਿੱਚ ਲੋਕਾਂ ਲਈ ਵਿੱਦਿਆ ਪਹੁੰਚ ਤੋਂ ਬਾਹਰ ਹੈ।

***ਹੱਲ*** – ਵਿੱਤੀ ਮਾਡਲ ਜਿਵੇਂ ਵਜ਼ੀਫੇ, ਵਿੱਦਿਅਕ ਕਰਜ਼ੇ ਅਤੇ ਸੱਨਅਤਾਂ ਵਲੋਂ ਸਪਾਂਸਰਡ ਵਿੱਦਿਆ ਦੇ ਮੌਕਿਆਂ ਦਾ ਵੱਖ-ਵੱਖ ਪੱਧਰਾਂ ਉੱਤੇ ਜਾਇਜ਼ਾ ਲਿਆ ਜਾਣਾ ਚਾਹੀਦਾ ਹੈ। ਭਾਰਤ ਵਿੱਚ ਲੜਕੀਆ ਦੀ ਵਿੱਦਿਆ ਨੂੰ ਅੱਗੇ ਵਧਾਉਣ ਲਈ ਇਕ ਡਿਜੀਟਲ ਜੈਂਡਰ ਐਟਲਸ (ਜੋ ਕਿ ਯੂਨੀਸੈਫ ਵਲੋਂ ਤਿਆਰ ਕੀਤੀ ਗਈ ਹੈ) ਅਤੇ ਜਿਸ ਨੂੰ ਐੱਮ ਐੱਚ ਆਰ ਡੀ ਵਲੋਂ ਜਾਰੀ ਕੀਤਾ ਗਿਆ ਹੈ, "ਲੜਕੀਆਂ ਦੀ ਮਾੜੀ ਕਾਰਗੁਜ਼ਾਰੀ ਵਾਲੇ ਭੂਗੋਲਿਕ ਖੇਤਰਾਂ ਦੀ ਪਛਾਣ ਵਿੱਚ ਖ਼ਾਸ ਤੌਰ ਤੇ ਸੀਮਾਂਤੀ ਗਰੁੱਪਾਂ ਦੀ ਪਛਾਣ ਵਿੱਚ" ਮਦਦ ਕਰੇਗੀ। ਸਭ ਤਰ੍ਹਾਂ ਦੇ ਵਜ਼ੀਫਿਆਂ ਲਈ ਇਕ ਸਿੰਗਲ ਵਿੰਡੋ ਸਕਾਲਰਸ਼ਿਪ ਪੋਰਟਲ ਸਰਕਾਰ ਦੀ ਇਕ ਉੱਚੇਰਾ ਸਮਾਜ ਬਣਾਉਣ ਦੀ ਕੋਸ਼ਿਸ਼ ਵਿੱਚ ਸਹਾਈ ਸਿੱਧ ਹੋਵੇਗਾ।

***ਖੁਦਮੁਖਤਿਆਰੀ*** – ਸਿਆਸੀ ਨਿਯੁਕਤੀਆਂ ਅਤੇ ਵਾਰ-ਵਾਰ ਹੋਣ ਵਾਲੀਆਂ ਦਖ਼ਲਅੰਦਾਜ਼ੀਆਂ ਯੂਨੀਵਰਸਿਟੀਆਂ ਦੇ ਕੰਮ ਨੂੰ ਪ੍ਰਭਾਵਿਤ ਕਰਦੀਆਂ ਹਨ।

***ਹੱਲ*** – ਇਕ ਰਾਸ਼ਟਰੀ ਨੀਤੀ ਕਮਿਸ਼ਨ ਦੀ ਸਥਾਪਨਾ ਅਤੇ ਅੰਦਰੂਨੀ ਮਾਡਲ ਡਿਜ਼ਾਈਨ ਵਿੱਚ ਖੁਦਮੁਖਤਿਆਰੀ ਸਮੇਂ ਦੀ ਲੋੜ ਹੈ।

***ਰੋਜ਼ਗਾਰ ਯੋਗਤਾ*** – ਖੋਜ ਸਹੂਲਤਾ ਨੂੰ ਯੂਨੀਵਰਸਿਟੀਆਂ ਤੋਂ ਵੱਖ ਰੱਖਣਾ ਅਤੇ ਰੋਜ਼ਗਾਰ ਪੈਦਾ ਕਰਨ ਨਾਲ ਸੰਬੰਧਿਤ ਸਿੱਖਿਆ ਦੀ ਅਣਹੋਂਦ ਸਾਡੇ ਦੇਸ਼ ਵਿੱਚ ਇਕ ਜੋਖਮ ਭਰੀ ਕਾਰਵਾਈ ਸਿੱਧ ਹੋ ਰਹੀ ਹੈ।

***ਹੱਲ*** – ਇਨਕਿਊਬੇਸ਼ਨ ਸੈਂਟਰਜ਼, ਵਿਗਿਆਨਕ ਪ੍ਰਸਾਰ ਪ੍ਰੋਗਰਾਮ ਅਤੇ ਵਿੱਦਿਅਕ ਸੱਨਅਤ ਇੰਟਰ-ਫੇਸ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

***ਭਾਸ਼ਾਈ ਰੁਕਾਵਟ*** – ਜ਼ਿਆਦਾਤਰ ਅੰਗਰੇਜ਼ੀ ਆਧਾਰਿਤ ਵਿੱਦਿਆ ਨੂੰ ਅਪਣਾਉਣ ਅਤੇ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਕੀਤੀਆਂ ਪੁਸਤਕਾਂ ਦੀ ਭਾਰੀ ਕਮੀ ਆਮ ਤੌਰ ਤੇ ਵਦਿਆਰਥੀਆਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਨਿਰਉਤਸ਼ਾਹਿਤ ਕਰਦੀਆਂ ਹਨ।

***ਹੱਲ*** – ਸਾਰੇ ਵਿੱਦਿਅਕ ਸਮਾਨ ਦਾ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਮਿਸ਼ਨ ਆਧਾਰ ਉਤੇ ਹੋਣਾ ਚਾਹੀਦਾ ਹੈ।

ਦੁਨੀਆਂ ਦੀ 21 ਪ੍ਰਤਿਸ਼ਤ ਅਬਾਦੀ ਬੀਮਾਰੀਆਂ ਦਾ ਸ਼ਿਕਾਰ ਹੈ ਅਤੇ ਡਾਕਟਰ/ਮਰੀਜ਼ ਅਨੁਪਾਤ 1:1700 ਹੈ ਅਤੇ ਕੁੱਲ ਸਿਹਤ ਸੰਭਾਲ ਖਰਚਾ 62 ਪ੍ਰਤਿਸ਼ਤ ਉੱਤੇ ਪਹੁੰਚਿਆ ਹੋਇਆ ਹੈ, ਇਸ ਲਈ ਭਾਰਤ ਨੂੰ ਮਜ਼ਬੂਤ ਦਵਾਈ ਦੀ ਲੋੜ ਹੈ ਤਾਂ ਕਿ ਸਿਹਤ ਖੇਤਰ ਦੀਆਂ ਢਾਂਚੇ ਸੰਬੰਧੀ ਤੇ ਮੁੱਢਲੀਆਂ ਚੁਣੌਤੀਆਂ ਨਾਲ ਨਜਿੱਠਿਆ ਜਾ ਸਕੇ।

***ਪਹੁੰਚ*** – ਜਨਤਕ ਸਿਹਤ ਸੰਭਾਲ ਸਿਸਟਮ ਦੀ ਨਿਵਾਣ ਵੱਲ ਜਾ ਰਹੀ ਭੂਮਿਕਾ ਅਤੇ ਨਿਪੁੰਨ ਵਿਅਕਤੀਆਂ ਦੀ ਕਮੀ।

***ਹੱਲ*** – ਜਨਤਕ ਅਤੇ ਨਿੱਜੀ ਖੇਤਰ ਵਿੱਚ ਇਕ ਰੈਗੂਲੇਟਰੀ ਸੰਸਥਾ ਕਾਇਮ ਕੀਤੀ ਜਾਵੇ, ਜੋ ਕਿ ਸਿਹਤ ਸੰਭਾਲ ਦੀ ਕੁਆਲਿਟੀ, ਜਿਸ ਵਿੱਚ ਸਿਹਤ ਢਾਂਚੇ ਦਾ ਮਿਆਰੀਕਰਨ, ਇਸ ਦਾ ਪ੍ਰਬੰਧਨ ਅਤੇ ਸਮੁੱਚੇ ਪ੍ਰਸ਼ਾਸਕੀ ਢਾਂਚੇ ਦਾ ਖਿਆਲ ਰੱਖ ਸਕੇ, ਅਹਿਤਿਆਤੀ ਸਿਹਤ ਸੰਭਾਲ ਵੱਲ ਅਤੇ ਹੋਰ ਕੇਂਦਰੀ ਅਤੇ ਸੂਬਾਈ ਸਕੀਮਾਂ ਵੱਲ ਧਿਆਨ ਕੇਂਦਰਿਤ ਕਰ ਸਕੇ।

***ਸਿਹਤ ਸੰਭਾਲ ਢਾਂਚਾ*** – ਕੇ ਪੀ ਐੱਮ ਜੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 60 ਪ੍ਰਤਿਸ਼ਤ ਹਸਪਤਾਲ, 75 ਪ੍ਰਤਿਸ਼ਤ ਡਿਸਪੈਂਸਰੀਆਂ ਅਤੇ 80 ਪ੍ਰਤਿਸ਼ਤ ਡਾਕਟਰ ਸ਼ਹਿਰੀ ਖੇਤਰਾਂ ਵਿੱਚ ਹੀ ਸਥਿਤ ਹਨ ਅਤੇ ਸਿਰਫ 28 ਪ੍ਰਤਿਸ਼ਤ ਅਬਾਦੀ ਦੀ ਹੀ ਸੇਵਾ ਕਰ ਰਹੇ ਹਨ।

***ਹੱਲ*** – ਮੈਡੀਕਲ ਕਾਲਜਾਂ ਅਤੇ ਇਨ੍ਹਾਂ ਦੀਆਂ ਸੀਟਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾਵੇ। ਦਿਹਾਤੀ ਇਲਾਕਿਆਂ ਵਿੱਚ ਇੰਟਰਨਸ਼ਿਪ ਕਰਨ ਲਈ ਵਿਸ਼ੇਸ਼ ਲਾਭਾਂ ਦਾ ਪ੍ਰਬੰਧ ਹੋਵੇ। ਦਿਹਾਤੀ ਇਲਾਕਿਆਂ ਵਿੱਚ ਘੱਟੋ-ਘੱਟ 3-5 ਸਾਲ ਤੱਕ ਕੰਮ ਕਰਨ ਵਾਲੇ ਵਿਦਿਆਰਥੀਆਂ ਲਈ ਪੀ ਜੀ ਮੈਡੀਕਲ ਕੋਰਸਾਂ ਵਿੱਚ ਰਾਖਵੇਂਕਰਨ ਦਾ ਪ੍ਰਬੰਧ ਹੋਵੇ, ਮੈਡੀਕਲ ਕਾਲਜਾਂ ਵਿੱਚ ਨਿਯੁਕਤੀ ਲਈ ਉਮਰ ਦੀ ਹੱਦ ਵਧਾਈ ਜਾਵੇ, ਕਾਲਜਾਂ ਵਿੱਚ ਪਹੁੰਚਯੋਗ ਮੈਡੀਕਲ ਸਿੱਖਿਆ ਦਾ ਪ੍ਰਬੰਧ ਹੋਵੇ (ਪ੍ਰਾਈਵੇਟ ਕਾਲਜਾਂ ਵਿੱਚ ਖਰਚਾ ਬਹੁਤ ਲਿਆ ਜਾਂਦਾ ਹੈ)। ਇਸ ਗੱਲ ਦੀ ਬਹੁਤ ਲੋੜ ਹੈ ਕਿ ਆਊਟ ਆਫ ਬਾਕਸ, ਟੈਂਕ ਡਰਿਵਨ, ਨਵੀਆਂ ਖੋਜਾਂ ਵਾਲੇ ਅਤੇ ਸਸਤੀ ਲਾਗਤ ਵਾਲੇ ਹੱਲ ਲੱਭੇ ਜਾਣ। ਸਿਰਫ 2015 ਵਿੱਚ ਹੀ ਲਗਭਗ 300 ਤੋਂ ਵੱਧ ਸਟਾਰਟ ਅੱਪਸ ਸਿਹਤ ਖੇਤਰ ਵਿੱਚ ਸਾਹਮਣੇ ਆਏ ਸਨ।

***ਮਾਹਿਰਾਂ ਦੀ ਲੋੜ*** – ਡਾਕਟਰਾਂ, ਨਰਸਾਂ ਅਤੇ ਪੈਰਾ ਮੈਡੀਕਲ ਵਿਵਸਾਈਆਂ ਵਿੱਚ ਦਿਹਾਤੀ ਅਤੇ ਸ਼ਹਿਰੀ ਖੇਤਰਾਂ ਵਿੱਚ ਕਾਫੀ ਅਸੰਤੁਲਨ ਪਾਇਆ ਜਾ ਰਿਹਾ ਹੈ।

***ਹੱਲ*** – ਸਿਹਤ ਸੰਭਾਲ ਕੈਡਰ ਤਿਆਰ ਕੀਤੇ ਜਾਣ, ਜੋ ਵਿਸ਼ੇਸ਼ ਸਿਹਤ ਚੁਣੌਤੀਆਂ ਦਾ ਹੱਲ ਕੱਢ ਸਕਣ ਅਤੇ ਈ-ਨੈੱਟਵਰਕ ਰਾਹੀਂ ਹਸਪਤਾਲਾਂ ਨੂੰ ਸੰਗਠਤ ਕਰ ਸਕਣ। ਇਹ ਬੈਡ, ਡਾਕਟਰ ਸਹੂਲਤਾਂ ਮੁਹੱਈਆ ਹੋਣ ਦੀ ਜਾਣਕਾਰੀ ਨੂੰ ਵੰਡ ਸਕਣ।

***ਪਹੁੰਚਯੋਗ ਸਿਹਤ ਸੰਭਾਲ – ਦਵਾਈਆਂ ਅਤੇ ਟੈਸਟਾਂ ਦੀ ਭਾਰੀ ਲਾਗਤ।***

***ਹੱਲ*** – ਜੈਨਰਿਕ ਦਵਾਈਆਂ ਨੂੰ ਉਤਸ਼ਾਹਿਤ ਕੀਤਾ ਜਾਵੇ।

ਵਿੱਦਿਆ ਅਤੇ ਸਿਹਤ ਸੰਭਾਲ ਉਹ ਖੇਤਰ ਹਨ ਜੋ ਕਿ ਆਉਣ ਵਾਲੇ ਦਹਾਕਿਆਂ ਵਿੱਚ 'ਚਮਕ ਰਹੇ ਭਾਰਤ' ਨੂੰ ਪਰਿਭਾਸ਼ਿਤ ਕਰਨਗੇ।

*(ਲੇਖਕ ਸੀਨੀਅਰ ਮੁਲਾਂਕਣਕਾਰ ਹੈ ਜਿਸ ਨੂੰ ਲੋਕ ਸਭਾ ਟੀ.ਵੀ., ਭਾਰਤ ਦੀ ਸੰਸਦ ਵਿੱਚ ਕੰਮ ਕਰਨ ਦਾ ਗਿਆਰਾਂ ਸਾਲ ਦਾ ਤਜ਼ਰਬਾ ਹੈ। ਉਨ੍ਹਾਂ ਦਾ ਕੰਮ ਮੁਲਾਂਕਣ ਅਤੇ ਮਹੱਤਵਪੂਰਨ ਸਰਕਾਰੀ ਨੀਤੀਆਂ ਦੀ ਖੋਜ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਤੌਰ ਤੇ ਪ੍ਰਸੰਗਿਕ ਮਸਲਿਆਂ ਉਤੇ ਜ਼ਿਆਦਾ ਕੇਂਦਰਿਤ ਹੈ।)*

*e-mail :natashajha@gmail.com*

# ਕੀ ਤੁਸੀਂ ਜਾਣਦੇ ਹੋ?

## ਈ-ਸੰਪਰਕ

ਈ-ਸੰਪਰਕ ਇਕ ਅਜਿਹਾ ਢੰਗ ਹੈ ਜਿਸ ਨਾਲ ਸਰਕਾਰ ਸਿੱਧੇ ਤੌਰ ਤੇ ਦੇਸ਼ ਭਰ ਵਿੱਚ ਜਨਤਾ ਨਾਲ ਮੇਲ ਰਾਹੀਂ ਜੁੜਦੀ ਹੈ, ਜਿਸ ਵਿੱਚ ਡਾਇਲ ਕਰਨ ਜਾਂ ਐੱਸ ਐੱਮ ਐੱਸ ਕਰਨ ਦਾ ਢੰਗ ਅਪਣਾਉਣ ਦੀ ਲੋੜ ਨਹੀਂ ਹੁੰਦੀ। ਭਾਰਤ ਸਰਕਾਰ ਵਲੋਂ ਈ-ਸੰਪਰਕ ਪੋਰਟਲ ਦੀ ਸ਼ੁਰੂਆਤ ਮਈ 2016 ਵਿੱਚ ਕੀਤੀ ਗਈ ਸੀ। ਇਹ ਇਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ ਅਤੇ ਇਸ ਦਾ ਕੰਮ ਜਨਤਾ ਤੱਕ ਸੰਦੇਸ਼ ਪਹੁੰਚਾਉਣਾ ਅਤੇ ਜਨਤਾ ਦੇ ਸੰਦੇਸ਼ ਹਾਸਿਲ ਕਰਨਾ ਹੁੰਦਾ ਹੈ। ਪੋਰਟਲ ਦਾ ਉਦੇਸ਼ ਸ਼ਹਿਰੀਆਂ ਨਾਲ ਸੰਪਰਕ ਵਧਾਉਣਾ ਹੈ। ਹੁਣ ਤੱਕ 404 ਮੁਹਿੰਮਾਂ ਚਲਾਈਆਂ ਜਾ ਚੁੱਕੀਆਂ ਹਨ ਅਤੇ ਹੀ-ਸੰਪਰਕ ਰਾਹੀਂ 230 ਕਰੋੜ ਤੋਂ ਵੱਧ ਈ-ਮੇਲਾਂ ਭੇਜੀਆਂ ਜਾ ਚੁੱਕੀਆਂ ਹਨ।

ਈ-ਸੰਪਰਕ ਦੀ ਧਾਰਨਾ ਮੁਹਿੰਮਾਂ ਦੀ ਡਿਜੀਟਾਈਜ਼ੇਸ਼ਨ ਅਧੀਨ ਸੰਚਾਰ ਨੂੰ ਸਰਗਰਮ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ। ਇਹ ਬਹੁ-ਪੱਖੀ ਪਲੇਟਫਾਰਮ ਸਰਕਾਰ ਅਤੇ ਜਨਤਾ ਦਰਮਿਆਨ ਸੰਚਾਰ ਨੂੰ ਆਪਸ ਵਿੱਚ ਵਧਾਉਂਦਾ ਹੀ ਨਹੀਂ ਸਗੋਂ ਨੋਡਲ ਅਫ਼ਸਰ ਅਤੇ ਜਨਤਾ ਦੇ ਨੁਮਾਇੰਦਿਆਂ ਦਰਮਿਆਨ ਸੰਪਰਕਾਂ ਦਾ ਡਾਟਾਬੇਸ ਵੀ ਕਾਇਮ ਰੱਖਦਾ ਹੈ। ਇਸ ਤੋਂ ਇਲਾਵਾ ਇਸ ਦੀ ਵਰਤੋਂ ਕਰਨ ਵਾਲੇ ਈ-ਸੰਪਰਕ ਰਾਹੀਂ ਚਲਾਈਆਂ ਗਈਆਂ ਪਿਛਲੀਆਂ ਮੁਹਿੰਮਾਂ ਵੀ ਵੇਖ ਸਕਦੇ ਹਨ। ਈ-ਸੰਪਰਕ ਡਿਜੀਟਲ ਇੰਡੀਆ ਦੀ ਅਹਿਮੀਅਤ ਨੂੰ ਦਰਸਾਉਂਦਾ ਹੈ। ਇਸ ਨਾਲ ਸਰਕਾਰ ਨੂੰ ਕਈ ਪ੍ਰੋਗਰਾਮਾਂ ਅਤੇ ਪਹਿਲਕਦਮੀਆਂ ਬਾਰੇ ਜਨਤਾ ਨਾਲ ਸੰਪਰਕ ਰੱਖਣ ਵਿੱਚ ਮਦਦ ਮਿਲਦੀ ਹੈ। ਮੁਹਿੰਮਾਂ ਵਿੱਚ ਜੋਖਿਮ ਪ੍ਰਬੰਧਨ ਰਾਹੀਂ ਭਾਰਤ ਨੂੰ ਤਬਦੀਲ ਕਰਨਾ, ਸ਼ਹਿਰੀਆਂ ਨੂੰ ਹਫ਼ਤੇ ਵਿੱਚ ਇਕ ਦਿਨ ਪੈਟਰੋਲ ਅਤੇ ਡੀਜ਼ਲ ਵਾਲੀਆਂ ਗੱਡੀਆਂ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕਰਨਾ ਆਦਿ ਸ਼ਾਮਿਲ ਹਨ। ਇਹ ਪੋਰਟਲ ਪ੍ਰਧਾਨ ਮੰਤਰੀ ਵਲੋਂ ਰੇਡੀਓ ਉੱਤੇ 'ਮਨ ਕੀ ਬਾਤ' ਪ੍ਰੋਗਰਾਮ ਰਾਹੀਂ ਰੱਖੇ ਵਿਚਾਰਾਂ ਨੂੰ ਜਨਤਾ ਤੱਕ ਪਹੁੰਚਾਉਂਦਾ ਹੈ। ਈ-ਸੰਪਰਕ ਪੋਰਟਲ ਦੀਆਂ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ :

- ਇਸ ਵਿੱਚ ਸੂਚਨਾ ਅਤੇ ਹੋਰ ਜਨਤਕ ਸੇਵਾ ਵਾਲੇ ਸੰਦੇਸ਼ ਮੇਲਰਜ਼ ਦੇ ਰੂਪ ਵਿੱਚ ਅਤੇ ਐੱਸ ਐੱਮ ਐੱਸ ਰਾਹੀਂ ਆਮ ਸ਼ਹਿਰੀਆਂ, ਚੁਣੇ ਹੋਏ ਨੁਮਾਇੰਦਿਆਂ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਵਰਤੋਂ ਕਰਨ ਵਾਲਿਆਂ ਦੀ ਸੂਚੀ ਨੂੰ ਲੋੜ ਅਨੁਸਾਰ ਤਬਦੀਲ ਕਰਕੇ ਭੇਜਣ ਦਾ ਪ੍ਰਬੰਧ ਹੁੰਦਾ ਹੈ।

- ਇਸੇ ਤਰ੍ਹਾਂ ਡਾਟਾਬੇਸ ਨੂੰ ਨਿੱਜੀ ਤੌਰ ਤੇ ਜਾਂ ਸਮੂਹਿਕ ਤੌਰ ਤੇ ਅਪਡੇਟ ਕਰਨ ਦਾ ਵੀ ਇਸ ਵਿੱਚ ਪ੍ਰਬੰਧ ਹੁੰਦਾ ਹੈ।

- ਇਸ ਵਿੱਚ ਇਕ ਡਾਟਾਬੇਸ ਦਾ ਵੀ ਪ੍ਰਬੰਧ ਹੁੰਦਾ ਹੈ ਜਿਸ ਤੋਂ ਨੋਡਲ ਅਫ਼ਸਰਾਂ ਨੂੰ ਮੁਹਿੰਮ ਦਾ ਵਿਸ਼ਲੇਸ਼ਣਾਤਮਕ ਅਧਿਐਨ ਹਾਸਿਲ ਹੋ ਜਾਂਦਾ ਹੈ।

- ਵਿਅਕਤੀਗਤ ਜਾਂ ਸਮੂਹਿਕ ਅਪਲੋਡ ਰਾਹੀਂ ਅੰਕੜਾ ਅਧਾਰ ਉੱਨਤ ਕਰਨ ਦਾ ਪ੍ਰਾਵਧਾਨ।

- ਇਸ ਤੋਂ ਮੇਲਰਾਂ ਅਤੇ ਭੇਜੇ ਗਏ ਐੱਸ ਐੱਮ ਐੱਸ ਦੀ ਗਿਣਤੀ, ਪੜ੍ਹੇ ਗਏ ਐੱਸ ਐੱਮ ਐੱਸ ਦਾ ਪ੍ਰਤਿਸ਼ਤ, ਅਗਾਂਹ ਤੋਰੇ ਗਏ ਐੱਸ ਐੱਮ ਐੱਸ ਦਾ ਪ੍ਰਤਿਸ਼ਤ ਯੂ ਆਰ ਐੱਲ ਕਲਿੱਕਸ ਆਦਿ ਦਾ ਪਤਾ ਲੱਗਦਾ ਹੈ।

- ਨਿੱਜੀ ਵਰਤੋਂਕਾਰਾਂ ਲਈ ਈ-ਸੰਪਰਕ ਡਾਟਾਬੇਸ ਲਈ ਮੈਂਬਰ ਬਣਨ ਦਾ ਵੀ ਪ੍ਰਬੰਧ ਹੈ। ਇਕ ਸੂਚੀ ਲਈ ਮੈਂਬਰ ਬਣ ਕੇ ਇਕ ਵਰਤੋਂਕਾਰ ਆਪਮਈ ਪ੍ਰਵਾਨਗੀ ਦੇ ਦਿੰਦਾ ਹੈ ਕਿ ਉਸ ਨੂੰ ਸਰਕਾਰ ਵਲੋਂ ਮੇਲਾਂ ਅਤੇ ਐੱਸ ਐੱਮ ਐੱਸ ਭੇਜੇ ਜਾ ਸਕਦੇ ਹਨ। ਵਰਤੋਂਕਾਰ ਕਿਸੇ ਵੇਲੇ ਵੀ ਆਪਣੀ ਮੈਂਬਰੀ ਖਤਮ ਵੀ ਕਰ ਸਕਦਾ ਹੈ।

***ਕੋਈ ਵੀ ਵਿਅਕਤੀ ਹੇਠ ਲਿਖੇ ਲਾਭ ਯਕੀਨੀ ਬਣਾ ਸਕਦਾ ਹੈ :***

- ਕੋਈ ਸਰਕਾਰੀ ਜਾਣਕਾਰੀ ਭੇਜਣ ਲਈ ਸਰਕਾਰੀ ਅਧਿਕਾਰੀਆਂ ਦਾ ਵਿਸਤ੍ਰਿਤ ਡਾਟਾਬੇਸ (ਕੇਂਦਰੀ ਅਤੇ ਰਾਜ ਸਰਕਾਰਾਂ ਦੇ)।

- ਸਰਕਾਰ ਦੀਆਂ ਮੌਜੂਦਾ ਨੀਤੀਆਂ ਜਾਂ ਪ੍ਰਸਤਾਵਿਤ ਨੀਤੀਆਂ, ਸਰਕਾਰ ਦੇ ਫੈਸਲਿਆਂ ਅਤੇ ਸ਼ੁਰੂ ਹੋਣ ਵਾਲੀਆਂ ਨਵੀਆਂ ਸਕੀਮਾਂ ਬਾਰੇ ਜਾਣਕਾਰੀ ਵਰਤੋਂਕਾਰ ਨਾਲ ਸਾਂਝੀ ਕੀਤੀ ਜਾ ਸਕਦੀ ਹੈ। ਇਸ ਨਾਲ ਰਾਸ਼ਟਰੀ ਅਤੇ ਜਨਤਕ ਹਿੱਤ ਦੀਆਂ ਜ਼ਰੂਰੀ ਚੇਤਾਵਨੀਆਂ ਸਾਂਝੀਆਂ ਕਰਨ ਨਾਲ ਸੰਚਾਰ ਦੀ ਨਿਪੁੰਨਤਾ ਵਿੱਚ ਵਾਧਾ ਹੋਵੇਗਾ।

- ਸ਼ਹਿਰੀਆਂ ਵਿੱਚ ਜਾਗਰੂਕਤਾ ਵਧੇਗੀ, ਤਾਜ਼ਾ ਸਰਕਾਰੀ ਜਾਣਕਾਰੀ ਤੱਕ ਪਹੁੰਚ ਹੋ ਸਕੇਗੀ ਤਾਂ ਹੀ ਲੋਕ ਸਰਕਾਰੀ ਸਕੀਮਾਂ ਅਤੇ ਪ੍ਰੋਗਰਾਮਾਂ ਦਾ ਲਾਭ ਉਠਾ ਸਕਣਗੇ। ❑❑

*ਸਫ਼ਾ 21 ਦੀ ਬਾਕੀ*

ਬਾਰੇ ਮੰਤਰਾਲਾ ਵਲੋਂ 2016 ਦੇ ਸਾਲ ਖਤਮ ਹੋਣ ਵਾਲੀ ਸਮੀਖਿਆ ਦੇ ਮੁਤਾਬਕ, ਨਵੰਬਰ 2016 ਤੱਕ ਦਿੱਤੇ ਗਏ ਰਾਜ ਮਾਰਗਾਂ ਦੀ ਕੁੱਲ ਲੰਬਾਈ 5688 ਕਿਲੋਮੀਟਰ ਸੀ ਅਤੇ ਨਵੰਬਰ 2016 ਤੱਕ ਬਣਾਏ ਗਏ ਰਾਜ ਮਾਰਗਾਂ ਦੀ ਕੁੱਲ ਲੰਬਾਈ 4021 ਕਿਲੋਮੀਟਰ ਸੀ, ਜਦ ਕਿ 2015-16 ਵਿੱਚ ਲੰਬਾਈ 6029 ਕਿਲੋਮੀਟਰ ਅਤੇ 2014-15 ਵਿੱਚ 4410 ਕਿਲੋਮੀਟਰ ਸੀ।

**ਵੱਖ-ਵੱਖ ਖੇਤਰਾਂ ਵਿੱਚ ਭਾਰਤੀ ਅਰਥਚਾਰੇ ਦੀਆਂ ਉਪਰ ਦੱਸੀਆਂ ਪ੍ਰਾਪਤੀਆਂ ਅਤੇ 1 ਜੁਲਾਈ 2017 ਤੋਂ ਇਤਿਹਾਸਕ ਕਰ ਸੁਧਾਰਾਂ, ਮਤਲਬ ਵਸਤੂ ਤੇ ਸੇਵਾ ਕਰ (ਜੀ ਐੱਸ ਟੀ) ਦੀ ਸ਼ੁਰੂਆਤ ਦੇ ਮੱਦੇ ਨਜ਼ਰ ਅਸੀਂ ਅਸਾਨੀ ਨਾਲ ਇਹ ਨਿਚੋੜ ਕੱਢ ਸਕਦੇ ਹਾਂ ਕਿ ਭਾਰਤੀ ਆਰਥਿਕਤਾ ਆਉਣ ਵਾਲੇ ਸਾਲਾਂ ਵਿੱਚ ਹੋਰ ਜ਼ਿਆਦਾ ਪ੍ਰਾਪਤੀਆਂ ਕਰਨ ਜਾ ਰਹੀ ਹੈ।**

*(ਲੇਖਕ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਹੇਠਲੇ ਪੱਤਰ ਸੂਚਨਾ ਦਫ਼ਤਰ ਵਿੱਚ ਵਧੀਕ ਡਾਇਰੈਕਟਰ ਜਨਰਲ (ਐੱਮ ਐਂਡ ਸੀ) ਅਤੇ ਵਿੱਤ, ਕਾਰਪੋਰੇਟ ਮਾਮਲਿਆਂ ਅਤੇ ਮੁਕਾਬਲੇਬਾਜ਼ੀ ਬਾਰੇ ਭਾਰਤੀ ਕਮਿਸ਼ਨ ਦੇ ਮੁਖੀ ਹਨ।)*

*e-mail :dprfinance@gmail.com*

# ਡਿਜੀਟਲ ਭੁਗਤਾਨ ਪਲੇਟਫਾਰਮ ਦੀ ਸ਼ੁਰੂਆਤ

ਪ੍ਰਧਾਨ ਮੰਤਰੀ ਵਲੋਂ 14 ਅਪ੍ਰੈਲ 2017 ਨੂੰ ਨਾਗਪੁਰ ਵਿਖੇ ਡਾ. ਭੀਮ ਰਾਓ ਅੰਬੇਦਕਰ ਦੇ 126ਵੇਂ ਜਨਮ ਦਿਨ ਦੇ ਮੌਕੇ ਉਤੇ ਡਿਜੀਟਲ ਭੁਗਤਾਨ ਸੰਬੰਧੀ ਸਮੂਹਿਕ ਪੱਧਰ ਉਤੇ ਕਈ ਲੜੀਵਾਰ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਵਪਾਰੀਆਂ ਲਈ ਭੀਮ ਆਧਾਰ ਪਲੇਟਫਾਰਮ, ਕੈਸ਼ਬੈਕ ਅਤੇ ਉੱਚ ਸਿੱਖਿਆ ਬੋਨਸ ਸਕੀਮਾਂ ਆਦਿ ਸ਼ਾਮਲ ਹਨ।

ਭੀਮ ਆਧਾਰ, ਭੀਮ ਐਪ ਦਾ ਵਪਾਰਕ ਮੁਹਾਂਦਰਾ ਆਧਾਰ ਪਲੇਟਫਾਰਮ ਦੀ ਵਰਤੋਂ ਕਰਕੇ ਡਿਜੀਟਲ ਭੁਗਤਾਨਾਂ ਦਾ ਰਾਹ ਪੱਧਰਾ ਕਰੇਗਾ। ਕੋਈ ਵੀ ਭਾਰਤੀ ਸ਼ਹਿਰੀ ਆਪਣੇ ਬਾਇਓ-ਮੀਟ੍ਰਿਕ ਡਾਟਾ ਦੀ ਵਰਤੋਂ ਕਰਕੇ ਜਿਵੇਂ ਕਿ ਵਪਾਰੀ ਦੇ ਬਾਇਓ ਮੀਟ੍ਰਿਕ ਉੱਤੇ ਅੰਗੂਠੇ ਦਾ ਨਿਸ਼ਾਨ ਲਗਾ ਕੇ ਡਿਜੀਟਲ ਢੰਗ ਨਾਲ ਭੁਗਤਾਨ ਕਰ ਸਕੇਗਾ। ਕੋਈ ਵੀ ਸ਼ਹਿਰੀ, ਜਿਸ ਦੀ ਸਮਾਰਟ ਫ਼ੋਨ, ਇੰਟਰਨੈੱਟ, ਡੈਬਿਟ ਜਾਂ ਕ੍ਰੈਡਿਟ ਕਾਰਡ ਤੱਕ ਪਹੁੰਚ ਨਹੀਂ ਵੀ ਹੈ, ਉਹ ਵੀ ਭੀਮ ਅਧਾਰ ਪਲੇਟਫਾਰਮ ਰਾਹੀਂ ਡਿਜੀਟਲ ਢੰਗ ਨਾਲ ਲੈਣ-ਦੇਣ ਕਰ ਸਕੇਗਾ। ਇਸ ਵੇਲੇ ਹੀ 27 ਪ੍ਰਮੁੱਖ ਬੈਂਕ, ਜਿਨ੍ਹਾਂ ਦੇ 7.15 ਲੱਖ ਵਪਾਰੀ ਹਨ ਉਹ ਭੀਮ ਅਧਾਰ ਰਾਹੀਂ ਭੁਗਤਾਨ ਲੈਣਾ ਸ਼ੁਰੂ ਕਰ ਸਕਦੇ ਹਨ।

ਭੀਮ ਅਧੀਨ 2 ਹੋਰ ਨਵੀਆਂ ਪਹਿਲ-ਕਦਮੀਆਂ ਵਾਲੀਆਂ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਉਹ ਹਨ ਕੈਸ਼ ਬੈਕ ਅਤੇ ਉੱਚ ਵਿੱਦਿਆ ਲਈ ਬੋਨਸ – ਇਨ੍ਹਾਂ ਲਈ 6 ਮਹੀਨੇ ਦੇ ਸਮੇਂ ਵਿੱਚ 495 ਕਰੋੜ ਰੁਪਏ ਰੱਖੇ ਗਏ ਹਨ। ਇਹ ਇਸ ਨੂੰ ਯਕੀਨੀ ਬਣਾਵੇਗਾ ਕਿ ਡਿਜੀਟਲ ਭੁਗਤਾਨ ਦਾ ਸੱਭਿਆਚਾਰ ਹੇਠਲੀਆਂ ਜੜ੍ਹਾਂ ਤੱਕ ਪਹੁੰਚੇ। ਰੈਫਰਲ ਬੋਨਸ ਸਕੀਮ ਅਧੀਨ ਮੌਜੂਦਾ ਵਰਤੋਂ ਕਰਨ ਵਾਲੇ, ਜੋ ਕਿ ਭੀਮ ਦਾ ਹਵਾਲਾ ਦਿੰਦੇ ਹਨ ਅਤੇ ਨਵੇਂ ਵਰਤੋਂ ਕਰਨ ਵਾਲੇ ਜੋ ਕਿ ਭੀਮ ਨੂੰ ਅਪਨਾਉਣ ਲੱਗੇ ਹਨ ਆਪਣੇ ਖਾਤੇ ਵਿੱਚ ਸਿੱਧੇ ਤੌਰ ਤੇ ਨਕਦ ਬੋਨਸ ਹਾਸਲ ਕਰਨਗੇ। ਕੈਸ਼ ਬੈਕ ਸਕੀਮ ਵਿੱਚ ਵਪਾਰੀਆਂ ਨੂੰ ਭੀਮ ਦੀ ਵਰਤੋਂ ਕਰਨ ਉਤੇ ਨਕਦੀ ਵਾਪਸ ਮਿਲੇਗੀ। ਇਹ ਦੋਵੇਂ ਸਕੀਮਾਂ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ (ਐੱਮ ਈ ਆਈ ਟੀ ਵਾਈ) ਦੇ ਪ੍ਰਬੰਧ ਹੇਠ ਰਹਿਣਗੀਆਂ ਅਤੇ ਇਨ੍ਹਾਂ ਨੂੰ ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ (ਐੱਨ ਪੀ ਸੀ ਆਈ) ਵਲੋਂ ਲਾਗੂ ਕੀਤਾ ਜਾਵੇਗਾ।

ਸ਼ੁਰੂ ਵਿੱਚ ਲਾਭ ਦੇਣ ਵਾਲੀਆਂ 2 ਸਕੀਮਾਂ ਜਿਵੇਂ ਕਿ ਲੱਕੀ ਗ੍ਰਾਹਕ ਯੋਜਨਾ ਅਤੇ ਡਿਜੀਧਨ ਵਪਾਰ ਯੋਜਨਾ 100 ਦਿਨਾ ਦੀ ਜ਼ੋਰਦਾਰ ਸੂਚਨ, ਸਿੱਖਿਆ ਅਤੇ ਸੰਚਾਰ ਮੁਹਿੰਮ ਜੋ ਕਿ ਨੀਤੀ ਆਯੋਗ ਵਲੋਂ ਡਿਜੀਟਲ ਭੁਗਤਾਨਾਂ ਬਾਰੇ ਜਾਣਕਾਰੀ ਦੇਣ ਲਈ ਸਾਮੂਹਿਕ ਤੌਰ ਤੇ ਦੇਸ਼ ਭਰ ਵਿੱਚ ਚਲਾਈ ਗਈ ਸੀ, ਬੰਦ ਕਰ ਦਿੱਤੀਆਂ ਗਈਆਂ। ਇਸ ਸਕੀਮ ਅਧੀਨ 16 ਲੱਖ ਜੇਤੂਆਂ ਨੂੰ 258 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ ਜਿਨ੍ਹਾਂ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਜੀਵਨ ਦੇ ਵੱਖ-ਵੱਖ ਵਰਗਾਂ ਦੇ ਗਾਹਕ ਅਤੇ ਵਪਾਰੀ ਸ਼ਾਮਲ ਹੋਏ। ਪ੍ਰਧਾਨ ਮੰਤਰੀ ਨੇ ਡਿਜੀਟਲ ਭੁਗਤਾਨ ਲਈ 2 ਪ੍ਰਮੁੱਖ ਪਹਿਲਕਦਮੀਆਂ ਵਾਲੀਆਂ ਸਕੀਮਾਂ – ਲੱਕੀ ਗਾਹਕ ਯੋਜਨਾ ਅਤੇ ਡਿਜੀਧਨ ਵਪਾਰ ਯੋਜਨਾ ਦੇ ਜੇਤੂਆਂ ਦਾ ਸਨਮਾਨ ਕੀਤਾ।

ਭਾਰਤ ਦੇ 100 ਸ਼ਹਿਰਾਂ ਵਿੱਚ ਨੀਤੀ ਆਯੋਗ ਦੀ ਅਗਵਾਈ ਹੇਠ 100 ਦਿਨ ਤੱਕ ਡਿਜੀਧਨ ਮੇਲੇ ਲਗਾਏ ਗਏ ਜਿਨ੍ਹਾਂ ਦਾ ਲੋਕਾਂ ਉੱਤੇ ਕਾਫੀ ਪ੍ਰਭਾਵ ਰਿਹਾ ਅਤੇ ਡਿਜੀਟਲ ਢੰਗ ਨਾਲ ਭੁਗਤਾਨ ਦੇ ਢੰਗ ਵਿੱਚ ਤੇਜ਼ੀ ਆਈ। 27 ਸੂਬਿਆਂ ਤੇ 7 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਘੱਟੋ-ਘੱਟ 100 ਪਿੰਡਾਂ ਤੇ ਸ਼ਹਿਰਾਂ ਵਿੱਚ 15,000 ਸੰਸਥਾਵਾਂ ਨੇ ਨਕਦੀ ਰਹਿਤ ਢੰਗ ਅਪਣਾਇਆ। ਸ਼ਹਿਰਾਂ, ਕਸਬਿਆਂ, ਪਿੰਡਾਂ ਵਿੱਚ ਇਨ੍ਹਾਂ ਮੇਲਿਆਂ ਵਿੱਚ 15 ਲੱਖ ਲੋਕਾਂ ਨੇ ਆਪਣੇ ਨਵੇਂ ਬੈਂਕ ਖਾਤੇ ਖੋਲ੍ਹੇ ਅਤੇ ਨਵੇਂ ਅਧਾਰ ਕਾਰਡ ਬਣਵਾਏ।

ਭੀਮ ਐਪ ਨੇ ਆਪਣੀ ਸ਼ੁਰੂਆਤ ਦਸੰਬਰ 2016 ਤੋਂ ਲੈ ਕੇ 4 ਮਹੀਨਿਆਂ ਵਿੱਚ ਹੀ 1.9 ਕਰੋੜ ਡਾਊਨਲੋਡ ਰਾਹੀਂ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਸਭ ਤੋਂ ਵੱਧ ਅਹਿਮ ਇਹ ਹੈ ਕਿ ਭਾਰਤ ਵਿੱਚ ਕਈ ਵਰਤੋਂ ਕਰਨ ਵਾਲੇ ਮਿੱਤਰ ਡਿਜੀਟਲ ਭੁਗਤਾਨ ਢੰਗਾਂ ਰਾਹੀਂ ਡਿਜੀਟਲ ਲੈਣ-ਦੇਣ ਵਿੱਚ ਬੇਹਿਸਾਬ ਵਾਧਾ ਹੋਇਆ ਹੈ। ਨਵੰਬਰ 2016 ਤੱਕ ਸਾਰੇ ਡਿਜੀਟਲ ਭੁਗਤਾਨਾਂ ਦੀ ਗਿਣਤੀ 2,80,000 ਸੀ ਜਿਨ੍ਹਾਂ ਰਾਹੀਂ 101 ਕਰੋੜ ਰੁਪਏ ਦੀ ਰਕਮ ਦਾ ਭੁਗਤਾਨ ਹੋਇਆ। ਸਿਰਫ 4 ਮਹੀਨੇ ਦੇ ਸਮੇਂ ਵਿੱਚ, ਇਸ ਸਾਲ ਮਾਰਚ ਦੇ ਅੰਤ ਤੱਕ ਡਿਜੀਟਲ ਭੁਗਤਾਨ ਢੰਗਾਂ ਰਾਹੀਂ ਇਸ ਵਿੱਚ 23 ਗੁਣਾ ਵਾਧਾ ਦਰਜ ਕੀਤਾ ਗਿਆ ਅਤੇ 2425 ਕਰੋੜ ਰੁਪਏ ਦੇ ਕੀਮਤ ਦਾ ਲੈਣ-ਦੇਣ ਹੋਇਆ। ਆਧਾਰ ਆਧਾਰਿਤ ਭੁਗਤਾਨਾਂ ਵਿੱਚ ਨਵੰਬਰ 2016 ਵਿੱਚ ਜੋ ਰਕਮ 2.5 ਕਰੋੜ ਰੁਪਏ ਸੀ ਉਹ ਮਾਰਚ 2017 ਵਿੱਚ 5 ਕਰੋੜ ਉਤੇ ਜਾ ਪਹੁੰਚੀ। ਤੁਰੰਤ ਭੁਗਤਾਨ ਸੇਵਾ (ਆਈ ਐੱਮ ਪੀ ਐੱਸ) ਰਾਹੀਂ ਲੈਣ-ਦੇਣ ਇਸੇ ਹੀ ਸਮੇਂ ਵਿੱਚ 3.6 ਕਰੋੜ ਰੁਪਏ ਤੋਂ ਵਧ ਕੇ 6.7 ਕਰੋੜ ਰੁਪਏ ਉਤੇ ਜਾ ਪਹੁੰਚਿਆ।

ਚਾਲੂ ਮਾਲੀ ਸਾਲ ਵਿੱਚ 2500 ਕਰੋੜ ਰੁਪਏ ਦੇ ਡਿਜੀਟਲ ਲੈਣ-ਦੇਣ ਦੇ ਭੁਗਤਾਨ ਦਾ ਟੀਚਾ ਹਾਸਲ ਕਰਨ ਲਈ ਪ੍ਰਧਾਨ ਮੰਤਰੀ ਦੇਸ਼ ਭਰ ਵਿੱਚ 75 ਅਜਿਹੇ ਕਸਬਿਆਂ ਦਾ ਐਲਾਨ ਕਰਨਗੇ ਜਿਨ੍ਹਾਂ ਨੂੰ 'ਘੱਟ ਨਕਦੀ ਵਾਲਾ ਕਸਬਾ' ਕਿਹਾ ਜਾਵੇਗਾ। ਘੱਟ ਨਕਦੀ ਵਾਲਾ ਕਸਬਾ ਉਹ ਹੁੰਦਾ ਹੈ ਜਿਥੇ ਕਿ ਭੁਗਤਾਨ ਦੀ ਪ੍ਰਵਾਨਗੀ ਦਾ ਢਾਂਚਾ ਪੂਰਾ ਹੁੰਦਾ ਹੈ ਅਤੇ ਪਰਿਵਾਰ ਦੇ ਸਾਰੇ ਲੋਕ ਸਿਖਲਾਈ ਪ੍ਰੋਗਰਾਮ ਪੂਰਾ ਕਰ ਚੁੱਕੇ ਹੁੰਦੇ ਹਨ। ਇਸ ਪ੍ਰੋਗਰਾਮ ਅਧੀਨ ਜਿਨ੍ਹਾਂ ਕਸਬਿਆਂ ਦੀ ਚੋਣ ਕੀਤੀ ਗਈ ਹੈ ਉਹ ਸੁਤੰਤਰ ਤੀਜੀ ਪਾਰਟੀ ਜਾਇਜ਼ੇ ਦੇ ਆਧਾਰ ਉਤੇ ਪ੍ਰਾਈਸ ਵਾਟਰਹਾਊਸ ਕੂਪਰਜ਼ ਵਲੋਂ ਕੀਤੀ ਗਈ ਹੈ ਅਤੇ ਸਿਰਫ ਉਹ ਕਸਬੇ ਹੀ ਚੁਣੇ ਗਏ ਹਨ ਜਿਨ੍ਹਾਂ ਦੇ ਕੁੱਲ ਲੈਣ-ਦੇਣ ਵਿੱਚੋਂ 80 ਪ੍ਰਤਿਸ਼ਤ ਤੋਂ ਵੱਧ ਡਿਜੀਟਲ ਢੰਗਾਂ ਨਾਲ ਕੀਤਾ ਗਿਆ ਹੈ। ਇਹ ਕਸਬੇ ਰੋਜ਼ਾਨਾ 1.5 ਲੱਖ ਡਿਜੀਟਲ ਭੁਗਤਾਨਾਂ ਦਾ ਪ੍ਰਬੰਧ ਕਰਨਗੇ ਜਿਸ ਨਾਲ ਸਾਲਾਨਾ 5.5 ਕਰੋੜ ਡਿਜੀਟਲ ਭੁਗਤਾਨ ਹੋਣਗੇ। ❑❑